
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



11ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -11 ISSUE - 33
November 23, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਤਿਆਰ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ।

ਭਾਰਤੀ ਸੰਵਿਧਾਨ ਦਿਵਸ ਸਬੰਧੀ ਵਿਸ਼ੇਸ਼ ਲੇਖ ਅੰਦਰ ਦੇਖੋ।

**ਅਦਾਰਾ "ਦੇਸ਼ ਦੁਆਬਾ" ਵੱਲੋਂ ਸੰਵਿਧਾਨ ਦਿਵਸ ਦੀਆਂ ਲੱਖ-ਲੱਖ ਵਧਾਈਆਂ**

**"ਅੰਬੇਦਕਰ ਟਾਈਮਜ਼" ਦਾ ਅਗਲਾ ਅੰਕ ਸੰਵਿਧਾਨ ਸਬੰਧਿਤ ਹੋਵੇਗਾ ਜੀ।**

## ਵਰਜੀਨੀਆ ਵਿਚ ਵਾਲਮਾਰਟ ਵਿਚ ਹੋਈ ਗੋਲੀਬਾਰੀ ਵਿਚ ਕਰੀਬ 10 ਲੋਕ ਮਾਰੇ ਗਏ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)–** ਅੱਜ ਰਾਤ ਕਰੀਬ ਸਵਾ ਦਸ ਵਜੇ ਵਰ-ਜੀਨੀਆ ਵਿਚ ਵਾਲਮਾਰਟ ਵਿਚ ਹੋਈ ਗੋਲੀਬਾਰੀ ਵਿਚ ਕਈ ਲੋਕ ਮਾਰੇ ਗਏ ਅਤੇ ਜ਼ਖਮੀ ਹੋ ਗਏ, ਹਾਲਾਂਕਿ ਸਹੀ ਗਿਣਤੀ ਦਾ ਅਜੇ ਪਤਾ ਨਹੀਂ ਲੱਗ ਸਕਿਆ, ਪੁਲਿਸ ਅਧਿਕਾਰੀਆਂ ਮੁਤਾਬਕ 10:15 ਵਜੇ ਸੈਮ ਦੇ ਸਰਕਲ 'ਤੇ ਵਾਲਮਾਰਟ 'ਤੇ ਗੋਲੀਬਾਰੀ ਦੀ ਰਿਪੋਰਟ ਦਾ ਪੁਲਿਸ ਨੇ ਜਵਾਬ ਦਿੱਤਾ ਚੈਸਪੀਕ ਅਫਸਰ ਲਿਓ ਕੋਸਿਨਸਕੀ ਨੇ ਇਕ ਬ੍ਰੀਫਿੰਗ ਵਿਚ ਕਿਹਾ ਕਿ 35 ਤੋਂ 40 ਮਿੰਟਾਂ ਵਿੱਚ, ਅਧਿਕਾਰੀਆਂ ਨੇ ਸਟੋਰ ਵਿਚ ਕਈ ਮਰੇ ਹੋਏ ਲੋਕ ਅਤੇ ਜ਼ਖਮੀ ਲੋਕ ਦੇਖੇ ਅਤੇ ਪੀੜਤਾਂ ਦੀ ਮੱਦਦ ਲਈ ਰਣਨੀਤਕ ਟੀਮ ਬਣਾ ਕੇ ਅੰਦਰ ਗਏ । ਪੁਲਿਸ ਮੁਤਾਬਕ ਇੱਕ ਹੀ ਸ਼ੂਟਰ ਸੀ, ਜੋ ਮਰ ਗਿਆ ਹੈ, ਉਸਨੇ ਕਿਹਾ। ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਪੁਲਿਸ ਪਹੁੰਚੀ ਤਾਂ ਗੋਲੀਬਾਰੀ ਬੰਦ ਹੋ ਗਈ ਸੀ, ਕੋਸਿੰਸਕੀ ਨੇ ਕਿਹਾ ਕਿ ਉਨਾਂ ਕੋਲ ਇਸ ਵੇਲੇ ਮ੍ਰਿਤਕਾਂ ਦੀ ਗਿਣਤੀ 10 ਦੇ ਕਰੀਬ ਹੈ। ਵਾਲਮਾਰਟ ਨੇ ਵੀ ਟਵੀਟ ਕੀਤਾ ਕਿ "ਸਾਡੇ ਚੈਸਪੀਕ, ਵਰਜੀਨੀਆ ਸਟੋਰ ਵਿੱਚ ਇਸ ਦੁਖਦਾਈ ਘਟਨਾ ਤੋਂ ਅਸੀਂ ਹੈਰਾਨ ਹਾਂ। "ਅਸੀਂ ਪ੍ਰਭਾਵਿਤ ਲੋਕਾਂ, ਭਾਈਚਾਰੇ ਅਤੇ ਸਾਡੇ ਸਹਿਯੋਗੀਆਂ ਲਈ ਪ੍ਰਾਰਥਨਾ ਕਰ ਰਹੇ ਹਾਂ। ਸੇਨਟਾਰਾ ਹੈਲਥਕੇਅਰ ਦੇ ਬੁਲਾਰੇ ਮਾਈਕ ਕਾਫਕਾ ਨੇ ਇੱਕ ਟੈਕਸਟ ਸੰਦੇਸ਼ ਵਿੱਚ ਕਿਹਾ ਕਿ ਵਾਲਮਾਰਟ ਦੇ ਪੰਜ ਮਰੀਜ਼ਾਂ ਦਾ ਨਾਰਫੋਕ ਜਨਰਲ ਹਸਪਤਾਲ ਵਿੱਚ ਇਲਾਜ ਕੀਤਾ ਜਾ ਰਿਹਾ ਹੈ। ਵਰਜੀਨੀਆ ਗੋਲੀਬਾਰੀ ਕੋਲੋਰਾਡੋ ਵਿੱਚ ਇੱਕ ਸਮਲਿੰਗੀ ਨਾਈਟ ਕਲੱਬ ਵਿੱਚ ਇੱਕ ਵਿਅਕਤੀ ਦੁਆਰਾ ਗੋਲੀਬਾਰੀ ਕਰਨ ਦੇ ਤਿੰਨ ਦਿਨ ਬਾਅਦ ਹੋਈ ਹੈ, ਜਿਸ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਸੀ ਅਤੇ 17 ਜ਼ਖਮੀ ਹੋ ਗਏ ਸਨ। ਉਸ ਦੋਸ਼ੀ ਨੂੰ ਕਲੱਬ ਦੇ ਪ੍ਰਬੰਧਕਾਂ ਦੁਆਰਾ ਗ੍ਰਿਫਤਾਰ ਕੀਤਾ ਗਿਆ ਸੀ। ਮੰਗਲਵਾਰ ਦੀ ਗੋਲੀਬਾਰੀ ਨੇ 2019 ਵਿੱਚ ਵਾਲਮਾਰਟ ਵਿੱਚ ਹੋਈ ਗੋਲੀਬਾਰੀ ਦੀਆਂ ਯਾਦਾਂ ਨੂੰ ਤਾਜਾ ਕਰਵਾ ਦਿੱਤਾ। ਵਾਲਮਾਰਟ ਵਿੱਚ ਡਿਊਟੀ 'ਤੇ ਕੋਈ ਸੁਰੱਖਿਆ ਗਾਰਡ ਨਹੀਂ ਸੀ। ਜਿਕਰਯੋਗ ਹੈ ਕਿ ਚੈਸਪੀਕ ਨੌਰਫੋਕ ਤੋਂ ਲਗਭਗ 7 ਮੀਲ ਦੱਖਣ ਵਿੱਚ ਹੈ।





## ਸ਼੍ਰੋਮਣੀ ਕਮੇਟੀ ਵਲੋਂ ਯੂਟਿਊਬ ਚੈਨਲ ਸ਼ੁਰੂ ਕਰਨ ਦਾ ਫੈਸਲਾ

**ਅੰਮ੍ਰਿਤਸਰ–** ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਅੱਜ ਸਿੱਖ ਸੰਸਥਾ ਦਾ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨ, ਬੰਦੀ ਸਿੱਖਾਂ ਦੀ ਰਿਹਾਈ ਲਈ ਪਹਿਲੀ ਦਸੰਬਰ ਤੋਂ ਦੇਸ਼ ਪੱਧਰੀ ਦਸਤਖਤੀ ਮੁਹਿੰਮ ਸ਼ੁਰੂ ਕਰਨ, ਸ਼੍ਰੋਮਣੀ ਕਮੇਟੀ ਦੇ ਗੁਰਦੁਆਰਿਆਂ ਅਤੇ ਵਿਦਿਅਕ ਅਦਾਰਿਆਂ ਵਿੱਚ ਸਿਰੋਪੇ ਦੀ ਬੇਲੋੜੀ ਵਰਤੋਂ ਨੂੰ ਰੋਕਣ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਵੀਰ ਬਾਲ ਦਿਵਸ ਦੀ ਥਾਂ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਅੰਤਰਿੰਗ ਕਮੇਟੀ ਨੇ ਸ਼੍ਰੋਮਣੀ ਕਮੇਟੀ ਵਿਚ ਅਗਲੇ 6 ਮਹੀਨਿਆਂ ਲਈ ਭਰਤੀ 'ਤੇ ਮੁਕੰਮਲ ਰੋਕ ਲਗਾਉਣ ਦਾ ਫੈਸਲਾ ਲਿਆ ਹੈ।

ਪ੍ਰਧਾਨ ਨੇ ਕਿਹਾ ਕਿ ਕੇਵਲ ਵੱਡੇ ਜੋੜ ਮੇਲਿਆਂ ਮੌਕੇ ਲੋੜ ਅਨੁਸਾਰ ਆਰਜ਼ੀ ਲੇਬਰ ਹੀ ਲਗਾਈ ਜਾ ਸਕੇਗੀ। ਅੰਤਰਿੰਗ ਕਮੇਟੀ ਦੀ ਮੀਟਿੰਗ ਅੱਜ ਇੱਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿੱਚ ਹੋਈ, ਜਿਸ ਦੀ ਪ੍ਰਧਾਨਗੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ। ਮੀਟਿੰਗ ਵਿੱਚ ਕੀਤੇ ਗਏ ਫੈਸਲਿਆਂ ਦੇ ਵੇਰਵੇ ਨਸ਼ਰ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਕਾਰਜਾਂ ਨੂੰ ਨਿਯਮਤ ਰੂਪ ਵਿਚ ਸੰਗਤ ਤੱਕ ਲਿਜਾਣ ਲਈ 24 ਘੰਟੇ ਦੀਆਂ ਸੇਵਾਵਾਂ ਵਾਲਾ ਯੂ-ਟਿਊਬ ਚੈਨਲ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਗੁਰਬਾਣੀ ਦੇ ਸਿੱਧੇ ਪ੍ਰਸਾਰਨ ਵਾਲਾ ਚੈਨਲ ਸ਼ੁਰੂ ਕਰਨ ਬਾਰੇ ਵੀ ਕਾਰਵਾਈ ਜਾਰੀ ਹੈ। ਉਨ੍ਹਾਂ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਦੇਸ਼ਵਿਆਪੀ ਦਸਤਖ਼ਤੀ ਮੁਹਿੰਮ ਦੀ ਰੂਪ-ਰੇਖਾ ਉਲੀਕੀ ਗਈ ਹੈ, ਜਿਸ ਤਹਿਤ 1 ਦਸੰਬਰ ਤੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸਰਗਰਮ ਮੁਹਿੰਮ ਅੱਗੇ ਵਧਾਈ ਜਾਵੇਗੀ। ਬੰਦੀ ਸਿੰਘਾਂ ਦੇ ਕੇਸਾਂ ਅਤੇ ਭੁਗਤੀਆਂ ਸਜ਼ਾਵਾਂ ਬਾਰੇ ਸੰਗਤ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਪ੍ਰੋਫਾਰਮੇ ਭਰਵਾਏ ਜਾਣਗੇ। ਪੰਜਾਬ ਦੇ ਨਾਲ-ਨਾਲ ਹੋਰਨਾਂ ਸੂਬਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਸਿੱਖ ਮਿਸ਼ਨਾਂ ਅਤੇ ਗੁਰਦੁਆਰਾ ਕਮੇਟੀਆਂ ਰਾਹੀਂ ਵੱਖ-ਵੱਖ ਸੂਬਿਆਂ ਤੱਕ ਪਹੁੰਚ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਕੇਂਦਰ ਸ਼੍ਰੋਮਣੀ ਕਮੇਟੀ ਦਫ਼ਤਰ ਹੋਵੇਗਾ, ਜਦਕਿ ਪੰਜਾਬ ਦੇ ਹਰ ਜ਼ਿਲ੍ਹੇ ਅਤੇ ਪੰਜਾਬ ਤੋਂ ਬਾਹਰ ਸਿੱਖ ਮਿਸ਼ਨਾਂ ਵਿਖੇ ਸਬ-ਕੇਂਦਰ ਸਥਾਪਤ ਕੀਤੇ ਜਾਣਗੇ।





SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC


8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS

916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES

RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੰਤ ਬਾਬਾ ਭਗਵਾਨ ਦਾਸ ਜੀ ਦੀ ਸਲਾਨਾ ਬਰਸੀ ਮਨਾਈ























**ਯੂਬਾ ਸਿਟੀ–** ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ 18, 19, 20 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ 108 ਬ੍ਰਹਮਲੀਨ ਸੰਤ ਬਾਬਾ ਭਗਵਾਨ ਦਾਸ ਜੀ ਦੀ ਸਾਲਾਨਾ ਬਰਸੀ ਸਮਾਗਮ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਈ ਗਈ, ਜਿਸ ਵਿਚ ਨਵੰਬਰ 18 ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 20 ਨਵੰਬਰ ਦਿਨ ਐਤਵਾਰ ਨੂੰ ਪਾਏ ਗਏ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਗੁਰਦਿਆਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਭਾਈ ਕ੍ਰਿਸ਼ਨ ਸਿੰਘ ਜੀ (ਵਾਈਸ ਸਟੇਜ ਸਕੱਤਰ ਗੁਰੂ ਘਰ) ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਗੁਰਨਾਮ ਸਿੰਘ ਭੰਡਾਲ (ਚੇਅਰਮੈਨ ਗੁਰੂ ਘਰ), ਸ੍ਰੀ ਸਤੀਸ਼ ਕੁਮਾਰ ਰੱਲ੍ਹ ਸੈਕਰਾਮੈਂਟੋ ਨੇ ਵੀ ਆਪਣੇ ਵਿਚਾਰ ਸੰਗਤਾਂ ਦੇ ਸਨਮੁਖ ਰੱਖੇ। ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਵਿਪਨ ਕੁਮਾਰ ਕੈਨੇਡਾ ਤੋਂ ਗੁਰੂ ਘਰ ਪਹਿਲੀ ਵਾਰ ਆਉਣ ਦੀ ਖੁਸ਼ੀ ਵਿਚ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਇਸ ਤੋਂ ਇਲਾਵਾ ਕਮੇਟੀ ਵੱਲੋਂ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ, ਬੀਬੀ ਪੁਸ਼ਪਾ ਰੱਲ੍ਹ ਪਰਿਵਾਰ ਵੱਲੋਂ ਕੀਤੀ ਗਈ। ਸਟੇਜ ਸੈਕਟਰੀ ਦੀ ਸੇਵਾ ਗੁਰਦੀਪ ਸਿੰਘ ਹੀਰਾ ਵੱਲੋਂ ਕੀਤੀ ਗਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ 4 ਦਸੰਬਰ ਨੂੰ

## ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਦਿੱਤੀ ਜਾਵੇਗੀ ਅਹਿਮੀਅਤ

**ਫਰਿਜ਼ਨੋਂ (ਕੁਲਵੀਰ ਹੇਅਰ)** – ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਅਹਿਮ ਯੋਗਦਾਨ ਪਾ ਕੇ ਆਪਣੀ ਜਾਨ ਕੁਰਬਾਨ ਕਰ ਦੇਣ ਵਾਲੇ ਛੋਟੀ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦਾ ਸ਼ਹੀਦੀ ਦਿੰਨ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇੰਡੋ ਅਮੈਰਿਕਨ ਹੈਰੀਟੇਜ ਫੋਰਜ ਫਰਿਜ਼ਨੋਂ ਵਲੋਂ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸੰਸਥਾ ਦੇ ਅਹੁਦੇਦਾਰਾਂ ਨੇ ਜਾਣਕਾਰੀ ਦਿ-ਦਿਆਂ ਦੱਸਿਆ ਕਿ ਸ਼ਹੀਦੀ ਸਮਾਗਮ 4 ਦਸੰਬਰ ਨੂੰ ਫਰਿਜ਼ਨੋਂ ਦੇ ਇੰਡੀਆ ਓਵਨ ਰੈਸਟੋਰੇਂਟ ਵਿਖੇ ਮਨਾਇਆ ਜਾਵੇਗਾ ।ਇਸ ਵਾਰ ਦਾ ਸ਼ਹੀਦੀ ਸਮਾਗਮ ਪ੍ਰਸਿਧ ਲੇਖਕ ਅਤੇ ਵਿਗਿਆਨੀ ਸਵ. ਡਾ. ਗੁਰੂਮੇਲ ਸਿਧੂ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਉਚ ਕੋਟੀ ਦੇ ਬੁਲਾਰੇ ਪਹੁੰਚ ਕੇ ਸ਼ਹੀਦਾਂ ਪ੍ਰਤੀ ਆਪਣੇ ਵਿਚਾਰ ਪੇਸ਼ ਕਰਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ। ਹਰਜਿੰਦਰ ਢੇਸੀ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਬੱਚਿਆਂ ਨੂੰ ਇਹਨਾਂ ਸਮਗਾਮਾਂ ਨਾਲ ਜੋੜ ਕੇ ਇਤਿਹਾਸ ਪ੍ਰਤੀ ਸੁਚੇਤ ਕਰਨ ਲਈ ਸੰਸਥਾ ਵਲੋਂ ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਵੀ ਅਹਿਮੀਅਤ ਦਿੱਤੀ ਜਾਵੇਗੀ। ਉਹਨਾਂ ਦੱਸਿਆ ਕਿ ਬੱਚਿਆਂ ਵਲੋਂ ਕੋਈ ਵੀ ਤਿਆਰ ਕੀਤੀ ਗਈ ਦੇਸ਼ ਭਗਤੀ ਦੀ ਆਈਟਮ ਨੂੰ ਪੇਸ਼ ਕਰਨ ਲਈ ਪਹਿਲ ਦਿੱਤੀ ਜਾਵੇਗੀ।ਵਰਨਣਯੋਗ ਹੈ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਜਿਨ੍ਹਾਂ ਵਲੋਂ ਹਰ ਸਾਲ ਫਰਿਜ਼ਨੋਂ ਵਿਚ ਗਦਰੀ ਬਾਬਿਆਂ ਦਾ ਮੇਲਾ ਕਰਵਾਇਆ ਜਾਂਦਾ ਹੈ। ਚਲਦੇ ਸਾਲ ਦੌਰਾਨ ਵੀ ਦੇਸ਼ ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕਰਵਾਏ ਜਾਂਦੇ ਰਹਿੰਦੇ ਹਨ ਜਿਸ ਦੌਰਾਨ ਬੱਚਿਆਂ ਦੇ ਭਾਸ਼ਣ ਮੁਕਾਬਲੇ ਵੀ ਕਰਵਾਏ ਜਾਂਦੇ ਹਨ।ਹੋਰ ਗਾਣਕਾਰੀ ਲੈਣ ਲਈ 559-618-0156 ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਕੈਰੋਲੀਨਾ ਵਿਚ ਹੈਲੀਕਾਪਟਰ ਤਬਾਹ, ਟੀ ਵੀ ਪੱਤਰਕਾਰ ਤੇ ਪਾਇਲਟ ਦੀ ਮੌਤ

**ਸੈਕਰਾਮੈਂਟੋ 23 ਨਵੰਬਰ (ਹੁਸਨ ਲੜੋਆ ਬੰਗਾ)**– ਉੱਤਰੀ ਕੈਰੋਲੀਨਾ ਵਿਚ ਚਰਲੋਟ ਵਿਖੇ ਇਕ ਹੈਲੀਕਾਪਟਰ ਤਬਾਹ ਹੋ ਗਿਆ ਜਿਸ ਵਿਚ ਸਵਾਰ ਡਬਲਯੂ ਬੀ ਟੀ ਵੀ ਦੇ ਮੌਸਮ ਵਿਗਿਆਨੀ (ਪੱਤਰਕਾਰ) ਤੇ ਪਾਈਲਟ ਦੀ ਮੌਤ ਹੋ ਗਈ। ਟੀ ਵੀ ਸਟੇਸ਼ਨ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਮਾਰੇ ਗਏ ਉਸ ਦੇ ਮੁਲਾਜ਼ਮਾਂ ਦੀ ਪਛਾਣ ਮੌਸਮ ਵਿਗਿਆਨੀ ਜੈਸਨ ਮਾਇਰਜ ਤੇ ਪਾਇਲਟ ਚਿਪ ਤਿਆਗ ਵਜੋਂ ਹੋਈ ਹੈ। ਟੀ ਵੀ ਸਟੇਸ਼ਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਡਬਲਯੂ ਬੀ ਟੀ ਵੀ ਪਰਿਵਾਰ ਨੂੰ ਉਸ ਵੇਲੇ ਅਸਹਿ ਨੁਕਸਾਨ ਪੱਜਾ ਜਦੋਂ ਉਸ ਦਾ ਨਿਊਜ਼ ਹੈਲੀਕਾਪਟਰ ਸਕਾਈ 3 ਮੰਗਲਵਾਰ ਦੁਪਹਿਰ ਵੇਲੇ ਤਬਾਹ ਹੋ ਗਿਆ। ਅਸੀਂ ਇਸ ਦੁੱਖ ਦੀ ਘੜੀ ਵਿਚ ਪੀੜਤ ਪਰਿਵਾਰਾਂ ਦੇ ਨਾਲ ਹਾਂ। ਚਰਲੋਟ ਮੈਕਲੈਨਬਰਗ ਪੁਲਿਸ ਮੁੱਖੀ ਜੌਹਨੀ ਜੈਨਿੰਗਜ ਅਨੁਸਾਰ ਪੁਲਿਸ ਨੂੰ ਦੁਪਹਿਰ 12 ਵਜੇ ਦੇ ਕਰੀਬ ਇੰਟਰਸਟੇਟ 77 ਉਪਰ ਸੜਕ ਦੇ ਇਕ ਪਾਸੇ ਹੈਲੀਕਾਪਟਰ ਦੇ ਤਬਾਹ ਹੋਣ ਦੀ ਸੂਚਨਾ ਮਿਲੀ ਸੀ। ਹੈਲੀਕਾਪਟਰ ਵਿਚ ਸਵਾਰ ਦੋਨਾਂ ਵਿਅਕਤੀਆਂ ਦੀ ਮੌਕੇ ਉਪਰ ਹੀ ਮੌਤ ਹੋ ਚੁੱਕੀ ਸੀ। ਉਨਾਂ ਕਿਹਾ ਕਿ ਇਸ ਘਟਨਾ ਵਿਚ ਹੋਰ ਕੋਈ ਵਾਹਣ ਸ਼ਾਮਿਲ ਨਹੀਂ ਹੈ। ਅਜਿਹਾ ਲੱਗਦਾ ਹੈ ਕਿ ਪਾਈਲਟ ਨੇ ਅੰਤ ਵੇਲੇ ਸੜਕ ਉਪਰ ਜਾ ਰਹੇ ਲੋਕਾਂ ਦੇ ਬਚਾਅ ਲਈ ਹੈਲੀਕਾਪਟਰ ਨੂੰ ਸੜਕ ਤੋਂ ਦੂਰ ਲਿਜਾਣ ਦਾ ਯਤਨ ਕੀਤਾ। ਘਟਨਾ ਦੀ ਜਾਂਚ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਤੇ ਸੰਘੀ ਹਵਾਬਾਜ਼ੀ ਪ੍ਰਸਾਸ਼ਨ ਦੇ ਅਧਿਕਾਰੀ ਕਰ ਰਹੇ ਹਨ।



# ਮੁਲਾਜ਼ਮਾਂ ਦੀ ਛਾਂਟੀ ਦਾ ਵੀਜ਼ਾ ਧਾਰਕਾਂ 'ਤੇ ਪਵੇਗਾ ਅਸਰ, ਐਮਾਜ਼ੋਨ ਦੇ ਸੰਸਥਾਪਕ ਨੇ ਵੀ ਦਿੱਤੀ ਚਿਤਾਵਨੀ

**ਨਵੀਂ ਦਿੱਲੀ**– ਆਈਟੀ ਕੰਪਨੀ ਦਾ ਨਾਮ ਸੁਣਨ ਤੋਂ ਬਾਅਦ ਸਭ ਨੂੰ ਲੱਗਦਾ ਹੈ ਕਿ ਇਸ ਸੈਕਟਰ ਵਿੱਚ ਤਨਖਾਹ ਵਿੱਚ ਵਾਧਾ ਬਹੁਤ ਤੇਜ਼ੀ ਨਾਲ ਹੋਇਆ ਹੈ। ਆਈਟੀ ਸੈਕਟਰ ਦੀਆਂ ਬਹੁਤ ਸਾਰੀਆਂ ਵੱਡੀਆਂ ਕੰਪਨੀਆਂ ਆਪਣੇ ਮੁਲਾਜ਼ਮਾਂ ਨੂੰ ਭਾਰੀ ਤਨਖਾਹ ਦੇ ਨਾਲ-ਨਾਲ ਲਗਜ਼ਰੀ ਲਾਈਫ ਵੀ ਪ੍ਰਦਾਨ ਕਰਦੀਆਂ ਹਨ।

ਆਈਟੀ ਕੰਪਨੀਆਂ ਆਪਣੇ ਮੁਲਾਜ਼ਮਾਂ ਰਾਹੀਂ ਮੁਨਾਫ਼ਾ ਕਮਾਉਂਦੀਆਂ ਹਨ ਪਰ ਜਦੋਂ ਇਹ ਕੰਪਨੀਆਂ ਘਾਟਾ ਕਮਾਉਣ ਲੱਗਦੀਆਂ ਹਨ ਤਾਂ ਇਹ ਕੰਪਨੀਆਂ ਬਿਨਾਂ ਸੋਚੇ ਸਮਝੇ ਵੱਡੀ ਗਿਣਤੀ ਵਿੱਚ ਆਪਣੇ ਮੁਲਾਜ਼ਮਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੰਦੀਆਂ ਹਨ। ਇਸ ਸਮੇਂ ਵੀ ਕੁਝ ਅਜਿਹਾ ਹੀ ਹੋ ਰਿਹਾ ਹੈ। ਇਸ ਸਮੇਂ ਟਵਿੱਟਰ ਕਾਫੀ ਸੁਰਖੀਆਂ 'ਚ ਹੈ ਕਿਉਂਕਿ ਕੰਪਨੀ ਨੇ ਆਪਣੇ 50 ਫੀਸਦੀ ਤੋਂ ਜ਼ਿਆਦਾ ਮੁਲਾਜ਼ਮਾਂ ਦੀ ਛਾਂਟੀ ਕਰ ਦਿੱਤੀ ਹੈ। ਹੁਣ ਸਵਾਲ ਇਹ ਹੈ ਕਿ ਅਚਾਨਕ ਕੰਪਨੀਆਂ ਆਪਣੇ ਮੁਲਾਜ਼ਮਾਂ ਨੂੰ ਕਿਉਂ ਕੱਢ ਰਹੀਆਂ ਹਨ? ਮੈਟਾ ਯਾਨੀ ਫੇਸਬੁੱਕ, ਸਿਸਕੋ, ਐਮਾਜ਼ੋਨ ਤੇ ਨੈਟ-ਫਲਿਕਸ ਵਰਗੀਆਂ ਕੰਪਨੀਆਂ ਨੇ ਵੀ ਆਪਣੇ ਮੁਲਾਜ਼ਮਾਂ ਦੀ ਛਾਂਟੀ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਜਦੋਂ ਕੰਪਨੀ ਘਾਟੇ 'ਚ ਚੱਲ ਰਹੀ ਹੁੰਦੀ ਹੈ, ਉਸ ਸਮੇਂ ਦੌਰਾਨ ਕੰਪਨੀ ਆਪਣੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢ ਦਿੰਦੀ ਹੈ, ਇਸ ਨੂੰ ਲੇ-ਆਫ ਵੀ ਕਿਹਾ ਜਾਂਦਾ ਹੈ।

ਇਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮੈਟਾਵਰਸ ਪ੍ਰੋਜੈਕਟ ਕਾਰਨ ਕੰਪਨੀ ਨੂੰ ਪਿਛਲੇ ਦੋ ਸਾਲਾਂ ਵਿੱਚ ਭਾਰੀ ਨੁਕਸਾਨ ਹੋਇਆ ਹੈ। ਮੈਟਾ ਦੇ ਸੀਐਫਓ ਡੇਵ ਵੇਨਰ ਨੇ ਵੀ ਕਿਹਾ ਕਿ ਕੰਪਨੀ ਨੂੰ ਪਿਛਲੇ ਦੋ ਸਾਲਾਂ ਵਿੱਚ ਭਾਰੀ ਨੁਕਸਾਨ ਹੋਇਆ ਹੈ। ਇਸ ਦੇ ਬਾਵਜੂਦ ਕੰਪਨੀ ਮੈਟਾਵਰਸ ਪ੍ਰੋਜੈਕਟ ਨੂੰ ਬੰਦ ਨਹੀਂ ਕਰ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਫੇਸਬੁੱਕ ਨੂੰ ਸਾਲ 2021 ਵਿੱਚ ਕਰੀਬ 10 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਸੀ ਅਤੇ 2022 ਵਿੱਚ ਹੁਣ ਤੱਕ 9 ਬਿਲੀਅਨ ਡਾਲਰ ਤੋਂ ਵੱਧ ਦਾ ਨੁਕਸਾਨ ਹੋ ਚੁੱਕਾ ਹੈ।

ਐਮਾਜ਼ੋਨ ਦੇ ਸੰਸਥਾਪਕ ਜੈਫ ਬੇਜ਼ੋਸ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ। ਜੈਫ ਬੇਜ਼ੋਸ ਨੇ ਖਪਤਕਾਰਾਂ ਤੇ ਕਾਰੋਬਾਰਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਆਉਣ ਵਾਲੇ ਮਹੀਨਿਆਂ ਵਿੱਚ ਵੱਡੀਆਂ ਖਰੀਦਾਂ ਨੂੰ ਮੁਲਤਵੀ ਕਰਨ ਬਾਰੇ ਵਿਚਾਰ ਕਰਨ, ਕਿਉਂਕਿ ਇੱਕ ਆਰਥਿਕ ਮੰਦੀ ਆ ਸਕਦੀ ਹੈ। ਆਪਣੇ ਆਪ ਨੂੰ ਵੱਡੀ ਖਰੀਦਦਾਰੀ ਨੂੰ ਬਚਾਓ।

ਇਕ ਇੰਟਰਵਿਊ ਦੌਰਾਨ ਜੈਫ ਨੇ ਕਿਹਾ ਕਿ ਉਨ੍ਹਾਂ ਨੇ ਖਪਤਕਾਰਾਂ ਨੂੰ ਆਪਣੇ ਪੈਸੇ ਬਚਾਉਣ ਦੀ ਸਲਾਹ ਦਿੱਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਲੋਕਾਂ ਨੂੰ ਜ਼ਿਆਦਾ ਜਾਂ ਬੇਲੋੜਾ ਖਰਚ ਕਰਨ ਤੋਂ ਬਚਣ ਦੀ ਸਲਾਹ ਵੀ ਦਿੱਤੀ ਹੈ। ਉਨ੍ਹਾਂ ਅਮਰੀਕੀਆਂ ਨੂੰ ਸਲਾਹ ਦਿੰਦੇ ਹੋਏ ਇਹ ਵੀ ਕਿਹਾ ਕਿ ਮਹਿੰਗੀਆਂ ਕਾਰਾਂ ਤੇ ਟੀਵੀ ਵਰਗੀਆਂ ਮਹਿੰਗੀਆਂ ਚੀਜ਼ਾਂ ਖਰੀਦਣ ਤੋਂ ਬਚੋ। ਬੇਜੋਸ ਨੇ ਅਮਰੀਕੀ ਪਰਿਵਾਰਾਂ ਨੂੰ ਕਿਹਾ ਕਿ ਉਹ ਨਵੀਆਂ ਕਾਰਾਂ ਤੇ ਟੀਵੀ ਨਾ ਖਰੀਦਣ ਕਿਉਂਕਿ ਅਮਰੀਕਾ ਮੰਦੀ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਵਿੱਚ ਘਰੇਲੂ ਕਰਜ਼ਾ ਵਧ ਕੇ 16.5 ਟ੍ਰਿਲੀਅਨ ਡਾਲਰ ਹੋ ਗਿਆ ਹੈ ਤੇ ਅਮ-ਰੀਕੀ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਰਜ਼ੇ 'ਤੇ ਨਿਰਭਰ ਹੋ ਗਏ ਹਨ। ਉਸ ਨੇ ਕਿਹਾ, "ਆਪਣਾ ਪੈਸਾ ਬਚਾਓ ਅਤੇ ਦੇਖੋ ਕਿ ਅੱਗੇ ਕੀ ਹੁੰਦਾ ਹੈ।" ਇਹ ਨਿਯਮ ਆਟੋਮੋਬਾਈਲ, ਫਰਿੱਜ਼ ਜਾਂ ਹੋਰ ਕਿਸੇ ਵੀ ਚੀਜ਼ 'ਤੇ ਲਾਗੂ ਹੁੰਦਾ ਹੈ। ਜੈਫ ਨੇ ਕਿਹਾ ਕਿ ਪੈਸੇ ਦੀ ਬਚਤ ਕਰਕੇ ਤੁਸੀਂ ਆਪਣੇ ਆਪ ਨੂੰ ਆਰਥਿਕ ਮੰਦੀ ਦੇ ਖਤਰੇ ਤੋਂ ਬਚਾ ਸਕਦੇ ਹੋ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਸਿੱਖ ਕੌਂਸ਼ਲ ਆਫ ਸੈਂਟਰਲ ਕੈਲੀਫੋਰਨੀਆਂ ਦੀ ਹੋਈ ਵਿਸ਼ੇਸ਼ ਮੀਟਿੰਗ, 7 ਜਨਵਰੀ 2023 ਨੂੰ ਹੋਵੇਗਾ ਵਿਸ਼ੇਸ਼ ਪ੍ਰੋਗਰਾਮ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸਿੱਖ ਕੌਂਸ਼ਲ ਆਫ ਸੈਂਟਰਲ ਕੈਲੀ- ਫੋਰਨੀਆਂ ਦੇ ਸਮੂੰਹ ਮੈਂਬਰਾਂ ਦੀ ਮਹੀਨੇਵਾਰ ਵਿਸ਼ੇਸ਼ ਮੀਟਿੰਗ "ਗੁਰੂ ਨਾਨਕ ਸਿੰਘ ਟੈਂਪਲ ਸਨਵਾਕੀਨ" ਵਿਖੇ ਹੋਈ। ਮੀ- ਟਿੰਗ ਦੀ ਸੁਰੂਆਤ ਨਿਯਤ ਮਰਿਯਾਦਾ ਅਨੁਸਾਰ ਮੂਲ ਮੰਤਰ ਦੇ ਜਾਪ ਨਾਲ ਕੀਤੀ ਗਈ। ਇਸ ਉਪਰੰਤ ਦਿੱਲੀ ਅਤੇ ਭਾਰਤ ਦੇ ਹੋਰ ਵੱਖ-ਵੱਖ ਹਿੱਸਿਆਂ ਵਿੱਚ ਨਵੰਬਰ 1984 ਦੇ ਸਿੱਖ ਨਸਲਕੁਸ਼ੀ ਦੇ ਨਿਰਦੋਸ਼ ਪੀੜਤਾਂ ਸ਼ਰਧਾਂਜਲੀ ਭੇਟ ਕੀਤੀ ਗਈ। ਇਸੇ ਤਰਾਂ ਹਾਜ਼ਰੀਨ ਵੱਲੋਂ ਬਹੁ-ਪੱਖੀ ਸ਼ਖ਼ਸੀਅਤ ਫਰਿਜ਼ਨੋ ਨਿਵਾਸੀ ਸਾਇੰਸਦਾਨ ਡਾ. ਗੁਰਮੇਲ ਸਿੰਘ ਸਿੱਧੂ ਨੂੰ ਵੀ ਯਾਦ ਕਰਦੇ ਹੋਏ ਸਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਸਮੇਂ ਸ. ਸੁਖਦੇਵ ਸਿੰਘ ਚੀਮਾ ਨੇ ਫਰਿਜ਼ਨੋ ਸਿਟੀ ਦੀ ਕੌਂਸਲ ਦੇ ਸਪੂਰਨ ਸਹਿਯੋਗ ਅਤੇ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵੱਲੋਂ ਨਵੰਬਰ 2022 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ (ਗੁਰਪੁਰਬ) ਦੀ ਯਾਦ ਵਿੱਚ ਨਵੰਬਰ 2022 ਨੂੰ 'ਸਿੱਖ ਵਿਰਾਸਤੀ ਮਹੀਨੇ' ਵਜੋਂ ਮਨਾਉਣ ਦਾ ਐਲਾਨਨਾਮਾ ਜਾਰੀ ਕਰਨ ਬਾਰੇ ਵੀ ਮੈਂਬਰਾਂ ਨਾਲ ਜਾਣਕਾਰੀ ਸਾਂਝੀ ਕੀਤੀ।



ਸਿੱਖ ਕੌਂਸ਼ਲ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੁਆਰਾ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ, ਇੱਥੋਂ ਦੇ ਸਥਾਨਕ ਭਾਈਚਾਰਿਆਂ ਲਈ ਕਾਰਜਕਾਰੀ ਕਮੇਟੀ ਦੁਆਰਾ ਅੰਤਿਮ ਰੂਪ ਦਿੱਤੇ ਪ੍ਰੋਗਰਾਮ ਨੂੰ ਪ੍ਰਵਾਨਗੀ ਦਿੱਤੀ। ਜੋ ਕਿ ਗੁਰਦੁਆਰਾ ਗੁਰੂ ਸਿੰਘ ਸਭਾ ਫਰਿਜ਼ਨੋ ਵਿਖੇ ਸ਼ਨੀਵਾਰ 07 ਜਨਵਰੀ, 2023 ਨੂੰ ਕਰਵਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਗੁਰੂਘਰਾ ਦੇ ਪ੍ਰਬੰਧਾ ਬਾਰੇ ਵਿਚਾਰਾ ਹੋਈਆਂ। ਮੀਟਿੰਗ ਦੀ ਪ੍ਰਧਾਨਗੀ ਕੌਂਸਲ ਦੇ ਜਨਰਲ ਸਕੱਤਰ ਸ੍ਰ: ਸੁਖਦੇਵ ਸਿੰਘ ਚੀਮਾ ਨੇ ਕੀਤੀ। ਜਦ ਕਿ ਕੌਂਸਲ ਦੇ ਹੋਰ ਮੁੱਖ ਮੈਂਬਰਾਂ ਵਿੱਚ ਸ. ਰਾਜਵਿੰਦਰ ਪਾਲ ਸਿੰਘ ਬਰਾੜ ਐਸੋਸੀਏਟ ਸਕੱਤਰ, ਸ. ਗੁਰਬਚਨ ਸਿੰਘ ਖਜ਼ਾਨਚੀ, ਸ. ਗੁਰਜੰਟ ਸਿੰਘ ਗਿੱਲ ਐਸੋਸੀਏਟ ਖਜ਼ਾਨਚੀ ਅਤੇ ਬਾਕੀ ਗੁਰੂਘਰਾ ਦੇ ਮੈਂਬਰ ਹਾਜ਼ਰ ਸਨ।

## ਫੀਫਾ ਵਰਲਡ ਕੱਪ

# ਈਰਾਨ ਦੀ ਟੀਮ ਨੇ ਕੌਮੀ ਗੀਤ ਗਾਉਣ ਤੋਂ ਕੀਤਾ ਇਨਕਾਰ

**ਦੁਬਈ (ਬਿਊਰੋ)–** ਈਰਾਨ ਵਿਚ ਸਰਕਾਰ ਖ਼ਿਲਾਫ਼ ਚੱਲ ਰਹੇ ਪ੍ਰਦਰਸ਼ਨ ਦਾ ਸਮਰਥਨ ਕਰਦੇ ਹੋਏ ਈਰਾਨੀ ਫੁੱਟਬਾਲ ਟੀਮ ਨੇ ਅਲ ਰਿਆਨ ਵਿਚ ਇੰਗਲੈਂਡ ਖ਼ਿਲਾਫ਼ ਖੇਡੇ ਗਏ ਫੀਫਾ ਵਿਸ਼ਵ ਕੱਪ ਮੈਚ ਤੋਂ ਪਹਿਲਾਂ ਰਾਸ਼ਟਰੀ ਗੀਤ ਨਹੀਂ ਗਾਇਆ। ਖ਼ਲੀਫ਼ਾ ਸਟੇਡੀਅਮ ਵਿਚ ਮੈਚ ਤੋਂ ਪਹਿਲਾਂ ਜਦ ਈਰਾਨ ਦਾ ਰਾਸ਼ਟਰੀ ਗੀਤ ਵੱਜਿਆ ਤਾਂ ਸਾਰੇ ਖਿਡਾਰੀ ਚੁੱਪ ਖੜ੍ਹੇ ਰਹੇ। ਖਿਡਾਰੀ ਜਦ ਮੈਚ ਲਈ ਮੈਦਾਨ 'ਤੇ ਉਤਰੇ ਤਾਂ ਸਾਰੇ ਗੰਭੀਰ ਮੁਦਰਾ ਵਿਚ ਸਨ ਤੇ ਕਾਫੀ ਭਾਵੁਕ ਸਨ। ਈਰਾਨ ਵਿਚ ਮਹਸਾ ਅਮੀਨੀ ਨਾਂ ਦੀ ਇਕ ਮਹਿਲਾ ਦੀ ਪੁਲਿਸ ਹਿਰਾਸਤ ਵਿਚ ਮੌਤ ਤੋਂ ਬਾਅਦ ਜਨਤਾ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰ ਰਹੀ ਹੈ। ਅਮੀਨੀ 'ਤੇ ਸਖ਼ਤ ਇਸਲਾਮਿਕ ਡਰੈੱਸ ਕੋਡ ਦਾ ਪਾਲਣ ਨਾ ਕਰਨ ਦਾ ਦੋਸ਼ ਸੀ। ਡਰੈੱਸ ਕੋਡ ਮੁਤਾਬਕ ਅਮੀਨੀ ਨੇ ਹਿਜਾਬ ਨਹੀਂ ਪਹਿਨਿਆ ਸੀ ਜੋ ਉਥੇ ਮਹਿਲਾਵਾਂ ਲਈ ਜ਼ਰੂਰੀ ਹੈ। ਈਰਾਨ ਵਿਚ ਦਰਜਨਾਂ ਹਸਤੀਆਂ, ਅਥਲੀਟਾਂ ਤੇ ਕਲਾਕਾਰਾਂ ਨੇ ਪ੍ਰਦਰਸ਼ਨਕਾਰੀਆਂ ਦੇ ਨਾਲ ਇਕਜੁਟਤ ਦਿਖਾਈ ਸੀ ਪਰ ਇਹ ਪਹਿਲੀ ਵਾਰ ਸੀ ਜਦ ਰਾਸ਼ਟਰੀ ਫੁੱਟਬਾਲ ਟੀਮ ਨੇ ਅਜਿਹਾ ਕੀਤਾ। ਈਰਾਨ ਦੇ ਟੈਲੀਵੀਜ਼ਨ ਬਰਾਡਕਾਸਟਰਾਂ ਨੇ ਖਿਡਾਰੀਆਂ ਨੂੰ ਰਾਸ਼ਟਰੀ ਗੀਤ ਲਈ ਖੜ੍ਹੇ ਹੁੰਦੇ ਨਹੀਂ ਦਿਖਾਇਆ।



# ਸ. ਸੁਖਦੇਵ ਸਿੰਘ ਸਿੱਧੂ ਵਕੀਲਾਂਵਾਲਿਆ ਦੇ ਅਕਾਲ ਚਲਾਣੇ ਕਾਰਨ ਸਿੱਧੂ ਪਰਿਵਾਰ ਨੂੰ ਸਦਮਾ

**ਐਬਸਫੋਰਡ (ਕਨੇਡਾ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝਦਿਆਂ ਲੰਘੇ ਐਤਵਾਰ ਉੱਘੇ ਸਮਾਜਸੇਵੀ ਸ. ਸੁਖਦੇਵ ਸਿੰਘ ਸਿੱਧੂ, ਐਬਸਫੋਰਡ, ਕਨੇਡਾ ਵਿਖੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਸਵ. ਸੁਖਦੇਵ ਸਿੰਘ ਸਿੱਧੂ ਦਾ ਪਿਛਲਾ ਪਿੰਡ ਵਕੀਲਾਂਵਾਲਾ ਜ਼ਿਲ੍ਹਾ ਫਿਰੋਜ਼ਪੁਰ, ਤਹਿਸੀਲ ਜੀਰਾ ਵਿੱਚ ਪੈਂਦਾ ਹੈ। ਸ. ਸੁਖਦੇਵ ਸਿੰਘ ਸਿੰਘ ਸਿੱਧੂ ਨੇ ਪੰਜਾਬ ਵਿੱਚ ਲੰਮਾ ਸਮਾਂ ਮਿਊਂਸਪਲ ਕਮੇਟੀ ਜੀਰਾ ਵਿੱਚ ਅਹਿਮ ਸੇਵਾਵਾਂ ਨਿਭਾਈਆ। ਉਹਨਾਂ ਨੇ ਪੰਜਾਬ ਵਿੱਚ ਵਿਚਰਦਿਆ ਨੌਕਰੀ ਦੇ ਨਾਲ ਨਾਲ ਸਮਾਜ ਸੇਵੀ ਕੰਮਾਂ ਵਿੱਚ ਵਧ-ਚੜਕੇ ਹਿੱਸਾ ਲਿਆ। ਸਵ. ਸੁਖਦੇਵ ਸਿੰਘ ਸਿੱਧੂ ਸਿਆਸੀ ਅਤੇ ਸਹਿਤਕ ਹਲਕਿਆਂ ਵਿੱਚ ਬੜਾ ਜਾਣਿਆ ਪਹਿਚਾਣਿਆ ਨਾਮ ਹੈ। ਪਿਛਲੇ ਲੰਮੇ ਸਮੇਂ ਤੋਂ ਉਹ ਕਨੇਡਾ ਵਿਖੇ ਰਹਿਕੇ ਬ੍ਰਿਸਟਵੇਅ ਫ਼ੌਰਨ ਮਨੀ ਇਕਸਚੇਂਜ, ਨਾਮੀ ਬਿਜਨਸ ਨੂੰ ਸਫਲਤਾ ਪੂਰਵਕ ਬੁਲੰਦੀਆਂ ਤੇ ਲੈਕੇ ਗਏ। ਇਸ ਦੇ ਨਾਲ ਨਾਲ ਪੰਜਾਬ ਵਿੱਚ ਵਿੱਚ ਮਨੁੱਖਤਾ ਦੇ ਭਲੇ ਲਈ ਜੀਰੇ ਏਰੀਏ ਵਿੱਚ ਸਵ. ਸੁਖਦੇਵ ਸਿੰਘ ਸਿੱਧੂ ਨੇ ਅੱਖਾਂ ਦਾ ਹਸਪਤਾਲ ਬਣਵਾਇਆ, ਇਹਦੇ ਨਾਲ ਨਾਲ ਲੋਕਾਂ ਨੂੰ ਸਸਤੀਆਂ ਚੀਜ਼ਾਂ ਮੁਹੱਈਆ ਕਰਵਾਉਣ ਲਈ ਬਾਬਾ ਸੇਵਕ ਸਿੰਘ ਦੇ ਸਹਿਯੋਗ ਨਾਲ "ਗੁਰੂ ਨਾਨਕ ਹੱਟ" ਨਾਮੀ ਸਟੋਰ ਵੀ ਇਲਾਕੇ ਵਿੱਚ ਬਣਵਾਇਆ। ਉਹਨਾਂ ਲੜਕੀਆਂ ਦੀ ਸਿੱਖਿਆ ਨੂੰ ਮੁੱਖ ਰੱਖਕੇ ਮਹੀਆਵਾਲਾ ਪਿੰਡ ਵਿੱਚ ਭਗਤ ਬਾਬਾ ਦੁਨੀ ਚੰਦ ਦੇ ਨਾਮ ਦੇ ਗਰਲਜ਼ ਕਾਲਜ ਬਣਵਾਇਆ, ਜਿੱਥੇ ਅੱਜ ਸੈਂਕੜੇ ਬੱਚੀਆਂ ਵਿੱਦਿਆ ਦੇ ਮੰਦਰ ਤੋਂ ਗਿਆਨ ਪ੍ਰਾਪਤ ਕਰ ਰਹੀਆ ਹਨ। ਸਵ. ਸੁਖਦੇਵ ਸਿੰਘ ਸਿੱਧੂ ਕਈ ਸਾਲਾਂ ਤੋਂ ਕੈਂਸਰ ਵਰਗੀ ਬਿਮਾਰੀ ਤੋ ਪੀੜਤ ਸਨ, ਆਪ ਨੇ ਬੜੇ ਦਲੇਰਾਨਾ ਤਰੀਕੇ ਨਾਲ ਇਸ ਨਾਮੁਰਾਦ ਬਿਮਾਰੀ ਦਾ ਟਾਕਰਾ ਕੀਤਾ, ਲੇਕਿਨ ਲੰਘੇ ਐਂਤਵਾਰ ਉਹ ਜ਼ਿੰਦਗੀ ਦੀ ਜੰਗ ਹਾਰ ਗਏ। ਉਹਨਾਂ ਦੀ ਦੇਹ ਦਾ ਸਸਕਾਰ ਮਿਤੀ 27 ਨਵੰਬਰ ਦਿਨ ਐਂਤਵਾਰ ਨੂੰ ਸ਼ਾਮੀਂ 2.15 ਤੋਂ 3 ਵਜੇ ਦਰਮਿਆਨ ਫਰੇਜ਼ਰ ਰਿਵਰ ਫਿਊਨਰਲ ਹੋਮ (2061 Riverside rd) ਐਬਸਫੋਰਡ ਕਨੇਡਾ ਵਿਖੇ ਹੋਵੇਗਾ, ਉਪਰੰਤ ਅੰਤਿਮ ਅਰਦਾਸ ਗੁਰਦਵਾਰਾ ਖਾਲਸਾ ਦੀਵਾਨ ਸੁਸਾਇਟੀ (33094 S Fraiser way) ਐਬਸਫੋਰਡ ਕਨੇਡਾ ਵਿੱਖੇ ਹੋਵੇਗੀ। ਵਧੇਰੇ ਜਾਣਕਾਰੀ ਲਈ ਕਾਲ ਸੋਨੀ ਸਿੱਧੂ- (604) 208-9000






# ਭਾਰਤ ਸਰਕਾਰ ਸਿੱਖਾਂ ਦੇ ਮਸਲੇ ਜਲਦ ਹੱਲ ਕਰੇ - ਜਥੇਦਾਰ ਹਰਪ੍ਰੀਤ ਸਿੰਘ

**ਅੰਮ੍ਰਿਤਸਰ–** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਪੰਜਾਬ ਦੇ ਅੰਦਰ ਸੋਸ਼ਲ ਮੀਡੀਆ ਪਲੇਟਫਾਰਮ ’ਤੇ ਸਿੱਖਾਂ ਪ੍ਰਤੀ ਨਫ਼ਰਤ ਫੈਲਾਉਣ ਦੇ ਯਤਨ ਦਿਨ-ਬ-ਦਿਨ ਵੱਧਦੇ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਰੇਆਮ ਸਿੱਖਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਕਈ ਵਾਰ ਸੱਚਖੰਡ ਹਰਮੰਦਿਰ ਸਾਹਿਬ ਹਮਲਾ ਕਰਨ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਇਸ ਸਾਰੇ ਮਹੌਲ ’ਚ ਸਰਕਾਰ ਚੁੱਪੀ ਧਾਰੀ ਬੈਠੀ ਹੈ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਕਿਸੇ ਵੀ ਕੀਮਤ ’ਤੇ ਸਿੱਖ ਬਰਦਾਸ਼ਤ ਨਹੀਂ ਕਰਨਗੇ।



ਉਨ੍ਹਾਂ ਅੱਗੇ ਕਿਹਾ ਕਿ ਜਿਸ ਮੁਲਕ ’ਚ ਹਿੰਦੂ ਰਾਸ਼ਟਰ ਦੇ ਦਾਅਵੇ ਕਰਨੇ ਜਾ ਹਿੰਦੂ ਰਾਸ਼ਟਰ ਦੀਆਂ ਗੱਲਾਂ ਕਰਨੀਆਂ ਗ਼ਲਤ ਨਹੀਂ ਹਨ ਤਾਂ ਫ਼ਿਰ ਸਿੱਖ ਰਾਸ਼ਟਰ ਦੀਆਂ ਗੱਲਾਂ ਕਰਨ ਵਾਲੇ ਕਿਸ ਤਰ੍ਹਾਂ ਗ਼ਲਤ ਹੋ ਗਏ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ’ਤੇ ਹਮਲਾ ਕਰਨ ਦੀਆਂ ਧਮਕੀਆਂ ਦੇਣ ਵਾਲੇ ਅਜੇ ਤੱਕ ਸਰਕਾਰੀ ਸੁਰੱਖਿਆ ’ਚ ਵਿਚਰਦੇ ਨਜ਼ਰ ਆ ਰਹੇ ਹਨ ਕਿਉਂ ਸਰਕਾਰ ਨੇ ਅਜੇ ਤੱਕ ਉਨ੍ਹਾਂ ਨੂੰ ਜੇਲ੍ਹਾਂ ’ਚ ਬੰਦ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ ਇੱਥੇ ਪੂਰੀ ਸਿੱਖ ਕੌਮ ਨੂੰ ਖ਼ਤਮ ਕਰਨ ਅਤੇ ਹਰਿਮੰਦਰ ਸਾਹਿਬ ਹਮਲਾ ਕਰਨ ਦੀ ਚੁਣੌਤੀ ਦਿੱਤੀ ਗਈ ਹੈ ਪਰ ਉਨ੍ਹਾਂ ਨੂੰ ਕੁਝ ਵੀ ਨਹੀਂ ਕਿਹਾ ਜਾ ਰਿਹਾ। ਜੇਕਰ ਇਹ ਧਮਕੀ ਹਿੰਦੂ ਤੀਰਥ ਜਾ ਫ਼ਿਰ ਕਿਸੇ ਹਿੰਦੂ ਨੂੰ ਦਿੱਤੀ ਹੁੰਦੀ ਤਾਂ ਸ਼ਾਇਦ ਉਹ ਅੱਜ ਜੇਲ੍ਹ ’ਚ ਬੰਦ ਹੁੰਦਾ। ਕਿਤੇ ਨਾ ਕਿਤੇ ਸਰਕਾਰਾਂ ਸਿੱਖਾਂ ਨਾਲ ਪੱਖ ਪਾਤ ਕਰ ਰਹੀਆਂ ਹਨ।

ਹਰਪ੍ਰੀਤ ਸਿੰਘ ਨੇ ਭਾਰਤ ਸਰਕਾਰ ਨੂੰ ਬੇਨਤੀ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਦੇ ਮਸਲੇ ਜਲਦ ਤੋਂ ਜਲਦ ਹੱਲ ਕਰੇ। ਉਨ੍ਹਾਂ ਕਿਹਾ ਜੇਕਰ ਰਾਜੀਵ ਗਾਂਧੀ ਦੇ ਕਾਤਲ ਰਿਹਾਅ ਹੋ ਸਕਦੇ ਹਨ ਤਾਂ ਬੰਦੀ ਸਿੱਖਾਂ ਨੂੰ ਕਿਉਂ ਰਿਹਾਅ ਨਹੀਂ ਕੀਤਾ ਜਾ ਰਿਹਾ। ਇਸ ਮੁਲਕ ’ਚ ਦੋ ਕਾਨੂੰਨ ਚੱਲਦੇ ਹਨ ਇਕ ਸਿੱਖਾਂ ਤੇ ਮੁਸਲਮਾਨਾਂ ਲਈ ਅਤੇ ਇਕ ਬਹੁਗਿਣਤੀ ਲਈ ਹੈ। ਉਨ੍ਹਾਂ ਕਿਹਾ ਕਿ ਮੁਲਕ ’ਚ ਇੰਨੇ ਕਾਨੂੰਨ ਹੋਣ ਦੇ ਬਾਵਜੂਦ ਵੀ ਦੇਸ਼ ਅਖੰਡ ਕਿਵੇਂ ਰਹਿ ਸਕਦਾ ਹੈ। ਜੇਕਰ ਤੁਸੀਂ ਦੇਸ਼ ਨੂੰ ਇਕ ਕਰਨਾ ਹੈ ਤਾਂ ਇਸ ਲਈ ਇਕ ਕਾਨੂੰਨ ਹੋਣਾ ਚਾਹੀਦਾ ਹੈ। ਅਸੀਂ ਸਾਰੇ ਦੇਸ਼ ’ਚ ਚੈਨ, ਅਮਨ, ਭਾਈਚਾਰੇ ਨਾਲ ਰਹਿਣਾ ਚਾਹੁੰਦੇ ਹਾਂ। ਅਸੀਂ ਇਸ ਸ਼ਾਂਤੀ ਨੂੰ ਭੰਗ ਨਹੀਂ ਕਰਨਾ ਚਾਹੁੰਦੇ ਪਰ ਅਸੀਂ ਇਹੀ ਕਹਿੰਦੇ ਹਾਂ ਸਿੱਖਾਂ ਨਾਲ ਇਨਸਾਫ਼ ਕੀਤਾ ਜਾਵੇ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਗੁਰਦਾਸਪੁਰ ਦੇ ਇਕ ਸ਼ਿਵ ਸੈਨਿਕ ਆਗੂ ਵੱਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਬਾਰੇ ਵਿਵਾਦਿਤ ਬਿਆਨ ਦਿੱਤਾ ਗਿਆ ਸੀ ਅਤੇ ਇਕ ਹੋਰ ਸ਼ਿਵ ਸੈਨਾ ਆਗੂ ਵੱਲੋਂ ਸਿੱਖ ਨੌਜਵਾਨ ਦੀ ਨਸਲਕੁਸ਼ੀ ਕਰਨ ਦੀ ਗੱਲ ਵੀ ਕਹੀ ਸੀ।

# ਪੰਜਾਬ ਦੇ ਪਿੰਡ ਉਜਾੜ ਕੇ ਬਣੇ ਚੰਡੀਗੜ੍ਹ ’ਤੇ ਪੰਜਾਬ ਦਾ ਹੱਕ: ਐਡਵੋਕੇਟ ਧਾਮੀ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਚੰਡੀਗੜ੍ਹ ਵਿਚ ਵੱਖਰੀ ਹਰਿਆਣਾ ਵਿਧਾਨ ਸਭਾ ਲਈ ਜ਼ਮੀਨ ਵਾਸਤੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਸ੍ਰੀ ਗਿਆਨ ਚੰਦ ਗੁਪਤਾ ਵੱਲੋਂ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਕਰਕੇ ਕੀਤੀ ਜਾ ਰਹੀ ਚਾਰਾਜੋਈ ’ਤੇ ਕਿਹਾ ਕਿ ਪੰਜਾਬ ਦੇ ਦਰਜਨਾਂ ਪਿੰਡ ਉਜਾੜ ਕੇ ਬਣੇ ਚੰਡੀਗੜ੍ਹ ’ਤੇ ਕੇਵਲ ਪੰਜਾਬ ਦਾ ਹੀ ਹੱਕ ਹੈ ਅਤੇ ਇਸ ’ਤੇ ਕਿਸੇ ਨੂੰ ਵੀ ਡਾਕਾ ਨਹੀਂ ਮਾਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅਧਿਕਾਰਾਂ ਦੀ ਅਣਦੇਖੀ ਕਰਕੇ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤੇ ਜਾ ਰਹੇ ਹਨ।



ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੀ ਸੂਬੇ ਦੀ ਤਰਜਮਾਨੀ ਕਰਨ ਦੀ ਥਾਂ ਵਿਰੋਧ ਵਿਚ ਭੁਗਤ ਰਹੇ ਹਨ। ਕੁਝ ਦਿਨ ਪਹਿਲਾਂ ਆਇਆ ਉਨ੍ਹਾਂ ਦਾ ਟਵੀਟ ਇਸ ਦੀ ਤਸਦੀਕ ਹੈ, ਜਿਸ ਵਿਚ ਉਨ੍ਹਾਂ ਵੱਖਰੀ ਪੰਜਾਬ ਵਿਧਾਨ ਸਭਾ ਲਈ ਜ਼ਮੀਨ ਦੀ ਮੰਗ ਕਰਕੇ ਚੰਡੀਗੜ੍ਹ ’ਤੇ ਪੰਜਾਬ ਦੇ ਹੱਕ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਨਿਭਾਈ ਜਾ ਰਹੀ ਸਾਜ਼ਿਸ਼ੀ ਭੂਮਿਕਾ ਦੇ ਕਾਰਨ ਹੀ ਕੇਂਦਰ ਸਰਕਾਰ ਚੰਡੀਗੜ੍ਹ ਵਿੱਚੋਂ ਪੰਜਾਬ ਦੇ ਹੱਕਾਂ ਨੂੰ ਲਗਾਤਾਰ ਘੱਟ ਕਰ ਰਹੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਚੰਡੀਗੜ੍ਹ ’ਤੇ ਪੰਜਾਬ ਦਾ ਹੱਕ ਸੀ, ਹੱਕ ਹੈ ਅਤੇ ਰਹੇਗਾ। ਕੇਂਦਰ ਵੱਲੋਂ ਪੰਜਾਬ ਨਾਲ ਪਹਿਲਾਂ ਹੀ ਕਈ ਧੱਕੇ ਕੀਤੇ ਗਏ ਹਨ ਅਤੇ ਹੁਣ ਹੋਰ ਧੱਕੇ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਹਰਿਆਣਾ ਆਪਣੀ ਵੱਖਰੀ ਵਿਧਾਨ ਸਭਾ ਲਈ ਆਪਣੀ ਜ਼ਮੀਨ ਦੀ ਵਰਤੋਂ ਕਰੇ ਅਤੇ ਮੌਜੂਦਾ ਵਿਧਾਨ ਸਭਾ ਖਾਲੀ ਕਰ ਕੇ ਪੰਜਾਬ ਹਵਾਲੇ ਕਰੇ। ਐਡਵੋਕੇਟ ਧਾਮੀ ਨੇ ਪੰਜਾਬ ਦੇ ਰਾਜਪਾਲ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਵਿਰੋਧੀ ਕਿਸੇ ਵੀ ਫੈਸਲੇ ਤੇ ਹਾਮੀ ਨਾ ਭਰਨ।

# ਅਮਰੀਕਾ ਯੂਨੀਵਰਸਿਟੀ ਨੇ ਸਿੱਖ ਵਿਦਿਆਰਥੀਆਂ ਨੂੰ ‘ਸ੍ਰੀ ਸਾਹਿਬ’ ਪਹਿਨਣ ਦੀ ਦਿੱਤੀ ਇਜਾਜ਼ਤ

**ਕੈਲੀਫੋਰਨੀਆ–**ਅਮਰੀਕਾ ਦੀ ਉੱਤਰੀ ਕੈਰੋਲੀਨਾ ਯੂਨੀ-ਵਰਸਿਟੀ ਨੇ ਸਿੱਖਾਂ ਨੂੰ ‘ਸ੍ਰੀ ਸਾਹਿਬ’ ਪਹਿਨਣ ਦੀ ਇਜਾਜ਼ਤ ਦੇ ਦਿੱਤੀ ਹੈ। ਯੂਨੀਵਰਸਿਟੀ ਨੇ ਐਲਾਨ ਕੀਤਾ ਹੈ ਕਿ ਉਹ ਕੈਂਪਸ ਵਿਚ ਸਿੱਖ ਵਿਦਿਆਰਥੀਆਂ ਨੂੰ ਗਾਤਰਾ ਪਹਿਨਣ ਦੀ ਇਜਾਜ਼ਤ ਦੇਵੇਗੀ। ਯੂਨੀਵਰਸਿਟੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਕੈਂਪਸ ਵਿਚ ਗਾਤਰਾ ਪਹਿਨਣ ਦੀ ਇਜਾਜ਼ਤ ਦਿੱਤੀ ਜਾਵੇਗੀ ਪਰ ਸ਼ਰਤ ਇਹ ਹੋਵੇਗੀ ਕਿ ਗਾਤਰਾ ਤਿੰਨ ਇੰਚ ਤੋਂ ਵੱਧ ਨਹੀਂ ਹੋਣਾ ਚਾਹੀਦਾ, ਉਹ ਪੁਸ਼ਾਕ ਅੰਦਰ ਹੋਵੇ ਤੇ ਦਿੱਸੇ ਨਾ। ਦੱਸ ਦਈਏ ਕਿ ਇਹ ਫੈਸਲਾ ਦੋ ਮਹੀਨੇ ਪਹਿਲਾਂ ਉੱਤਰੀ ਕੈਰੋਲੀਨਾ ਯੂਨੀਵਰਸਿਟੀ ਦੇ ਵਿਦਿਆਰਥੀ ਨੂੰ ਗਾਤਰਾ ਪਹਿਨਣ ਕਾਰਨ ਹੱਥਕੜੀ ਲਾਉਣ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਆਇਆ ਹੈ।



# ਦੁਨੀਆਂ ਭਰ ’ਚ ਭਾਰਤੀ ਪ੍ਰਵਾਸੀਆਂ ਦੀ ਗਿਣਤੀ 1 ਕਰੋੜ 79 ਲੱਖ ਤੱਕ ਪੁੱਜੀ

**ਜਲੰਧਰ–** ਵਿਸ਼ਵ ਪ੍ਰਵਾਸੀਆਂ ’ਚ ਭਾਰਤੀਆਂ ਦੀ ਗਿਣਤੀ ਵਧਣ ਦੀ ਖਬਰ ਹੈ। ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਮਾਮਲਿਆਂ ਦੇ ਵਿਭਾਗ ਅਨੁਸਾਰ 2020 ’ਚ ਭਾਰਤੀ ਪ੍ਰਵਾਸੀਆਂ ਦੀ ਕੁੱਲ ਗਿਣਤੀ 1 ਕਰੋੜ 79 ਲੱਖ ਤੱਕ ਪਹੁੰਚ ਗਈ, ਜੋਕਿ 1990 ’ਚ 66 ਲੱਖ ਸੀ। ਮਾਈਗ੍ਰੇਸ਼ਨ ਨਾਲ ਸਬੰਧਤ ਮਾਮ-ਲਿਆਂ ’ਤੇ ਸਰਕਾਰਾਂ ਨੂੰ ਸਲਾਹ ਦੇਣ ਵਾਲੀ ਸੰਯੁਕਤ ਰਾਸ਼ਟਰ ਦੀ ਏਜੰਸੀ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ ਦੀ ਤਾਜ਼ਾ ਵਿਸ਼ਵ ਪ੍ਰਵਾਸ ਰਿਪੋਰਟ ’ਚ ਵੇਖਿਆ ਗਿਆ ਹੈ ਕਿ ਆਪਣੇ ਜਨਮ ਤੋਂ ਦੇਸ਼ ਦੇ ਬਾਹਰ ਰਹਿਣ ਵਾਲੇ ਲੋਕਾਂ ਦੀ ਗਿਣਤੀ 1990 ’ਚ 152.9 ਮਿਲੀਅਨ ਤੋਂ 2020 ’ਚ ਲਗਭਗ ਦੁੱਗਣੀ ਹੋ ਕੇ 280.5 ਮਿਲੀਅਨ ਹੋ ਗਈ ਹੈ। ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 2020 ’ਚ ਆਪਣੇ ਦੇਸ਼ਾਂ ਤੋਂ ਬਾਹਰ ਰਹਿਣ ਵਾਲੇ ਲੋਕਾਂ ਦੀ ਕੁੱਲ ਭਾਰਤੀਆਂ ਦੀ ਗਿਣਤੀ 6.3 ਫ਼ੀਸਦੀ ਸੀ।



### ਜੁਲਾਈ ਤੱਕ 13 ਲੱਖ ਵਿਦੇਸ਼ਾਂ ਲਈ ਹੋਏ ਰਵਾਨਾ

ਵਿਦੇਸ਼ ਮੰਤਰਾਲੇ ਵੱਲੋਂ ਲੋਕ ਸਭਾ ਦੇ ਜਵਾਬਾਂ ਦੇ ਵਿਸ਼ਲੇਸ਼ਣ ’ਚ ਪਾਇਆ ਗਿਆ ਕਿ ਰੁਜ਼ਗਾਰ ਵੀਜ਼ੇ ’ਤੇ ਦੇਸ਼ ਛੱਡਣ ਵਾਲੇ ਭਾਰਤੀਆਂ ਦੀ ਗਿਣਤੀ ਪਿਛਲੇ ਤਿੰਨ ਸਾਲਾਂ ’ਚ ਦੁੱਗਣੀ ਹੋ ਗਈ ਹੈ। 27 ਜੁਲਾਈ 2022 ਤੱਕ 13 ਲੱਖ 2 ਹਜ਼ਾਰ ਭਾਰਤੀ ਰੁਜ਼ਗਾਰ ਲਈ ਵਿਦੇਸ਼ ਗਏ ਸਨ। ਵਿਸ਼ਲੇਸ਼ਣ ’ਚ ਇਹ ਵੀ ਪਾਇਆ ਗਿਆ ਕਿ ਇਨ੍ਹਾਂ 13 ਲੱਖ ’ਚੋਂ 1,89,206 ਭਾਰਤੀ 2020 ’ਚ ਈ. ਸੀ. ਆਰ. ਦੇਸ਼ਾਂ ਲਈ ਰਵਾਨਾ ਹੋਏ ਸਨ, ਜਦਕਿ 2018 ’ਚ ਇਹ ਗਿਣਤੀ 94,145 ਸੀ। ਈ. ਸੀ. ਆਰ. ਪਾਸਪੋਰਟ 18 ਦੇਸ਼ਾਂ ’ਚ ਉਨ੍ਹਾਂ ਲੋਕਾਂ ਨੂੰ ਰੁਜ਼ਗਾਰ ਲਈ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਆਪਣੀ 10ਵੀਂ ਜਮਾਤ ਦੀ ਪੜ੍ਹਾਈ ਪੂਰੀ ਨਹੀਂ ਕੀਤੀ ਹੈ ਅਤੇ ਹੁਨਰਮੰਦ, ਅਰਧ-ਕੁਸ਼ਲ ਅਤੇ ਅਕੁਸ਼ਲ ਕਾਮੇ ਹਨ। ਈ. ਸੀ. ਆਰ. ਦੇਸ਼ਾਂ ’ਚ ਸੰਯੁਕਤ ਅਰਬ ਅਮੀਰਾਤ (ਯੂ. ਏ. ਈ.), ਬਹਿਰੀਨ, ਸਾਊਦੀ ਅਰਬ, ਮਲੇਸ਼ੀਆ, ਇਰਾਕ, ਜਾਰਡਨ, ਓਮਾਨ, ਕਤਰ ਅਤੇ ਕੁਵੈਤ ਸ਼ਾਮਲ ਹਨ।

### ਵਿਦੇਸ਼ ਜਾਣ ਵਾਲੇ ਜ਼ਿਆਦਾ ਕਾਮੇ ਯੂਪੀ ਅਤੇ ਬਿਹਾਰ ਤੋਂ


ਹਾਲਾਂਕਿ, ਕੁਝ ਭਾਰਤੀ ਸੂਬਿਆਂ ’ਚ ਮਜ਼ਦੂਰਾਂ ਦੀ ਇਕ ਵੱਡੀ ਆਬਾਦੀ ਹੈ ਜੋ ਵਿਦੇਸ਼ਾਂ ’ਚ ਨਿੱਜੀ ਨੌਕਰੀਆਂ ਦੀ ਭਾਲ ’ਚ ਪ੍ਰਵਾਸ ਕਰਦੇ ਹਨ। ਜੂਨ 2022 ਤੱਕ ਭਾਰਤ ਛੱਡਣ ਵਾਲੇ 1, 89,000 ਪ੍ਰਵਾਸੀਆਂ ’ਚੋਂ ਅੱਧੇ ਤੋਂ ਵੱਧ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਸਨ। ਮਹਾਮਾਰੀ ਦੇ ਬਾਅਦ ਭਾਰਤ ਤੋਂ ਖਾੜੀ ਸਹਿਯੋਗ ਕੌਂਸਲ (ਜੀ. ਸੀ. ਸੀ.) ਦੇਸ਼ਾਂ ’ਚ ਪ੍ਰਵਾਸ ਦੇ ਰੁਝਾਨ ’ਚ ਵੀ ਵਾਧਾ ਹੋਇਆ ਹੈ।

ਹਾਲਾਂਕਿ ਮਹਾਮਾਰੀ ਕਾਰਨ 2019 ਦੇ ਮੁਕਾਬਲੇ ’ਚ 2020 ’ਚ ਇਨ੍ਹਾਂ ਦੇਸ਼ਾਂ ’ਚ ਜਾਣ ਵਾਲੇ ਭਾਰਤੀਆਂ ਦੀ ਗਿਣਤੀ ’ਚ 74.3 ਫ਼ੀਸਦੀ ਦੀ ਕਮੀ ਆਈ ਹੈ ਪਰ ਉਦੋਂ ਤੋਂ ਇਹ ਗਿਣਤੀ ਦੁੱਗਣੀ ਹੋ ਗਈ ਹੈ।

ਜੁਲਾਈ 2022 ਤੱਕ ਕੁੱਲ 185,948 ਭਾਰਤੀ ਜੀ. ਸੀ. ਸੀ. ਦੇਸ਼ਾਂ ’ਚ ਚੱਲੇ ਗਏ ਸਨ। ਖਾੜੀ ਸਹਿਯੋਗ ਕੌਂਸਲ ਬਹਿਰੀਨ, ਕੁਵੈਤ, ਓਮਾਨ, ਕਤਰ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਸਮੇਤ ਦੇਸ਼ਾਂ ਦਾ ਇਕ ਸਿਆਸੀ ਅਤੇ ਆਰਥਿਕ ਸੰਘ ਹੈ।

# ਚੋਟੀ ਦੇ 10 ਅਮੀਰਾਂ ’ਚੋਂ ਅਡਾਨੀ-ਅੰਬਾਨੀ ਦੀ ਜਾਇਦਾਦ ’ਚ ਹੋਇਆ ਵਾਧਾ

**ਨਵੀਂ ਦਿੱਲੀ–** ਬਲੂਮਬਰਗ ਬਿਲੀਅਨੇਅਰ ਇੰਡੈਕਸ ਅਨੁਸਾਰ ਭਾਰਤ ਅਤੇ ਏਸ਼ੀਆ ਦੇ ਸਭ ਤੋਂ ਵੱਡੇ ਅਮੀਰ ਵਿਅਕਤੀ ਗੌਤਮ ਅਡਾਨੀ ਇਸ ਸਾਲ ਕਮਾਈ ਦੇ ਮਾਮਲੇ ‘ਚ ਚੋਟੀ ‘ਤੇ ਰਹੇ ਹਨ। ਇਸ ਸਾਲ ਉਸਦੀ ਕਮਾਈ ਇੱਕ ਰਾਕੇਟ ਸਪੀਡ ਨਾਲ ਵਧੀ ਹੈ। ਅਡਾਨੀ ਗਰੁੱਪ ਦੇ ਚੇਅਰਮੈਨ ਦੀ ਕੁੱਲ ਜਾਇਦਾਦ ਇਸ ਸਾਲ 56.4 ਬਿਲੀਅਨ ਡਾਲਰ ਵਧੀ ਹੈ ਅਤੇ ਉਹ 133 ਅਰਬ ਡਾਲਰ ਦੀ ਕੁੱਲ ਜਾਇਦਾਦ ਦੇ ਨਾਲ ਦੁਨੀਆ ਦੇ ਸਭ ਤੋਂ ਅਮੀਰਾਂ ਵਿਅਕਤੀਆਂ ਦੀ ਸੂਚੀ ਵਿੱਚ ਤੀਜੇ ਨੰਬਰ ‘ਤੇ ਹਨ। ਦਿਲਚਸਪ ਗੱਲ ਇਹ ਹੈ ਕਿ ਚੋਟੀ ਦੇ 10 ਅਮੀਰਾਂ ਵਿੱਚੋਂ ਸਿਰਫ਼ ਅਡਾਨੀ ਅਤੇ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਦੀ ਜਾਇਦਾਦ ਵਿੱਚ ਵਾਧਾ ਹੋਇਆ ਹੈ। ਇਸ ਸਾਲ ਬਾਕੀ ਸਾਰੇ ਚੋਟੀ ਦੇ ਅਮੀਰਾਂ ਦੀ ਕੁੱਲ ਜਾਇਦਾਦ ਵਿੱਚ ਗਿਰਾਵਟ ਆਈ ਹੈ।



ਇਸ ਸਾਲ ਸਭ ਤੋਂ ਜ਼ਿਆਦਾ ਦੌਲਤ ਗੁਆਉਣ ਦੇ ਮਾਮਲੇ ‘ਚ ਏਲੋਨ ਮਸਕ ਪਹਿਲੇ ਨੰਬਰ ‘ਤੇ ਹਨ। ਇਸ ਸਾਲ ਹੁਣ ਤੱਕ ਟੇਸਲਾ ਅਤੇ ਸਪੇਸਐਕਸ ਦੇ ਸੀਈਓਜ਼ ਦੀ ਕੁੱਲ ਜਾਇਦਾਦ ਵਿਚ 89.7 ਅਰਬ ਡਾਲਰ ਦੀ ਗਿਰਾਵਟ ਆ ਚੁੱਕੀ ਹੈ। ਪਿਛਲੇ ਸਾਲ ਨਵੰਬਰ ਦੀ ਸ਼ੁਰੂਆਤ ‘ਚ ਉਸ ਦੀ ਕੁੱਲ ਜਾਇਦਾਦ 335 ਅਰਬ ਡਾਲਰ ਤੱਕ ਪਹੁੰਚ ਗਈ ਸੀ ਪਰ ਉਦੋਂ ਤੋਂ ਇਸ ‘ਚ ਭਾਰੀ ਕਮੀ ਆਈ ਹੈ। ਇਸ ਸੂਚੀ ਵਿੱਚ ਅਗਲਾ ਨਾਮ ਮੇਟਾ (ਫੇਸਬੁੱਕ ਦੀ ਮੂਲ ਕੰਪਨੀ) ਦੇ ਸੀਈਓ ਮਾਰਕ ਜ਼ੁਕਰਬਰਗ ਦਾ ਹੈ, ਜਿਸ ਦੀ ਕੁੱਲ ਜਾਇਦਾਦ 82.9 ਅਰਬ ਡਾਲਰ ਘੱਟ ਗਈ ਹੈ। ਐਮਾਜ਼ੋਨ ਦੇ ਸੰਸਥਾਪਕ ਜੈਫ ਬੇਜੋਸ ਦੀ ਕੁੱਲ ਜਾਇਦਾਦ ਇਸ ਸਾਲ 74.3 ਅਰਬ ਡਾਲਰ ਤੱਕ ਘਟ ਗਈ ਹੈ।

ਮਸਕ 181 ਬਿਲੀਅਨ ਡਾਲਰ ਦੀ ਜਾਇਦਾਦ ਦੇ ਨਾਲ ਦੁਨੀਆ ਦੇ ਅਮੀਰਾਂ ਦੀ ਸੂਚੀ ਵਿੱਚ ਪਹਿਲੇ ਨੰਬਰ ‘ਤੇ ਬਣੇ ਹੋਏ ਹਨ। ਵੀਰਵਾਰ ਨੂੰ ਉਸ ਦੀ ਸੰਪਤੀ ‘ਚ 2.59 ਅਰਬ ਡਾਲਰ ਦੀ ਗਿਰਾਵਟ ਆਈ। ਫਰਾਂਸੀਸੀ ਕਾਰੋਬਾਰੀ ਬਰਨਾਰਡ ਅਰਨੌਲਟ 157 ਅਰਬ ਡਾਲਰ ਦੀ ਜਾਇਦਾਦ ਨਾਲ ਦੂਜੇ ਨੰਬਰ ‘ਤੇ ਹਨ। ਇਸ ਸਾਲ ਉਸਦੀ ਕੁੱਲ ਜਾਇਦਾਦ 20.6 ਅਰਬ ਡਾਲਰ ਹੈ। ਬੇਜੋਸ ਦੀ ਕੁੱਲ ਜਾਇਦਾਦ 118 ਬਿਲੀਅਨ ਡਾਲਰ ਹੈ ਅਤੇ ਉਹ ਦੁਨੀਆ ਦੇ ਅਮੀਰਾਂ ਦੀ ਸੂਚੀ ਵਿੱਚ ਚੌਥੇ ਨੰਬਰ ‘ਤੇ ਹਨ। ਵੀਰਵਾਰ ਨੂੰ ਉਸ ਦੀ ਸੰਪਤੀ ‘ਚ 2.26 ਅਰਬ ਡਾਲਰ ਦੀ ਗਿਰਾਵਟ ਆਈ।

ਇਸ ਸਾਲ ਬਿਲ ਗੇਟਸ ਦੀ ਸੰਪਤੀ ਵਿਚ 25.3 ਅਰਬ ਡਾਲਰ, ਵਾਰੇਨ ਬਫੇਟ ਦੀ ਸੰਪਤੀ ਵਿਚ 1.61 ਅਰਬ ਡਾਲਰ, ਲੈਰੀ ਐਲੀਸਨ ਦੀ ਕੁੱਲ ਸੰਪਤੀ ਵਿੱਚ 14.3 ਅਰਬ ਡਾਲਰ, ਲੈਰੀ ਪੇਜ ਦੀ ਸੰਪਤੀ ਵਿਚ 37.6 ਅਰਬ ਡਾਲਰ ਅਤੇ ਸਰਗੇਈ ਬ੍ਰਿਨ ਦੀ ਸੰਪਤੀ ਵਿਚ 36.5 ਅਰਬ ਡਾਲਰ ਦੀ ਗਿਰਾਵਟ ਆਈ ਹੈ। ਜ਼ੁਕਰਬਰਗ, ਜੋ ਕਦੇ ਤੀਜੇ ਨੰਬਰ ‘ਤੇ ਸੀ, ਹੁਣ 42.5 ਅਰਬ ਡਾਲਰ ਦੇ ਨਾਲ 27ਵੇਂ ਨੰਬਰ ‘ਤੇ ਖਿਸਕ ਗਏ ਹਨ। ਦੂਜੇ ਪਾਸੇ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਵਿੱਚ 104 ਮਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਉਹ 90.1 ਬਿਲੀਅਨ ਡਾਲਰ ਦੀ ਜਾਇਦਾਦ ਦੇ ਨਾਲ ਅਮੀਰਾਂ ਦੀ ਸੂਚੀ ਵਿੱਚ ਨੌਵੇਂ ਨੰਬਰ ‘ਤੇ ਹਨ।

# ਭਗਵੰਤ ਮਾਨ ਗੰਨ ਕਲਚਰ ਵਾਲੇ ਗੀਤਾਂ ਦਾ ਨਹੀਂ ਲੈ ਰਹੀ ਨੋਟਿਸ-ਖਹਿਰਾ

**ਚੰਡੀਗੜ੍ਹ–** ਬੀਤੇ ਦਿਨੀਂ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਤੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਵਾਲੇ ਤੇ ਗੀਤ ਰਿਲੀਜ਼ ਕਰਨ ਵਾਲੇ ਗਾਇਕਾਂ ਖਿਲਾਫ ਮੁੱਖ ਮੰਤਰੀ ਭਗਵੰਤ ਮਾਨ ਸਖ਼ਤ ਐਕਸ਼ਨ ਲੈਣ ਦਾ ਐਲਾਨ ਕੀਤਾ ਸੀ। ਇਸ ਦੇ ਬਾਵਜੂਦ ਗਾਇਕ ਆਰ. ਨੇਤ ਦਾ ਇਕ ਗੀਤ ਰਿਲੀਜ਼ ਹੋਇਆ ਹੈ, ਜਿਸ ’ਚ ਗੰਨ ਕਲਚਰ ਨੂੰ ਪ੍ਰਮੋਟ ਕੀਤਾ ਜਾ ਰਿਹਾ ਹੈ। ਇਸ ਗੀਤ ਨੂੰ ਲੈ ਕੇ ਸੁਖਪਾਲ ਖਹਿਰਾ ਨੇ ਵੀ ਸੀ. ਐੱਮ. ਭਗਵੰਤ ਮਾਨ ਨੂੰ ਘੇਰਿਆ ਹੈ।




ਸੁਖਪਾਲ ਖਹਿਰਾ ਨੇ ਇਕ ਟਵੀਟ ’ਚ ਗੀਤ ਦੀ ਵੀਡੀਓ ਸਾਂਝੀ ਕਰਦਿਆਂ ਲਿਖਿਆ, ‘‘ਮੈਂ ਹੈਰਾਨ ਹਾਂ ਕਿ ਕੀ ਭਗਵੰਤ ਮਾਨ ਆਪਣੇ ਗਾਇਕ ਦੋਸਤ ਆਰ. ਨੇਤ ਦੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਵਾਲੇ ਨਵੇਂ ਗੀਤ ਵਿਰੁੱਧ ਕੋਈ ਕਾਰਵਾਈ ਕਰਨਗੇ ਜਾਂ ਨਹੀਂ? ਕਿਉਂਕਿ ਭਗਵੰਤ ਮਾਨ ਨੇ ਅਜਿਹੇ ਗਾਇਕਾਂ ਵਿਰੁੱਧ ਪਾਬੰਦੀ ਲਗਾਉਣ ਤੇ ਕਾਰਵਾਈ ਕਰਨ ਦਾ ਐਲਾਨ ਕੀਤਾ ਸੀ, ਜੋ ਨੌਜਵਾਨਾਂ ਨੂੰ ਹਿੰਸਾ ’ਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਦੇ ਹਨ ਤੇ ਜਿਸ ਨਾਲ ਕਾਨੂੰਨ ਵਿਵਸਥਾ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।’’

ਦੱਸ ਦੇਈਏ ਕਿ ਗੰਨ ਕਲਚਰ ਨੂੰ ਪ੍ਰਮੋਟ ਕਰਨ ਵਾਲੇ ਗਾਇਕਾਂ ਵਿਰੁੱਧ ਕਾਰਵਾਈ ਦੀ ਗੱਲ ਤਾਂ ਕਾਫੀ ਵਾਰ ਹੋ ਚੁੱਕੀ ਹੈ ਪਰ ਅਜੇ ਤਕ ਕਿਸੇ ਵੀ ਗਾਇਕ ਖਿਲਾਫ ਕੋਈ ਸਖ਼ਤ ਐਕਸ਼ਨ ਸਰਕਾਰ ਵਲੋਂ ਨਹੀਂ ਲਿਆ ਗਿਆ ਹੈ।

# ਇਕ ਦੇਸ਼ ਦੀ ਮਹਾਨਤਾ ਇਸਦੇ ਲੀਡਰ 'ਤੇ ਨਿਰਭਰ ਕਰਦੀ ਹੈ

ਆਪਣੇ ਦੇਸ਼ ਨੂੰ ਵਿਸ਼ਾਲ ਰੂਪ ਵਿਚ ਸੁਧਾਰਨ ਅਤੇ ਇਸ ਨੂੰ ਦੁਬਾਰਾ ਮਹਾਨ ਬਣਾਉਣ ਲਈ, ਇਕ ਵਧੀਆ ਨੇਤਾ ਚੁਣ ਕੇ ਸ਼ੁਰੂਆਤ ਕਰੋ। ਮੀਡੀਆ ਜਾਂ ਕਿਸੇ ਦੇ ਥਾਪੜੇ ਦੁਆਰਾ ਚਮਕਾਏ ਗਏ ਲੋਕਾਂ ਨੂੰ ਨਾ ਚੁਣੋ , ਬਲਕਿ ਉਨ੍ਹਾਂ ਦੀ ਚੋਣ ਕਰੋ ਜੋ ਉਹ ਨਹੀਂ ਚੁਣਦੇ। ਉਨ੍ਹਾਂ ਲੋਕਾਂ ਵਿਚੋਂ ਇਕ ਨੇਤਾ ਚੁਣੋ ਜੋ ਦਿਲ ਤੋਂ ਕੰਮ ਲਈ ਪ੍ਰੇਰਿਤ ਹੋਵੇ, ਇਕ ਮਨੁੱਖ ਜਿਹੜਾ ਸੜਕ 'ਤੇ ਜਾਂਦੇ ਆਮ ਆਦਮੀ ਨੂੰ ਪਛਾਣਦਾ ਹੈ ਅਤੇ ਸਮਝਦਾ ਹੈ ਕਿ ਦੇਸ਼ ਨੂੰ ਹਰ ਪੱਧਰ 'ਤੇ ਕਿਸ ਚੀਜ਼ ਦੀ ਜ਼ਰੂਰਤ ਹੈ। ਕਿਸੇ ਅਜਿਹੇ ਨੇਤਾ ਨੂੰ ਨਾ ਚੁਣੋ ਜੋ ਸਿਰਫ ਪੈਸੇ ਨਾਲ ਚੱਲਣ ਵਾਲਾ ਹੋਵੇ ਅਤੇ ਉਹ ਕਿਸੇ ਜਰੂਰਤ ਨੂੰ ਨਾ ਸਮਝੇ ਜਾਂ ਆਮ ਆਦਮੀ ਨੂੰ ਨਾਂ ਪਛਾਣੇ ਪਰ ਸਿਰਫ ਕਾਰਪੋਰੇਸ਼ਨਾਂ ਦੀ ਹਰ ਪੱਧਰ ਤੇ ਜ਼ਰੂਰਤ ਨੂੰ ਪੂਰਾ ਕਰੇ। ਇੱਕ ਸ਼ਾਂਤੀ ਦਾ ਪੁੰਜ ਚੁਣੋ ਜੋ ਜੋੜਦਾ ਹੋਵੇ, ਨਾ ਕਿ ਵੰਡੀਆ ਪਾਉਂਦਾ ਹੋਵੇ।। ਇੱਕ ਸਭਿਆਚਾਰਕ ਨੇਤਾ ਜੋ ਕਿ ਕਲਾ ਅਤੇ ਬੋਲਣ ਦੀ ਸੱਚੀ ਆਜ਼ਾਦੀ ਦਾ ਸਮਰਥਨ ਕਰੇ, ਸੈਂਸਰਸ਼ਿਪ ਨਹੀਂ। ਇਕ ਅਜਿਹਾ ਆਗੂ ਚੁਣੋ ਜੋ ਨਾ ਸਿਰਫ ਬੈਂਕਾਂ ਅਤੇ ਏਅਰਲਾਈਨਾਂ ਨੂੰ ਸੁਰੱਖਿਆ ਦੇਵੇ, ਬਲਕਿ ਪਰਿਵਾਰਾਂ ਨੂੰ ਉਨ੍ਹਾਂ ਦੇ ਘਰ ਗੁਆਉਣ ਜਾਂ ਨੌਕਰੀਆਂ ਲਈ ਹੋਰ ਦੇਸ਼ਾਂ ਵਿੱਚ ਜਾਣ ਤੋਂ ਬਚਾਵੇ। ਇੱਕ ਅਜਿਹਾ ਆਗੂ ਚੁਣੋ ਜੋ ਸਕੂਲਾਂ ਨੂੰ ਫੰਡ ਦੇਵੇਗਾ, ਵਿਦਿਆ ਉੱਤੇ ਖਰਚਿਆਂ ਨੂੰ ਸੀਮਿਤ ਨਹੀਂ ਕਰੇਗਾ। ਇੱਕ ਨੇਤਾ ਚੁਣੋ ਜੋ ਜੰਗ ਦੇ ਬਾਰੇ ਵਿੱਚ ਕੂਟਨੀਤੀ ਦੀ ਚੋਣ ਕਰਦਾ ਹੈ ਅਤੇ ਵਿਦੇਸ਼ੀ ਸੰਬੰਧਾਂ ਵਿਚ ਜਾਨ ਪਾਉਣ ਵਾਲਾ ਇਮਾਨਦਾਰ ਜ਼ਰੀਆ ਹੋਵੇ। ਇੱਕ ਇਮਾਨਦਾਰ ਆਗੂ ਜੋ ਉਹ ਆਪਣੀ ਸਹੀ ਗੱਲ ਰੱਖਦਾ ਹੈ ਅਤੇ ਆਪਣੇ ਲੋਕਾਂ ਨਾਲ ਝੂਠ ਨਹੀਂ ਬੋਲਦਾ। ਇਕ ਅਜਿਹਾ ਨੇਤਾ ਚੁਣੋ ਜੋ ਮਜ਼ਬੂਤ , ਭਰੋਸੇਮੰਦ ਪਰ ਬਨਿਮਰ ਹੋਵੇ ਅਤੇ ਸੂਝਵਾਨ, ਪਰ ਚਾਪਲੂਸ ਤੇ ਠੱਗ ਨਾ ਹੋਵੇ । ਇੱਕ ਅਜਿਹਾ ਨੇਤਾ ਜਿਹੜਾ ਨਸਲਵਾਦ ਨੂੰ ਨਹੀਂ, ਵਿਭਿੰਨਤਾ ਨੂੰ ਉਤਸ਼ਾਹਿਤ ਕਰਦਾ ਹੈ। ਨੇਤਾ ਜਿਹੜਾ ਕਿਸਾਨੀ, ਅਧਿਆਪਕ, ਡਾਕਟਰ ਅਤੇ ਵਾਤਾਵਰਣ ਦੀਆਂ ਜਰੂਰਤਾਂ ਨੂੰ ਸਮਝਦਾ ਹੋਵੇ ਨਾ ਕਿ ਸਿਰਫ ਸ਼ਾਹੂਕਾਰ, ਤੇਲ ਦਾ ਕੰਮ ਕਰਨ ਵਾਲੇ, ਹਥਿਆਰ ਬਣਾਉਣ ਵਾਲੇ, ਜਾਂ ਬੀਮਾ ਅਤੇ ਫਾਰਮਾਸਿਉਟੀਕਲ ਲਾਬਿਸਟ ਦਾ ਪੱਖ ਪੂਰੇ। ਇਕ ਅਜਿਹਾ ਆਗੂ ਚੁਣੋ ਜੋ ਤੁਹਾਡੇ ਦੇਸ਼ ਵਿਚ ਨੌਕਰੀਆਂ ਪੈਦਾ ਕਰੇ ਅਤੇ ਕੰਪਨੀਆਂ ਨੂੰ ਸਿਰਫ ਉਨ੍ਹਾਂ ਦੇ ਦਾਇਰੇ ਵਿੱਚ ਰਹਿਣ ਦੀ ਪੇਸ਼ਕਸ਼ ਕਰੇ ਨਾਂ ਕਿ ਰਾਸ਼ਟਰੀ ਰੁਜ਼ਗਾਰ ਸੰਕਟ ਹੋਣ ਤੇ ਕਾਰਪੋਰੇਸ਼ਨਾਂ ਨੂੰ ਸਸਤੀ ਕਿਰਤ ਲਈ ਨੌਕਰੀਆਂ ਆਉਟਸੋਰਸ ਕਰਨ ਦੀ ਆਗਿਆ ਦਿੰਦਾ ਹੋਵੇ। ਇੱਕ ਅਜਿਹਾ ਨੇਤਾ ਚੁਣੋ ਜੋ ਪੁਲਾਂ ਦੀ ਉਸਾਰੀ ਵਿੱਚ ਨਿਵੇਸ਼ ਕਰੇਗਾ, ਨਾ ਕਿ ਦੀਵਾਰਾਂ ਲਈ, ਕਿਤਾਬਾਂ ਲਈ ਹਥਿਆਰ ਲਈ ਨਹੀਂ, ਭ੍ਰਿਸ਼ਟਾਚਾਰ ਦੀ ਥਾਂ ਨੈਤਿਕਤਾ, ਅਗਿਆਨਤਾ ਦੀ ਜਗ੍ਹਾ ਬੌਧਿਕਤਾ ਅਤੇ ਸਿਆਣਪ, ਨਾ ਡਰ ਅਤੇ ਦਹਿਸ਼ਤ, ਹਫੜਾ-ਦਫੜੀ ਨਾਲੋਂ ਸ਼ਾਂਤੀ ਨੂੰ ਪਹਿਲ ਦੇਵੇ। ਇਸਦੇ ਨਾਲ ਹੀ ਪਿਆਰ ਕਰੇ ਨਫ਼ਰਤ ਨਹੀਂ, ਪਰਿਵਰਤਨ ਪਰ ਅਲੱਗ ਨਹੀਂ,ਸਹਿਣਸ਼ੀਲਤਾ ਕਰੇ ਵਿਤਕਰਾ ਨਹੀਂ, ਨਿਰਪੱਖਤਾ ਕਰੇ ਪਖੰਡ ਨਹੀਂ, ਚਰਿੱਤਰ ਵਾਲਾ ਹੋਵੇ ਅਪਵਿੱਤਰ ਨਹੀਂ, ਪਾਰਦਰਸ਼ਤਾ ਦਿਖਾਵੇ ਗੁਪਤਤਾ ਨਹੀਂ ਅਤੇ ਨਿਆਂ ਕਰੇ ਕੁਧਰਮ ਨਹੀਂ । ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਇੱਕ ਮਹਾਨ ਨੇਤਾ ਨੂੰ ਪਹਿਲਾਂ ਬਹੁਤੇ ਰਾਸ਼ਟਰੀ ਕਾਰਪੋਰੇਸ਼ਨਾਂ ਦੀ ਨਹੀਂ, ਲੋਕਾਂ ਦੇ ਭਲੇ ਦੀ ਸੇਵਾ ਕਰਨੀ ਚਾਹੀਦੀ ਹੈ। ਮਨੁੱਖੀ ਜੀਵਨ ਨੂੰ ਕਦੇ ਵੀ ਮੁਦਰਾ ਲਾਭ ਲਈ ਕੁਰਬਾਨ ਨਹੀਂ ਕੀਤਾ ਜਾਣਾ ਚਾਹੀਦਾ ਇਸ ਵਿੱਚ ਕੋਈ ਅਪਵਾਦ ਨਹੀਂ ਹੈ। ਇਸ ਤੋਂ ਇਲਾਵਾ, ਇਕ ਨੇਤਾ ਹਮੇਸ਼ਾਂ ਆਲੋਚਨਾ ਕਰਨ ਲਈ ਖੁੱਲਾ ਹੋਣਾ ਚਾਹੀਦਾ ਹੈ, ਮਤਭੇਦਾਂ ਨੂੰ ਚੁੱਪ ਕਰਾਉਣ ਲਈ ਨਹੀਂ। ਕੋਈ ਵੀ ਆਗੂ ਜਿਹੜਾ ਲੋਕਾਂ ਦੀ ਆਲੋਚਨਾ ਨੂੰ ਬਰਦਾਸ਼ਤ ਨਹੀਂ ਕਰਦਾ ਹੈ, ਆਪਣੇ ਗੰਦੇ ਹੱਥਾਂ ਨਾਲ ਭਾਰੀ ਰੌਸ਼ਨੀ ਦੇ ਸਾਮ੍ਹਣੇ ਆਉਣ ਤੋਂ ਡਰਦਾ ਹੈ ਅਤੇ ਅਜਿਹਾ ਆਗੂ ਹੀ ਖ਼ਤਰਨਾਕ ਹੈ, ਕਿਉਂਕਿ ਉਹ ਸਿਰਫ ਹਨੇਰੇ ਵਿੱਚ ਸੁਰੱਖਿਅਤ ਮਹਿਸੂਸ ਕਰਦਾ ਹੈ। ਸਿਰਫ ਇੱਕ ਨੇਤਾ ਜੋ ਭ੍ਰਿਸ਼ਟਾਚਾਰ ਤੋਂ ਮੁਕਤ ਹੈ ਪੜਤਾਲ ਦਾ ਸਵਾਗਤ ਕਰਦਾ ਹੈ, ਕਿਉਂਕਿ ਪੜਤਾਲ ਇੱਕ ਚੰਗੇ ਨੇਤਾ ਨੂੰ ਵਧੀਆ ਲੀਡਰ ਬਣਨ ਦੀ ਆਗਿਆ ਦਿੰਦੀ ਹੈ। ਅੰਤ ਵਿੱਚ, ਇੱਕ ਅਜਿਹਾ ਨੇਤਾ ਚੁਣੋ ਜੋ ਨਾਗਰਿਕਾਂ ਨੂੰ ਮਾਣ ਦਿਵਾਏਗਾ। ਉਹ ਜੋ ਲੋਕਾਂ ਦੇ ਦਿਲਾਂ ਨੂੰ ਰੋਸ਼ਨ ਕਰੇਗਾ, ਤਾਂ ਜੋ ਕਿਸੇ ਕੌਮ ਦੇ ਬੇਟੇ ਅਤੇ ਧੀਆਂ ਆਪਣੇ ਨੇਤਾ ਦੀ ਮਹਾਨਤਾ ਦਾ ਅਨੁਮਾਨ ਲਗਾਉਣ ਦੀ ਕੋਸ਼ਿਸ਼ ਕਰਨ। ਇੱਕ ਰਾਸ਼ਟਰ ਸੱਚਮੁੱਚ ਉਦੋਂ ਮਹਾਨ ਹੋਵੇਗਾ, ਜਦੋਂ ਇੱਕ ਲੀਡਰ ਭਵਿੱਖ ਦੇ ਨੇਤਾ, ਫੈਸਲਾ ਲੈਣ ਵਾਲੇ ਅਤੇ ਸ਼ਾਂਤੀ ਨਿਰਮਾਤਾ ਬਣਨ ਦੇ ਯੋਗ ਨਾਗਰਿਕਾਂ ਨੂੰ ਪ੍ਰੇਰਿਤ ਅਤੇ ਪੈਦਾ ਕਰਦਾ ਹੈ ਅਤੇ ਇਸ ਸਮੇਂ ਵਿਚ, ਇਕ ਮਹਾਨ ਨੇਤਾ ਬਹੁਤ ਬਹਾਦਰ ਵੀ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਲੀਡਰਸ਼ਿਪ ਨੂੰ ਰਿਸ਼ਵਤ ਦੀ ਬਜਾਏ ਸਿਰਫ ਉਨ੍ਹਾਂ ਦੀ ਜ਼ਮੀਰ ਦੁਆਰਾ ਚਲਾਇਆ ਜਾਣਾ ਚਾਹੀਦਾ ਹੈ।



**ਲੇਖਕ- ਸੂਜ਼ੀ, ਅਮਰੀਕਾ** (Suzy, Author, USA)
**ਪੰਜਾਬੀ 'ਚ ਉਲੱਥਾ - ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'**

ਲੜੀ ਨੰਬਰ–193

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਸਰੀਰਕ ਸਮਾਜਿਕ ਤੇ ਧਾਰਮਿਕ ਜੋਕਾਂ !



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਜੋਕ ਦਾ ਜਿਕਰ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਖੇ ਇਉਂ ਆਇਆ ਹੈ-ਸਾਰੰਗ ਮਹਲਾ ੫ ਸੂਰਦਾਸ॥ ੧ੴ ਸਤਿਗੁਰ ਪ੍ਰਸਾਦਿ॥ ਹਰਿ ਕੇ ਸੰਗ ਬਸੇ ਹਰਿ ਲੋਕ॥ ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ॥੧॥ਰਹਾਉ॥ ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ॥ ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ॥੧॥ ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ॥ ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ॥੨॥੧॥੮॥(1253)

**ਨੋਟ**-ਲਫ਼ਜ਼ ਮਹਲਾ 5 ਤੋਂ ਜ਼ਾਹਰ ਹੁੰਦੈ ਕਿ ਇਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਹੈ। ਲਫ਼ਜ਼ 'ਸੂਰਦਾਸ' ਦੱਸਦਾ ਹੈ ਕਿ ਸਤਿਗੁਰੂ ਜੀ ਨੇ ਸੂਰਦਾਸ ਜੀ ਦੀ ਉਚਾਰੀ ਪਿਛਲੀ ਤੁਕ ਦੇ ਸੰਬੰਧ ਵਿਚ ਇਹ ਸ਼ਬਦ ਉਚਾਰਿਆ ਹੈ।

ਪਦ ਅਰਥ: ਹਰਿ ਲੋਕ=ਪ੍ਰਭੂ ਦੀ ਬੰਦਗੀ ਕਰਨ ਵਾਲੇ। ਅਰਪਿ=ਭੇਟਾ ਕਰ ਕੇ, ਵਾਰ ਕੇ। ਸਰਬਸੁ-ਸੁ੍ਵ=ਧਨ, ਸਭ ਕੁਝ, ਆਪਣਾ ਸਭ ਕੁਝ। ਸਹਜ=ਅਡੋਲਤਾ। ਧੁਨਿ=ਸੁਰ। ਝੋਕ=ਹੁਲਾਰਾ, ਝੂਟਾ।1। ਰਹਾਉ। ਨਿਰਬਿਖਈ=ਵਿਸ਼ਿਆਂ ਤੋਂ ਰਹਿਤ। ਥੋਕ=ਪਦਾਰਥ। ਆਨ=ਹੋਰ। ਕਾਜੁ=ਗ਼ਰਜ਼। ਬਦਨ=ਮੂੰਹ। ਅਲੋਕ=ਵੇਖ ਕੇ।1। ਸਿਆਮ=ਸਾਂਵਲੇ ਰੰਗ ਵਾਲਾ। ਤਜਿ=ਛੱਡ ਕੇ। ਕੁਸਟੀ ਤਨਿ=ਕੋਹੜੀ ਦੇ ਸਰੀਰ ਉੱਤੇ। ਪ੍ਰਭਿ=ਪ੍ਰਭੂ ਨੇ। ਹਥਿ=ਆਪਣੇ ਹੱਥ ਵਿਚ। ਇਹੁ=ਇਹ ਲੋਕ, ਇਸ ਲੋਕ ਵਿਚ ਸੁਖ।2।

ਅਰਥ-ਹੇ ਸੂਰਦਾਸ! ਪ੍ਰਭੂ ਬੰਦਗੀ ਕਰਨ ਵਾਲੇ ਬੰਦੇ ਸਦਾ ਉਸ ਦੇ ਨਾਲ ਵੱਸਦੇ ਨੇ ਇਵੇਂ ਸਹਿਜ ਸੁਭਾਇ ਬੇ-ਮੁਖਾਂ ਨਾਲੋਂ ਉਨ੍ਹਾਂ ਦਾ ਸਾਥ ਛੁੱਟ ਜਾਂਦਾ ਹੈ। ਉਹ ਆਪਣਾ ਤਨ ਮਨ ਆਪਣਾ ਸਭ ਕੁਝ ਇਸ ਪਿਆਰ ਤੋਂ ਸਦਕੇ ਕਰ ਦੇਂਦੇ ਹਨ। ਉਨ੍ਹਾਂ ਨੂੰ ਆਨੰਦ ਦੇ ਹੁਲਾਰੇ ਆਉਂਦੇ ਤੇ ਸਹਿਜ ਅਵਸਥਾ ਦੀ ਤਾਰ ਉਨ੍ਹਾਂ ਦੇ ਅੰਦਰ ਬੱਝ ਜਾਂਦੀ ਹੈ। ਭਗਤ ਸੂਰਦਾਸ ਜੀ ਕਥਨ ਕਰਦੇ ਨੇ ਭਗਤੀ ਕਰਨ ਵਾਲੇ ਬੰਦੇ ਪ੍ਰਭੂ ਦਾ ਦੀਦਾਰ ਕਰ ਕੇ ਵਿਸ਼ੇ ਵਿਕਾਰਾਂ ਤੋਂ ਬਚ ਜਾਂਦੇ ਹਨ। ਉਨ੍ਹਾਂ ਨੂੰ ਸਾਰੇ ਪਦਾਰਥ ਮਿਲ ਜਾਂਦੇ ਨੇ ਭਾਵ, ਉਨ੍ਹਾਂ ਦੀਆਂ ਵਾਸ਼ਨਾਂ ਮੁੱਕ ਜਾਂਦੀਆਂ ਹਨ। ਪ੍ਰਭੂ ਦੇ ਸੋਹਣੇ ਮੁਖ ਦਾ ਦੀਦਾਰ ਕਰ ਕੇ ਉਨ੍ਹਾਂ ਨੂੰ ਦੁਨੀਆਂ ਦੀ ਕਿਸੇ ਹੋਰ ਸ਼ੈ ਦੀ ਕੋਈ ਗ਼ਰਜ਼ ਨਹੀਂ ਰਹਿ ਜਾਂਦੀ।

ਹੇ ਸੂਰਦਾਸ! ਜੋ ਮਨੁੱਖ ਸੋਹਣੇ ਸਾਂਵਲੇ ਸੱਜਣ ਪ੍ਰਭੂ ਨੂੰ ਵਿਸਾਰ ਕੇ ਹੋਰ ਹੋਰ ਪਦਾਰਥਾਂ ਦੀ ਲਾਲਸਾ ਕਰਦੇ ਨੇ ਉਹ ਉਸ ਜੋਕ ਵਾਂਗ ਨੇ ਜੋ ਕਿਸੇ ਕੋਹੜੀ ਦੇ ਸਰੀਰ 'ਤੇ ਲੱਗ ਕੇ ਗੰਦ ਹੀ ਚੂਸਦੀ ਹੈ। ਪਰ, ਹੇ ਸੂਰਦਾਸ! ਜਿਨ੍ਹਾਂ ਦਾ ਮਨ ਪ੍ਰਭੂ ਨੇ ਆਪ ਆਪਣੇ ਹੱਥ ਵਿਚ ਲੈ ਲਿਆ ਹੈ ਉਹਨਾਂ ਨੂੰ ਉਸ ਨੇ ਇਹ ਲੋਕ ਤੇ ਪਰਲੋਕ ਦੋਵੇਂ ਬਖ਼ਸ਼ੇ ਹਨ ਭਾਵ, ਉਹ ਲੋਕ ਪਰਲੋਕ ਦੋਹੀਂ ਥਾਈਂ ਆਨੰਦ 'ਚ ਰਹਿੰਦੇ ਹਨ।

ਸਰੀਰਕ ਜੋਕ-ਇਹ ਪਾਣੀ ਤੇ ਨਮੀ 'ਚ ਰਹਿਣ ਵਾਲਾ ਕੀੜਾ ਜੋ ਥੈਲੀ ਦੀ ਸ਼ਕਲ ਦਾ ਹੁੰਦਾ ਤੇ ਸਰੀਰ ਨੂੰ ਚੰਬੜ ਕੇ ਖ਼ੂਨ ਚੂਸ ਲੈਂਦਾ ਹੈ। ਇੰਗਲਿਸ਼ 'ਚ ਇਸ ਨੂੰ ਲੀਚ ਅਖਦੇ ਹਨ। ਇਹ ਓਲੀਗੋਚੇਟਸ ਨਾਲ ਨੇੜਿਓਂ ਸਬੰਧਤ ਜਿਸ ਵਿੱਚ ਧਰਤੀ ਦੇ ਕੀੜੇ ਵੀ ਸ਼ਾਮਲ ਅਤੇ ਉਨ੍ਹਾਂ ਵਰਗੇ ਨਰਮ ਹਨ। ਇਹ ਆਪਣੇ ਮਾਸਪੇਸ਼ੀ, ਖੰਡ ਵਾਲੇ ਸਰੀਰ ਨੂੰ ਲੰਬੀ ਅਤੇ ਇਕਰਾਰਨਾਮਾ ਕਰ ਸਕਦੀਆਂ ਹਨ। ਦੋਵੇਂ ਸਮੂਹ ਹੇਰਮਾਫ੍ਰੋਡਾਈਟਸ ਹੁੰਦੇ ਅਤੇ ਇੱਕ ਕਲੀਟੈਲਮ ਹੁੰਦੇ ਨੇ ਪਰ ਜੋਕ ਆਮ ਤੌਰ 'ਤੇ ਓਲੀਗੋਚੇਟਸ ਤੋਂ ਦੋਵੇਂ ਸਿਰੇ ਤੇ ਚੂਸਣ ਵਾਲੇ ਅਤੇ ਬਾਹਰੀ ਸਜਾਵਟ ਵਿੱਚ ਭਿੰਨ ਹੁੰਦੇ ਹਨ ਜੋ ਉਨ੍ਹਾਂ ਦੇ ਅੰਦਰੂਨੀ ਹਿੱਸੇ ਨਾਲ ਮੇਲ ਨਹੀਂ ਖਾਂਦਾ। ਇਨ੍ਹਾਂ ਦਾ ਸਰੀਰ ਤੁਲਨਾਤਮਕ ਤੌਰ 'ਤੇ ਠੋਸ ਹੈ। ਹੋਰ ਐਨੇਲਿਡਜ਼, ਕੋਇਲੋਮ ਵਿੱਚ ਪਾਈ ਗਈ ਵਿਸ਼ਾਲ ਸਰੀਰ ਦੀ ਗੁਫਾ ਛੋਟੇ-ਛੋਟੇ ਚੈਨਲਾਂ ਤੱਕ ਘੱਟ ਜਾਂਦੀ ਹੈ।

ਜ਼ਿਆਦਾਤਰ ਲੀਚਾਂ ਤਾਜ਼ੇ ਪਾਣੀ ਦੇ ਵਾਤਾਵਰਣ ਵਿੱਚ ਰਹਿੰਦੀਆਂ ਨੇ ਜਦੋਂ ਕਿ ਕੁਝ ਸਪੀਸੀਸ ਧਰਤੀ ਅਤੇ ਸਮੁੰਦਰੀ ਵਾਤਾਵਰਣ ਵਿੱਚ ਪਾਈਆਂ ਜਾ ਸਕਦੀਆਂ ਹਨ।

ਜਲ-ਪ੍ਰਜਾਤੀਆਂ ਵਿੱਚ ਅੰਡੇ ਇੱਕ ਕੋਕੂਨ ਵਿੱਚ ਜੁੜੇ ਹੁੰਦੇ ਹਨ। ਇਹ ਆਮ ਤੌਰ 'ਤੇ ਕਿਸੇ ਠੋਸ ਚੀਜ਼ ਨਾਲ ਜੁੜੇ ਹੁੰਦੇ ਨੇ ਪਰ ਧਰਤੀ ਦੀਆਂ ਪਰਜਾਤੀਆਂ ਅਕਸਰ ਕੋਕੂਨ ਨੂੰ ਲੌਗ ਦੇ ਹੇਠਾਂ ਜਾਂ ਕਿਸੇ ਚੱਕਰਾਂ ਵਿੱਚ ਛੁਪਾਉਂਦੀਆਂ ਹਨ। ਲਗਭਗ 700 ਜਾਤੀਆਂ ਦੀਆਂ ਕਿਸਮਾਂ ਇਸ ਸਮੇਂ ਮਾਨਤਾ ਪ੍ਰਾਪਤ ਨੇ ਜਿਨ੍ਹਾਂ ਵਿਚੋਂ ਕੁਝ 100 ਸਮੁੰਦਰੀ, 90 ਧਰਤੀ ਅਤੇ ਬਾਕੀ ਤਾਜ਼ੇ ਪਾਣੀ ਦੀਆਂ ਹਨ। ਪੁਰਾਣੇ ਸਮੇਂ ਤੋਂ ਲੈ ਕੇ 19 ਵੀਂ ਸਦੀ ਤੱਕ ਜੋਕਾਂ ਦੀ ਵਰਤੋਂ ਮਰੀਜ਼ਾਂ ਦੇ ਲਹੂ ਚੂਸਣ ਲਈ ਕੀਤੀ ਜਾਂਦੀ ਸੀ। ਅਜੋਕੇ ਸਮੇਂ ਵਿੱਚ, ਜੂਠੇ ਰੋਗ ਜਿਵੇਂ ਕਿ ਐਪੀਕੋਨਡੀਲਾਈਟਿਸ ਅਤੇ ਗਠੀਏ, ਕੱਦ ਦੀਆਂ ਨਾੜੀਆਂ ਦੀਆਂ ਬਿਮਾਰੀਆਂ, ਅਤੇ ਮਾਈਕ੍ਰੋਸੁਰਜਰੀ ਦੇ ਇਲਾਜ ਲਈ ਡਾਕਟਰ ਵਰਤਦੇ ਨੇ ਜਦਕਿ ਹੀਰੂਡਿਨ ਕੁਝ ਖ਼ੂਨ ਦੇ ਜੰਮਣ ਦੇ ਰੋਗਾਂ ਲਈ ਇੱਕ ਮਹੱਤਵਪੂਰਣ ਐਂਟੀਕੋਆਗੁਲੈਂਟ ਦਵਾਈ ਹੈ।

ਅਖੌਤੀ ਬ੍ਰਹਮਗਿਆਨੀ ਜੋਕਾਂ! ਹਰ ਗਲੀ, ਹਰ ਕੂਚੇ, ਹਰ ਦੇਸ਼, ਪਿੰਡ ਤੇ ਸ਼ਹਿਰ ਅੰਦਰ ਵੱਖਰੇ ਰੂਪ ਤੇ ਰੰਗ ਦੇ ਵਿੱਚ ਵਿਚਰ ਰਹੀਆਂ ਨੇ ਜੋਕਾਂ ਕਿਤੇ, ਖ਼ੂਨ ਪੀਂਦੀਆਂ, ਕਿਤੇ ਮਾਸ ਨੋਚਦੀਆਂ, ਸੱਧਰਾਂ ਨੂੰ ਡੰਗਦੀਆਂ ਤੇ ਕਿਤੇ ਆਂਦਰਾਂ ਦੇ ਅੰਦਰ ਕੁਰਬਲ-ਕੁਰਬਲ ਕਰਦੀਆਂ ਹਨ। ਮੰਦਰਾਂ, ਗੁਰਦੁਵਾਰਿਆਂ, ਚਰਚਾਂ, ਮਸਜਿਦਾਂ ਵਾਲੇ ਧਰਮ ਦੇ ਨਾਂ ਉੱਤੇ ਧਰਮੀ ਭੇਖ ਬਣਾਕੇ ਬੈਠੀਆਂ ਤੇ ਚੁਸਤ ਚਲਾਕ ਹਨ। ਆਹ! ਤੱਕੋ ਗੁਰਾਂ ਦੀ ਧਰਤ ਪੰਜਾਬ ਅੰਦਰ ਵੀ ਇਹ ਰਾਜ ਕਰਦੀਆਂ ਨੇ ਰਾਜ ਪ੍ਰਬੰਧ, ਧਰਮ ਪ੍ਰਬੰਧ, ਨਿੱਜੀ ਜ਼ਿੰਦਗੀਆਂ ਤੇ ਵੀ ਕਾਬਜ਼ ਹਨ। ਇਹ ਆਪਣੇ ਗੰਦਗੀ ਵਿੱਚ ਰਹਿਣ ਦੇ ਸੁਭਾਅ ਮੁਤਾਬਿਕ ਇਹ ਟਲਦੀਆਂ ਨਹੀਂ ਇਹ ਅਮ੍ਰਿਤ ਵਿੱਚ 'ਚਰਿਤਰੋ ਪਾਖਿਆਨ' ਘੋਲ ਰਹੀਆਂ ਤੇ 'ਬਚਿੱਤਰ ਨਾਟਕੀ' ਜੋਕਾਂ ਧੀਆਂ ਦੀ ਚੁੰਨੀ ਨੂੰ ਚਿੰਬੜਦੀਆਂ, ਭੈਣਾਂ ਦਾ ਸਿਰ ਨੰਗਾ ਕਰਦੀਆਂ ਹਨ। ਆਪਣੇ ਡੇਰੇ ਦੇ ਮਖਮਲੀ ਪਲੰਘ 'ਤੇ ਬੈਠੀਆਂ, ਭਾਰੀਆਂ ਭਰਕਮ, ਵਿਹਲੜ ਜੋਕਾਂ ਪਾਲਣਹਾਰ ਨੂੰ ਚੁਨੌਤੀ ਦਿੰਦੀਆਂ ਹਨ। ਕੋਮਲ ਕਲੀਆਂ, ਗੰਦਲਾਂ ਦਾ ਨਿੱਤ ਰੱਤ ਚੂਸਦੀਆਂ ਤੇ ਖਿੜਨ ਤੋਂ ਪਹਿਲਾਂ ਫੁੱਲਾਂ ਦੀਆਂ ਪੱਤੀਆਂ ਸਾੜ ਦਿੰਦੀਆਂ ਹਨ। ਅਰਥਚਾਰੇ ਦੀ ਹਿੱਕ ਤੇ ਮੇਲਦੀਆਂ, ਗਰੀਬ ਦੇ ਅਰਮਾਨਾਂ ਦੀ ਅਰਦਾਸ ਤੇ ਪਲਦੀਆਂ ਤੇ ਮੁੜ-ਮੁੜ ਗਰੀਬ ਦੀ ਇੱਜ਼ਤ ਮੁਕਤੀ ਬਹਾਨੇ ਪੱਛਦੀਆਂ ਹਨ। ਇਹ ਜੋਕਾਂ ਅਮੀਰ ਦੀ ਇੱਜ਼ਤ ਔਲਾਦ ਦੇ ਨਾਂ ਤੇ ਆਪਣੇ ਮਹਿਲ ਨੁਮਾਂ ਠਾਠ ਮਹੱਲਾਂ ਦੇ ਵਿੱਚ ਆਪਣੇ 'ਗੜਵਈ' ਸੱਪਾਂ ਨਾਲ ਰਲਕੇ ਡੰਗਦੀਆਂ ਹਨ। ਕਲਯੁਗੀ ਜੋਕਾਂ ਗ੍ਰਹਿਸਤ ਦੇ ਤਿਆਗ ਦਾ ਪਾਖੰਡ ਕਰਕੇ ਮੁੜ ਗ੍ਰਹਿਸਤੀ ਦੀਆਂ ਆਂਦਰਾਂ ਨੂੰ ਧਰਮ ਦੇ ਨਾਂ ਤੇ ਮੱਕਾਰੀ ਦਾ ਜਾਲ ਬੁਣਕੇ ਗਲੱਛ ਜਾਂਦੀਆਂ ਹਨ। ਇਹ ਜੋਕਾਂ ਹਰ ਧਰਮ ਦੇ ਅੰਦਰ ਰੱਬ ਦੇ ਨਾਂ ਉੱਤੇ ਇਨਸਾਨ ਦਾ ਸ਼ੋਸਣ ਕਰਦੀਆਂ ਨੇ ਪਰ ਫਿਰ ਵੀ ਧਰਮੀ ਤੇ 'ਸੰਤ' ਕਹਾਉਂਦੀਆਂ ਹਨ। ਇਹ ਖ਼ੂਨੀ ਜੋਕਾਂ ਸ਼ਾਕਾਹਾਰੀ ਹੋਣ ਦੇ ਢੋਲ ਵਜਾਉਂਦੀਆਂ ਪਰ ਮੁਰਦਿਆਂ ਦੀ ਜੁੜੀ ਭੀੜ ਅੰਦਰ ਪਰ ਡੇਰੇ ਵਿੱਚ ਆਪ ਜਿਉਂਦੇ ਮਾਸ ਨਿਗਲ ਜਾਦੀਆਂ ਹਨ। ਇਹ 'ਸੰਤ' ਜੋਕਾਂ ਬ੍ਰਹਮ ਗਿਆਨ ਵੰਡਣ ਦੇ ਝੂਠੇ ਭਰਮ ਬਣਾਕੇ ਇਨਸਾਨੀਅਤ ਦੀ ਮੌਤ ਕਰਕੇ ਮਨੁੱਖਤਾ ਦੀ ਰੀੜ ਦੀ ਹੱਡੀ ਨੂੰ ਦਿਨੋ ਦਿਨ ਨਕਾਰਾ ਕਰ ਰਹੀਆਂ ਹਨ। ਇਹ ਜੋਕਾਂ ਪੈਰੋਂ, ਲੱਤੋਂ ਨੰਗੀਆਂ ਕਈ ਨੰਗ ਮੁਨੰਗੀਆਂ ਚਿੱਟੇ ਕੱਪੜਿਆ ਦੀ ਆੜ ਥੱਲੇ ਇਨਸਾਨੀਅਤ ਦੇ ਪੈਮਾਨੇ ਤੋਂ ਗਿਰ ਚੁੱਕੀਆਂ ਹਨ। ਇਹ ਆਪੇ ਬਣੀਆਂ ਅਖੌਤੀ ਬ੍ਰਹਮ-ਗਿਆਨੀ ਜੋਕਾਂ ਹਨੇਰੇ ਵਾਂਗ ਪਸਰਕੇ, ਸੱਪ ਵਾਂਗ ਸਰਕਕੇ, ਭਿਆਨਕ ਰੂਪ ਧਾਰਕੇ ਮਹਾਨ ਗੁਰੂ ਨਾਨਕ ਸਾਹਿਬ ਦੇ ਫਲਸਫੇ ਨੂੰ ਤਾਰ-ਤਾਰ ਕਰਦੀਆਂ ਅੱਜ ਵੀ ਦਨ-ਦਨਾ ਰਹੀਆਂ ਹਨ। ਕੁਝ ਕੱਟੜਵਾਦੀ ਡੇਰੇ, ਸੰਪ੍ਰਦਾਵਾਂ ਤੇ ਲੱਠਮਾਰ ਲੋਕ ਦੂਜੇ ਦੇ ਵਿਚਾਰ ਨਾਂ ਮਿਲਣ ਤੇ ਉਸ ਨੂੰ ਮਾਰਦੇ ਕੁਟਦੇ ਤੇ ਉਸ ਦੇ ਪ੍ਰਚਾਰ ਤੇ ਵੀ ਸ਼ਰੇਆਮ ਪਾਬੰਦੀਆਂ ਲਾ ਕੇ ਕੌਮ ਦਾ ਬੌਧਕ ਵਿਕਾਸ ਰੋਕਦੇ ਜਰਾ ਵੀ ਨਹੀ ਸੋਚਦੇ। ਪੰਜਾਬੀ ਬੋਲੀਆਂ 'ਚ ਵੀ ਇਨ੍ਹਾਂ ਦਾ ਜਿਕਰ ਹੈ-ਪਾਣੀ ਵਿਚ ਜੋਕਾਂ ਨੇ, ਪਾਣੀ ਵਿਚ ਜੋਕਾਂ ਨੇ, ਵੇ ਜਿਨ੍ਹਾਂ ਪਿੱਛੇ ਤੂੰ ਫਿਰਦਾ, ਸਾਡੀ ਜੁੱਤੀ ਦੀਆਂ ਨੋਕਾਂ ਨੇ

ਲਹੂ ਪੀਣੀਆਂ ਭਾਰਤੀ ਜੋਕਾਂ-ਜੋਤਸ਼ੀ, ਤਾਂਤਰਿਕ ਤੇ ਵਾਸਤੂਕਲਾ ਵਾਲੇ ਸਾਡੇ ਸਮਾਜ ਨੂੰ ਜੋਕਾਂ ਬਣ ਕੇ ਚੰਬੜੇ ਹੋਏ ਹਨ। ਬਹੁਤ ਸਮਾ ਪਹਿਲਾਂ ਖ਼ਬਰ ਆਈ ਸੀ ਕਿ ਦਿੜ੍ਹਬਾ ਨਜ਼ਦੀਕ ਤਿੰਨ ਛੋਟੇ ਬੱਚਿਆਂ ਨੇ ਨਹਿਰ ਵਿੱਚ ਕਿਸੇ ਵਹਿਮੀ ਵੱਲੋਂ ਵਹਾਏ ਗਏ ਨਾਰੀਅਲ ਪਕੜਨ ਲਈ ਛਲਾਂਗ ਲਗਾਈ। ਪਿੰਡ ਵਾਲਿਆਂ ਦੀ ਹਿੰਮਤ ਕਾਰਨ ਦੋ ਬੱਚੇ ਤਾਂ ਬਚਾਅ ਲਏ ਗਏ ਪਰ ਇੱਕ ਵਿਚਾਰਾ ਮਸੂਮ ਡੁੱਬਣ ਕਾਰਨ ਆਪਣੀ ਜਾਨ ਗਵਾ ਬੈਠਾ। ਕਿਸੇ ਠੱਗ ਜੋਤਸ਼ੀ ਵੱਲੋਂ ਕਸ਼ਟ ਟਾਲਣ ਲਈ ਦੱਸਿਆ ਗਿਆ ਉਪਾਅ, ਇੱਕ ਬੇਗੁਨਾਹ ਦੀ ਮੌਤ ਦਾ ਕਾਰਨ ਬਣ ਗਿਆ। ਚਾਹੀਦਾ ਤਾਂ ਇਹ ਸੀ ਕਿ ਉਸ ਜੋਤਸ਼ੀ ਅਤੇ ਉਪਾਅ ਕਰਨ ਵਾਲੇ ਵਹਿਮੀ ਦੇ ਖਿਲਾਫ ਕਤਲ ਦਾ ਮੁਕੱਦਮਾ ਦਰਜ ਕੀਤਾ ਜਾਂਦਾ।

ਲੋਕ ਹਰ ਸਾਲ ਜੋਤਸ਼ੀਆਂ-ਤਾਂਤਰਿਕਾਂ ਦੇ ਕਹਿਣ 'ਤੇ ਹਜ਼ਾਰਾਂ ਮਣ ਨਾਰੀਅਲ, ਹਵਨ ਦੀ ਸਵਾਹ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ, ਮਰਨ ਵਾਲਿਆਂ ਦੀਆਂ ਅਸਥੀਆਂ, ਧਾਰਮਿਕ ਸਮਾਗਮਾਂ ਦਾ ਰਹਿੰਦ ਖੂੰਹਦ, ਕੋਲੇ, ਸਿੱਕਾ ਅਤੇ ਪੈਸੇ ਨਦੀਆਂ ਨਾਲਿਆਂ ਵਿੱਚ ਸੁੱਟਦੇ ਰਹਿੰਦੇ ਹਨ। ਹਰੇਕ ਧਾਰਮਿਕ ਚੀਜ ਨੂੰ ਜਲ ਪ੍ਰਵਾਹ ਕਰਨ ਦੀ ਰਵਾਇਤ ਨੇ ਭਾਰਤ ਦੇ ਪਾਣੀਆਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਭਾਰਤੀ ਮਜੂਦਾ ਸਿਸਟਮ ਰੂਪ ਜੋਕਾਂ ਕਿਰਤੀਆਂ, ਕਾਮਿਆਂ, ਗਰੀਬਾਂ, ਘੱਟ ਗਿਣਤੀਆਂ, ਔਰਤਾਂ, ਸੂਝਵਾਨ ਵਿਦਵਾਨਾਂ, ਗਿਆਨੀਆਂ ਅਤੇ ਅਗਾਹਵਧੂ ਲੋਕਾਂ ਦਾ ਆਏ ਦਿਨ ਖ਼ੂਨ ਪੀ ਰਹੀਆਂ ਹਨ।

# ਪੰਜਾਬ ਦੇ ਨੌਜਵਾਨ ਵਿਦੇਸ਼ਾਂ 'ਚ ਵੱਸਣ ਦੀਆਂ ਕਰ ਰਹੇ ਤਿਆਰੀਆਂ

**ਜਲੰਧਰ (ਜੇ. ਸਿੰਘ 'ਭਡਿਆਰ')**- ਪੰਜਾਬ ਦੇ ਨੌਜਵਾਨ ਛੇਤੀ ਤੋਂ ਛੇਤੀ ਵਿਦੇਸ਼ਾਂ ਵਿਚ ਸੈਟਲ ਹੋਣ ਦੀ ਦੌੜ ਵਿਚ ਲੱਗੇ ਹੋਏ ਹਨ। ਇਹ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹੈ। ਮੌਜੂਦਾ ਸਮੇਂ ਦੀ ਇਕ ਹੋਰ ਤਲਖ਼ ਹਕੀਕਤ ਇਹ ਵੀ ਪ੍ਰਤੱਖ ਰੂਪ ਵਿਚ ਸਾਹਮਣੇ ਆ ਰਹੀ ਹੈ ਕਿ ਹੁਣ ਪੰਜਾਬ ਦੇ ਦੋਆਬਾ, ਮਾਲਵਾ ਅਤੇ ਮਾਝਾ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿਚ ਵਸਦੇ ਪੰਜਾਬੀ ਪਰਿਵਾਰਾਂ ਦੇ ਪਰਿਵਾਰ ਵਿਦੇਸ਼ਾਂ ਵਿਚ ਜਾ ਕੇ ਵੱਸਣ ਦੀਆਂ ਤਿਆਰੀਆਂ ਕਰ ਰਹੇ ਹਨ।



ਸਭ ਤੋਂ ਹੈਰਾਨੀਜਨਕ ਤੱਥ ਇਹ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਸੂਬੇ ਵਿਚ ਚੰਗੇ-ਭਲੇ ਕਾਰੋਬਾਰ, ਸਨਅੱਤਾਂ, ਦੁਕਾਨਾਂ, ਸ਼ੋਅਰੂਮ ਆਦਿ ਹਨ, ਉਹ ਵੀ ਲਗਾਤਾਰ ਵਿਦੇਸ਼ਾਂ ਵਿਚ ਵਸਣ ਨੂੰ ਤਰਜੀਹ ਦੇ ਰਹੇ ਹਨ। ਜਦੋਂ ਨੌਜਵਾਨਾਂ ਨੂੰ ਪ੍ਰਵਾਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਨਾ ਤਾਂ ਭਾਰਤ ਸਰਕਾਰ ਅਤੇ ਨਾ ਹੀ ਪੰਜਾਬ ਸਰਕਾਰ ਉਨ੍ਹਾਂ ਦੇ ਭਵਿੱਖ ਲਈ ਰੋਜ਼ਗਾਰ ਨਾਲ ਸਬੰਧਤ ਕੋਈ ਠੋਸ ਉਪਰਾਲਾ ਕਰ ਰਹੀ ਹੈ ਅਤੇ ਨਾ ਹੀ ਮੌਜੂਦਾ ਸਮੇਂ ਵਿਚ ਅਜਿਹਾ ਕੋਈ ਸਰਕਾਰੀ ਸਿਸਟਮ ਹੈ, ਜਿਸ ਨਾਲ ਉਹ ਇਥੇ ਰਹਿ ਕੇ ਆਪਣਾ ਅਤੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਸਕਣ। ਅਜਿਹੇ ਵਿਚ ਉਨ੍ਹਾਂ ਨੂੰ ਵਿਦੇਸ਼ ਜਾ ਕੇ ਸੈਟਲ ਹੋਣਾ ਹੀ ਪਵੇਗਾ। ਇਸੇ ਤਰ੍ਹਾਂ ਜਦੋਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜਿੱਥੇ ਉਨ੍ਹਾਂ ਦੇ ਬੱਚੇ ਖੁਸ਼ ਹਨ, ਉਸੇ ਵਿਚ ਉਹ ਖੁਸ਼ ਹਨ।

ਪੰਜਾਬ ਵਿਚ ਹਜ਼ਾਰਾਂ ਨੌਜਵਾਨ ਆਈਲੈੱਟਸ ਟੈਸਟ ਦੇ ਰਹੇ ਹਨ ਅਤੇ ਇਹ ਗਿਣਤੀ ਲਗਾਤਾਰ ਵੱਧ ਰਹੀ ਹੈ। ਇਸ ਟੈਸਟ ਦੇਣ ਲਈ ਹਜ਼ਾਰਾਂ ਰੁਪਏ ਖ਼ਰਚ ਆਉਂਦੇ ਹਨ। ਇਸ ਤੋਂ ਬਾਅਦ ਲੱਖਾਂ ਰੁਪਏ ਵਿਦੇਸ਼ਾਂ ਵਿਚ ਕਾਲਜਾਂ ਅਤੇ ਯੂਨੀਵਰਸਿਟੀਆਂ ਆਦਿ ਵਿਚ ਪੜ੍ਹਾਈ ਕਰਨ ਲਈ ਵੱਖਰੇ ਤੌਰ 'ਤੇ ਖ਼ਰਚ ਕਰਨੇ ਪੈਂਦੇ ਹਨ। ਇਹ ਸਾਰਾ ਪੈਸਾ ਪੰਜਾਬ ਦੇ ਦੋਆਬਾ, ਮਾਲਵਾ ਅਤੇ ਮਾਝੇ ਤੋਂ ਵਿਦੇਸ਼ਾਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਡਾਲਰਾਂ, ਪੌਂਡਾਂ ਵਿੱਚ ਜਾ ਰਿਹਾ ਹੈ।

ਇਸ ਤੋਂ ਇਲਾਵਾ ਵਿਦੇਸ਼ਾਂ ਵਿਚ ਕਾਰੋਬਾਰ ਕਰਨ ਦੇ ਚਾਹਵਾਨਾਂ ਵੱਲੋਂ ਇਹੋ ਜਿਹਾ ਬਹੁਤ ਕੁਝ ਕੀਤਾ ਜਾ ਰਿਹਾ ਹੈ, ਜਿਸ ਦਾ ਸਿੱਧਾ ਅਸਰ ਪੰਜਾਬ ਦੀ ਆਰਥਿਕਤਾ 'ਤੇ ਸਾਫ਼ ਵਿਖਾਈ ਦੇ ਰਿਹਾ ਹੈ। ਲੋਕਾਂ ਦੀ ਇਸ ਇੱਛਾ ਦੇ ਕਾਰਨ ਨਵੀਂ ਕਾਰੋਬਾਰੀ ਪਹਿਲ ਲਗਭਗ ਠੱਪ ਹੋ ਰਹੀ ਹੈ ਅਤੇ ਮੌਜੂਦਾ ਕਾਰੋਬਾਰੀ ਦਿਸ਼ਾ ਅਤੇ ਦਸ਼ਾ ਹਰ ਰੋਜ਼ ਮੰਦੀ ਵੱਲ ਜਾ ਰਹੀ ਹੈ। ਵਿਦੇਸ਼ਾਂ ਵਿਚ ਵੱਡੀ ਰਕਮ ਜਾਣ ਕਾਰਨ ਇਸ ਦਾ ਸਿੱਧਾ ਅਸਰ ਸੂਬੇ ਵਿਚ ਰਹਿਣ ਵਾਲੇ ਲੋਕਾਂ ਦੀ ਜ਼ਿੰਦਗੀ 'ਤੇ ਸਾਫ਼ ਵਿਖਾਈ ਦੇ ਰਿਹਾ ਹੈ। ਜਦੋਂ ਨੌਜਵਾਨ ਪੀੜ੍ਹੀ ਵਿਦੇਸ਼ ਵਿਚ ਹੁੰਦੀ ਹੈ ਤਾਂ ਉਨਾਂ ਦੇ ਪਰਿਵਾਰਾਂ ਨੂੰ ਕੁਝ ਹੱਦ ਤਕ ਇਸ ਦਾ ਖ਼ਰਚਾ ਚੁੱਕਣਾ ਹੀ ਪੈਂਦਾ ਹੈ। ਇਸ ਦਾ ਨਤੀਜਾ ਇਹ ਹੈ ਕਿ ਲੋਕ ਚਾਹ ਕੇ ਵੀ ਖ਼ਰਚ ਨਹੀਂ ਕਰ ਪਾਉਂਦੇ ਜਿਸ ਦਾ ਸਿੱਧਾ ਅਸਰ ਸੂਬੇ ਵਿਚ ਹਰ ਕਾਰੋਬਾਰ 'ਤੇ ਪੈ ਰਿਹਾ ਹੈ। ਸਰਕਾਰਾਂ ਨੂੰ ਠੋਸ ਉਪਰਾਲੇ ਕਰਕੇ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਚੰਡੀਗੜ੍ਹ-ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਘੇਰਦਿਆਂ ਅਕਾਲੀ ਆਗੂ ਬਿਰਕਮ ਸਿੰਘ ਮਜੀਠੀਆ ਨੇ ਆਪਣੇ ਫੇਸਬੁਕ ਸਫੇ ਉਤੇ ਆਖਿਆ ਹੈ ਕਿ ਇੱਕ ਤੋਂ ਬਾਅਦ ਇੱਕ ਮਹਿਕਮੇ ਵਿੱਚ ਬਾਹਰਲੇ ਸੂਬਿਆਂ ਦੇ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਭਗਵੰਤ ਮਾਨ ਸਰਕਾਰ ਪੰਜਾਬ ਦੇ ਨੌਜਵਾਨ ਨੂੰ ਵਿਦੇਸ਼ਾਂ ਵਿੱਚ ਪਰਵਾਸ ਕਰ ਜਾਣ ਲਈ ਮਜ਼ਬੂਰ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਆਖਿਆ ਸੀ ਕਿ ਪੰਜਾਬ ਦੇ ਨੌਜਵਾਨ ਬਾਹਰ ਨਹੀਂ ਜਾਣਗੇ, ਸਗੋਂ ਗੋਰੇ ਇਥੇ ਆ ਕੇ ਕੰਮ ਕਰਨਗੇ। ਉਨ੍ਹਾਂ ਤਲਖ ਲਹਿਜ਼ੇ ਵਿਚ ਕਿਹਾ ਕਿ ਮੈਂ ਤੁਹਾਡੇ ਅੱਗੇ ਹੱਥ ਬੰਨ੍ਹੇ, ਗੋਰਿਆਂ ਨੂੰ ਤਾਂ ਛੱਡੋ ਆਪਣੇ ਬੱਚੇ ਹੀ ਬਾਹਰੋਂ ਲੈ ਆਵੋ। ਉਨ੍ਹਾਂ ਕਿਹਾ ਕਿ ਲੋਕ ਭਗਵੰਤ ਮਾਨ ਸਰਕਾਰ ਦੇ ਝੂਠਾਂ ਦਾ ਨਿੱਤ ਪਰਦਾਫਾਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਨਵਾਂ ਕਾਗਜ਼ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ। ਇਸ ਵਿਚ ਪੰਜਾਬ ਦੀ ਥਾਂ ਬਾਹਰਲੇ ਸੂਬਿਆਂ ਦੇ ਨੌਜਵਾਨ ਸੂਬੇ ਵਿਚ ਆ ਕੇ ਨੌਕਰੀਆਂ ਲੈ ਰਹੇ ਹਨ।

**Postal Address of Desh Doaba : 5101 Doe Hollow Pl, Antelope, CA. 95843**
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਿੱਖ ਕੌਂਸਲ ਆਫ਼ ਸਕਾਟਲੈਂਡ ਵੱਲੋਂ ਸਿਕਲੀਗਰ ਵਣਜਾਰੇ ਸਿੱਖਾਂ ਦੇ ਬੱਚਿਆਂ ਦੀ ਸਿੱਖਿਆ ਲਈ ਇਕੱਤਰ ਕੀਤੀ ਦਾਨ ਰਾਸ਼ੀ





**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਿੱਖ ਕੌਂਸਲ ਆਫ ਸਕਾਟਲੈਂਡ ਇੱਕ ਵੱਕਾਰੀ, ਸਮਾਜ ਸੇਵੀ ਸੰਸਥਾ ਵਜੋਂ ਜਾਣੀ ਜਾਂਦੀ ਹੈ। ਸਕਾਟਲੈਂਡ ਤੋਂ ਸੰਚਾਲਿਤ ਇਸ ਸੰਸਥਾ ਵੱਲੋਂ ਸਮੇਂ ਸਮੇਂ 'ਤੇ ਮੱਧ ਪ੍ਰਦੇਸ ਵਸਦੇ ਸਿਕਲੀਗਰ ਵਣਜਾਰੇ ਸਿੱਖਾਂ ਦੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਚੱਕਣ ਲਈ ਸਮਾਗਮ ਕੀਤੇ ਜਾਂਦੇ ਹਨ।

ਗਲਾਸਗੋ ਦੇ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਵਿਖੇ ਬੱਚਿਆਂ ਦਾ ਫੰਡ ਰੇਜ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਵੱਡੀ ਗਿਣਤੀ 'ਚ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੇ ਸ਼ਿਰਕਤ ਕੀਤੀ। ਸਿੱਖ ਕੌਂਸਲ ਆਫ ਸਕਾਟਲੈਂਡ ਸੰਸਥਾ ਦਾ ਮੰਨਣਾ ਹੈ ਕਿ ਜੇਕਰ ਅਸੀਂ ਕਿਸੇ ਨੂੰ ਆਰਥਿਕ ਦਾਨ ਦਿੰਦੇ ਹਾਂ



ਤਾਂ ਉਸ ਤੋਂ ਬਿਹਤਰ ਇਹ ਹੈ ਕਿ ਕਿਸੇ ਬੱਚੇ ਨੂੰ ਵਿੱਦਿਆ ਦਾ ਦਾਨ ਦਿੱਤਾ ਜਾਵੇ ਤਾਂ ਉਹ ਆਪਣੀਆਂ ਆਉਣ ਵਾਲੀਆਂ ਕੁਲਾਂ ਦਾ ਜੀਵਨ ਸੁਧਾਰ ਸਕਦਾ ਹੈ। ਸਿੱਖ ਕੌਂਸਲ ਆਫ ਸਕਾਟਲੈਂਡ ਵੱਲੋਂ ਕਰਵਾਏ ਇਸ ਸਮਾਗਮ ਦੌਰਾਨ ਬੱਚਿਆਂ ਨੇ ਵੱਖ ਵੱਖ ਖੇਡਾਂ ਵਿੱਚ ਹਿਸਾ ਲੈ ਕੇ ਨਾਲ ਹੀ ਸਿਕਲੀਗਰ ਵਣਜਾਰੇ ਸਿੱਖਾਂ ਦੇ ਬੱਚਿਆਂ ਲਈ ਫੰਡ ਵੀ ਇਕੱਤਰ ਕੀਤਾ।

ਇਸ ਸਮੇਂ ਸ੍ਰ: ਸੁਲੱਖਣ ਸਿੰਘ, ਗੁਰਦੀਪ ਸਿੰਘ ਸਮਰਾ, ਡਾ: ਇੰਦਰਜੀਤ ਸਿੰਘ, ਸਰਦਾਰਾ ਸਿੰਘ ਜੰਡੂ, ਜਗਦੀਸ਼ ਸਿੰਘ ਵੱਲੋਂ ਜਿੱਥੇ ਵਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ ਉੱਥੇ ਇਸ ਸਮੇਂ ਪਹੁੰਚੇ ਮਾਪਿਆਂ ਅਤੇ ਬੱਚਿਆਂ ਦਾ ਵੀ ਬਹੁਤ ਧੰਨਵਾਦ ਕੀਤਾ ਗਿਆ, ਜਿਹਨਾਂ ਨੇ ਇਸ ਸਮਾਗਮ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਸਿੱਖ ਕੌਂਸਿਲ ਆਫ਼ ਸਕਾਟਲੈਂਡ ਨੇ ਐਲਬਰਟ ਡਰਾਈਵ ਗੁਰਦੁਆਰਾ ਵਿਖੇ ਫੰਡ ਰੇਜ਼ਿੰਗ ਸਮਾਗਮ ਵਿੱਚ 4000 ਪੌਂਡ ਦੀ ਸਹਾਇਤਾ ਰਾਸ਼ੀ ਇਕੱਤਰ ਕੀਤੀ।

# ਪ੍ਰਸਿੱਧ ਗਾਇਕ ਕੁਲਦੀਪ ਪੁਰੇਵਾਲ ਦਾ ਸਕਾਟਲੈਂਡ ਵਸਦੇ ਮਿੱਤਰਾਂ ਵੱਲੋਂ ਸਨਮਾਨ



**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–**1990 ਦੇ ਦਹਾਕੇ ਦੇ ਨੇੜ ਤੇੜ ਕੁਲਦੀਪ ਪੁਰੇਵਾਲ ਨਾਮ ਦੀ ਬੁਲੰਦ ਆਵਾਜ਼ ਦਾ ਆਗਮਨ ਹੋਇਆ ਤਾਂ "ਹਾਏ ਰੱਬਾ ਸੋਹਣਿਆਂ ਨੂੰ ਕੀ ਮਿਲਦਾ, ਆਸ਼ਕਾਂ ਨੂੰ ਐਨਾ ਤੜਫਾ ਕੇ" ਗੀਤ ਗਲੀਆਂ ਮੁਹੱਲਿਆਂ 'ਚ ਗੂੰਜ ਉੱਠਿਆ। ਕੈਸੇਟਾਂ ਵਾਲੇ ਦੌਰ ਵਿੱਚ ਹਿੱਟ ਗੀਤਾਂ ਰਾਹੀਂ ਸਰਗਰਮ ਰਹੇ ਗਾਇਕ ਕੁਲਦੀਪ ਪੁਰੇਵਾਲ ਹੁਣ ਵੀ ਓਨੀ ਹੀ ਸਰਗਰਮੀ ਨਾਲ ਹੀ ਗਾਇਕੀ ਖੇਤਰ ਵਿੱਚ ਹਾਜ਼ਰ ਹਨ। ਆਪਣੇ ਨਵੇਂ ਗੀਤ ਦੀ ਵੀਡੀਓ ਦੇ ਫਿਲਮਾਂਕਣ ਲਈ ਸਕਾਟਲੈਂਡ ਪਹੁੰਚੇ ਕੁਲਦੀਪ ਪੁਰੇਵਾਲ ਦੀ ਆਮਦ 'ਤੇ ਉਹਨਾਂ ਦੇ ਮਿੱਤਰਾਂ ਵੱਲੋਂ ਬਹੁਤ ਹੀ ਪਿਆਰ ਸਹਿਤ ਜੀ ਆਇਆਂ ਨੂੰ ਕਿਹਾ ਗਿਆ। ਇਸ ਸਮੇਂ ਸਕਾਟਲੈਂਡ ਦੇ ਉੱਘੇ ਕਾਰੋਬਾਰੀ ਲਖਵੀਰ ਸਿੰਘ ਸਿੱਧੂ ਤੇ ਪਰਮਜੀਤ ਸਿੰਘ ਪੁਰੇਵਾਲ, ਸੋਢੀ ਬਾਗੜੀ ਦੀ ਅਗਵਾਈ ਵਿੱਚ ਸ਼ਾਲ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਪੰਜ ਦਰਿਆ ਟੀਮ ਵੱਲੋਂ ਤਿਆਰ ਵਿਸ਼ੇਸ਼ ਪ੍ਰਸੰਸਾ ਪੱਤਰ ਲਖਵੀਰ ਸਿੰਘ ਸਿੱਧੂ ਵੱਲੋਂ ਭੇਂਟ ਕੀਤਾ ਗਿਆ। ਇਸ ਸਮੇਂ ਬੋਲਦਿਆਂ ਲਖਵੀਰ ਸਿੰਘ ਸਿੱਧੂ ਨੇ ਕਿਹਾ ਕੁਲਦੀਪ ਪੁਰੇਵਾਲ ਨੇ ਹਮੇਸ਼ਾ ਹੀ ਸਮੈਂ ਦੀ ਨਬਜ਼ ਟੋਂਹਦੇ ਗੀਤ ਗਾਏ ਹਨ, ਇਹੀ ਵਜ੍ਹਾ ਹੈ ਕਿ ਉਹ ਨਿਰੰਤਰ ਆਪਣੇ ਪ੍ਰਸੰਸਕਾਂ ਦੇ ਦਿਲਾਂ ਵਿੱਚ ਵਸੇ ਹੋਏ ਹਨ। ਉਹਨਾਂ ਕਿਹਾ ਕਿ ਸਕਾਟਲੈਂਡ ਵਸਦੇ ਉਹਨਾਂ ਦੇ ਸਮੂਹ ਮਿੱਤਰਾਂ ਨੂੰ ਕੁਲਦੀਪ ਪੁਰੇਵਾਲ ਦੀਆਂ ਪ੍ਰਾਪਤੀਆਂ 'ਤੇ ਅਕਹਿ ਤੇ ਅਥਾਹ ਮਾਣ ਹੈ। ਪਰਮਜੀਤ ਸਿੰਘ ਪੁਰੇਵਾਲ ਨੇ ਕਿਹਾ ਕਿ ਕੁਲਦੀਪ ਪੁਰੇਵਾਲ ਨੇ ਜਿੱਥੇ ਪੰਜਾਬ ਰਹਿੰਦਿਆਂ ਗਾਇਕੀ ਦਾ ਸੁਨਹਿਰੀ ਦੌਰ ਮਾਣਿਆ ਹੈ ਤੇ ਇੱਕ ਤੋਂ ਬਾਅਦ ਇੱਕ ਹਿੱਟ ਗੀਤ ਗਾਏ ਉੱਥੇ ਯੂਕੇ ਵਸਣ ਉਪਰੰਤ ਵੀ ਆਪਣੇ ਸੰਗੀਤਕ ਸਫ਼ਰ ਵਿੱਚ ਖੜੋਤ ਨਹੀਂ ਆਉਣ ਦਿੱਤੀ। ਸਨਮਾਨ ਉਪਰੰਤ ਗਾਇਕ ਕੁਲਦੀਪ ਪੁਰੇਵਾਲ ਨੇ ਕਿਹਾ ਕਿ ਸਕਾਟਲੈਂਡ ਜਿੱਥੇ ਕੁਦਰਤੀ ਨਜ਼ਾਰਿਆਂ ਕਰਕੇ ਖੂਬਸੂਰਤ ਹੈ ਉੱਥੇ ਮਾਣਮੱਤੇ ਯਾਰਾਂ ਕਰਕੇ ਹੋਰ ਵੀ ਵਧੇਰੇ ਖੂਬਸੂਰਤ ਹੈ। ਕਾਮਨਾ ਕਰਦਾ ਹਾਂ ਕਿ ਇਹਨਾਂ ਦੋਸਤਾਂ ਮਿੱਤਰਾਂ ਦੀਆਂ ਮਹਿਫਲਾਂ ਇਉਂ ਹੀ ਲਗਦੀਆਂ ਰਹਿਣ। ਇਸ ਸਮੇਂ ਲਖਵੀਰ ਸਿੰਘ ਸਿੱਧੂ, ਬੌਬੀ ਨਿੱਝਰ, ਜਸਪ੍ਰੀਤ ਖਹਿਰਾ, ਕੁਲਵੰਤ ਸਹੋਤਾ, ਸਰਬਜੀਤ ਪੱਡਾ, ਅਮਨ ਜੌਹਲ, ਦੀਪ ਗਿੱਲ, ਸੋਢੀ ਬਾਗੜੀ, ਪਰਮਜੀਤ ਪੁਰੇਵਾਲ, ਗੈਰੀ ਸਿੱਧੂ, ਮੰਗਲ ਸਿੰਘ ਕੂਨਰ, ਪ੍ਰਾਨ ਪੱਲੀ, ਸੁਖ ਸਿੰਧਰ, ਮੋਹਨ ਸਿੰਧਰ, ਅੰਮ੍ਰਿਤਪਾਲ ਸਿੰਧਰ, ਸ਼ੀਰਾ ਚਾਹਲ, ਤਾਜ਼ੀ ਪੱਡਾ, ਬੌਬੀ ਸਮਰਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।






# ਦਲਜੀਤ ਕੌਰ ਦੇ ਦਿਹਾਂਤ ਤੇ ਗੁਰਦਾਸ ਮਾਨ-ਰਾਣਾ ਰਣਬੀਰ ਸਣੇ ਨੀਰੂ ਬਾਜਵਾ ਨੇ ਪ੍ਰਗਟਾਇਆ ਦੁੱਖ

**ਮੋਹਾਲੀ–** ਪੰਜਾਬੀ ਅਦਾਕਾਰਾ ਦਲਜੀਤ ਕੌਰ ਦੇ ਦਿਹਾਂਤ ਤੋਂ ਬਾਅਦ ਪਾਲੀਵੁੱਡ ਇੰਡਸਟਰੀ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਦਲਜੀਤ ਦੇ ਦਿਹਾਂਤ ਉੱਪਰ ਸਿਨੇਮਾ ਜਗਤ ਦੀਆਂ ਕਈ ਮਸ਼ਹੂਰ ਹਸਤੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸ ਦੌਰਾਨ ਪੰਜਾਬੀ ਗਾਇਕ ਅਤੇ ਅਦਾਕਾਰ ਗੁਰਦਾਸ ਮਾਨ, ਰਾਣਾ ਰਣਬੀਰ ਅਤੇ ਨੀਰੂ ਬਾਜਵਾ ਵੱਲੋਂ ਵੀ ਇੱਕ ਖਾਸ ਪੋਸਟ ਸ਼ੇਅਰ ਕਰ ਦੁੱਖ ਜਤਾਇਆ ਗਿਆ ਹੈ।



ਅਦਾਕਾਰਾ ਨੀਰੂ ਬਾਜਵਾ ਨੇ ਪੋਸਟ ਸ਼ੇਅਰ ਕਰਦੇ ਹੋਏ ਲਿਖਿਆ, #ਰਿਪ ਦਿਲਜੀਤ ਕੌਰ ਜੀ ਤੁਸੀਂ ਇੱਕ ਪ੍ਰੇਰਨਾ ਸਰੋਤ ਸੀ....ਬਹੁਤ ਹੀ ਦੁਖਦਾਈ ਖਬਰ। ਮੈਂ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਮੈਨੂੰ ਤੁਹਾਡੇ ਨਾਲ ਹੀਰ ਰਾਂਝਾ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ...

ਇਸ ਤੋਂ ਇਲਾਵਾ ਅਦਾਕਾਰ ਅਤੇ ਲੇਖਕ ਰਾਣਾ ਰਣਬੀਰ ਨੇ ਵੀ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਪਰ ਪੋਸਟ ਸ਼ੇਅਰ ਕੀਤੀ ਹੈ।


ਪੰਜਾਬੀ ਸਿਨੇਮਾ ਜਗਤ ਦੀ ਸ਼ਾਨ ਗੁਰਦਾਸ ਮਾਨ ਵੱਲੋਂ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਨੇ ਆਪਣੇ ਸੋਸ਼ਲ ਅਕਾਊਂਟ ਉੱਪਰ ਪੋਸਟ ਸ਼ੇਅਰ ਕਰ ਲਿਖਿਆ, ਦਲਜੀਤ ਕੌਰ ਜੀ, ਖੂਬਸੂਰਤੀ ਦੀ ਮਿਸਾਲ, ਭਾਰਤੀ ਸਿਨੇਮਾ ਤੁਹਾਨੂੰ ਹਮੇਸ਼ਾ ਯਾਦ ਰੱਖੂ...

ਕਾਬਿਲਗੌਰ ਹੈ ਕਿ ਬੀਤੇ ਦਿਨ ਦਲਜੀਤ ਕੌਰ ਦਾ ਦਿਹਾਂਤ ਹੋਇਆ। ਉਨ੍ਹਾਂ 69 ਸਾਲ ਦੀ ਉਮਰ 'ਚ ਦੁਨੀਆ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਦਿੱਤਾ। ਉਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਐਤੀਆਣਾ ਦੀ ਰਹਿਣ ਵਾਲੀ ਸੀ, ਜਿਥੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਪਾਲੀਵੁੱਡ ਦੇ ਨਾਲ-ਨਾਲ ਉਨ੍ਹਾਂ ਨੂੰ ਬਾਲੀਵੁੱਡ ਸਿਨੇਮਾ ਜਗਤ ਵਿੱਚ ਵੀ ਕੰਮ ਕਰਦੇ ਹੋਏ ਦੇਖਿਆ ਗਿਆ।

# ਪੰਜਾਬ 'ਚ ਨਸ਼ਿਆਂ ਦੀ ਤਸਕਰੀ ਨੂੰ ਬੇਨਕਾਬ ਕਰੇਗੀ ਫ਼ਿਲਮ 'ਕੈਟ'

**ਮੁੰਬਈ–** ਅਦਾਕਾਰ ਰਣਦੀਪ ਹੁੱਡਾ ਦੀ ਵੈੱਬ ਸੀਰੀਜ਼ 'ਕੈਟ' ਦਾ ਟਰੇਲਰ ਰਿਲੀਜ਼ ਹੋਇਆ ਹੈ, ਜਿਸ 'ਚ ਰਣਦੀਪ ਪੰਜਾਬ 'ਚ ਨਸ਼ਾ ਤਸਕਰੀ 'ਚ ਫਸੇ ਆਪਣੇ ਭਰਾ ਨੂੰ ਬਚਾਉਂਦਾ ਨਜ਼ਰ ਆ ਰਿਹਾ ਹੈ। ਦੱਸ ਦਈਏ ਕਿ 'ਕੈਟ' ਮਸ਼ਹੂਰ ਓਟੀਟੀ ਪਲੇਟਫਾਰਮ ਨੈਟਫਲਿਕਸ 'ਤੇ ਰਿਲੀਜ਼ ਹੋਵੇਗੀ। ਇਸ ਵੈਬ ਸੀਰੀਜ਼ 'ਚ ਪੰਜਾਬ ਨੂੰ ਨਸ਼ਿਆਂ ਦੇ ਗੜ੍ਹ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਸੀਰੀਜ਼ 'ਚ ਰਣਦੀਪ ਹੁੱਡਾ ਤੋਂ ਇਲਾਵਾ ਕਾਵਿਆ ਥਾਪਰ, ਦਾਨਿਸ਼ ਸੂਦ, ਕੇਪੀ ਸਿੰਘ ਅਤੇ ਗੀਤਾ ਅਗਰਵਾਲ ਵਰਗੇ ਕਈ ਫ਼ਿਲਮੀ ਸਿਤਾਰੇ ਮੌਜੂਦ ਹਨ।

ਦੱਸ ਦਈਏ ਕਿ ਰਣਦੀਪ ਹੁੱਡਾ ਨੇ ਕਾਫ਼ੀ ਸਮੇਂ ਤੋਂ ਫਿਲਮੀ ਦੁਨੀਆ ਤੋਂ ਦੂਰੀ ਬਣਾਈ ਹੋਈ ਸੀ। ਅਜਿਹੇ 'ਚ ਹੁਣ ਰਣਦੀਪ ਵੈੱਬ ਸੀਰੀਜ਼ 'ਕੈਟ' ਰਾਹੀਂ ਵਾਪਸੀ ਕਰਨ ਲਈ ਤਿਆਰ ਹਨ। ਅੱਜ ਓਟੀਟੀ ਪਲੇਟਫਾਰਮ ਨੈਟਫਲਿਕਸ ਨੇ ਆਪਣੇ ਅਧਿਕਾਰਤ ਯੂਟਿਊਬ ਚੈਨਲ 'ਤੇ 'ਕੈਟ' ਦਾ ਨਵੀਨਤਮ ਟਰੇਲਰ ਰਿਲੀਜ਼ ਕੀਤਾ ਹੈ। 1 ਮਿੰਟ 40 ਸੈਕਿੰਡ ਦੇ 'ਕੈਟ' ਦੇ ਇਸ ਟਰੇਲਰ ਨੂੰ ਦੇਖਣ ਤੋਂ ਬਾਅਦ ਤੁਹਾਨੂੰ ਪਤਾ ਲੱਗੇਗਾ ਕਿ ਰਣਦੀਪ ਹੁੱਡਾ ਦੀ ਇਸ ਸੀਰੀਜ਼ 'ਚ ਪੰਜਾਬ ਦੀ ਡਰੱਗ ਤਸਕਰੀ ਦੀ ਕਹਾਣੀ ਦਿਖਾਈ ਗਈ ਹੈ। ਰਣਦੀਪ ਹੁੱਡਾ ਦਾ ਛੋਟਾ ਭਰਾ ਇਸ ਨਸ਼ਾ ਤਸਕਰੀ 'ਚ ਫਸ ਜਾਂਦਾ ਹੈ ਅਤੇ ਪੁਲਸ ਉਸ ਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ। ਅਜਿਹੇ 'ਚ ਰਣਦੀਪ ਹੁੱਡਾ ਪੁਲਸ ਦਾ ਅੰਡਰ ਸਪੈਸ਼ਲ ਕਾਪ 'ਕੈਟ' ਬਣ ਕੇ ਪੰਜਾਬ 'ਚ ਨਸ਼ਿਆਂ ਦੀ ਤਸਕਰੀ ਨੂੰ ਕਿਵੇਂ ਬੇਨਕਾਬ ਕਰਦਾ ਹੈ, ਇਹ ਦੇਖਣ ਵਾਲੀ ਗੱਲ ਹੈ। ਸਰਦਾਰ ਦੇ ਲੁੱਕ 'ਚ ਰਣਦੀਪ ਹੁੱਡਾ ਕਾਫ਼ੀ ਖੂਬਸੂਰਤ ਲੱਗ ਰਹੇ ਹਨ। ਰਣਦੀਪ ਹੁੱਡਾ ਸੀਰੀਜ਼ ਕੈਟ 'ਚ ਗੁਰਨਾਮ ਸਿੰਘ ਦਾ ਕਿਰਦਾਰ ਨਿਭਾਅ ਰਹੇ ਹਨ। ਦੱਸਣਯੋਗ ਹੈ ਕਿ ਰਣਦੀਪ ਦੀ 'ਕੈਟ' ਅਗਲੇ ਮਹੀਨੇ 9 ਦਸੰਬਰ ਨੂੰ ਆਨਲਾਈਨ ਸਟ੍ਰੀਮਿੰਗ ਓਟੀਟੀ ਪਲੇਟਫਾਰਮ ਨੈਟਫਲਿਕਸ 'ਤੇ ਕੀਤੀ ਜਾਵੇਗੀ।




# ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ 14 ਦਿਨਾਂ ਨਿਆਂਇਕ ਹਿਰਾਸਤ 'ਚ

**ਗੁਰਦਾਸਪੁਰ–** ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਨੂੰ ਸ੍ਰੀ ਦਰਬਾਰ ਸਾਹਿਬ ਬਾਰੇ ਵਿਵਾਦਿਤ ਬਿਆਨ ਦੇਣ ਕਾਰਨ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਜਿਸ ਤੋਂ ਬਾਅਦ ਪੁਲਿਸ ਨੇ ਸੋਨੀ ਨੂੰ ਅਦਾਲਤ ਵਿੱਚ ਪੇਸ਼ ਕੀਤਾ। ਜਿੱਥੇ ਅਦਾਲਤ ਨੇ ਹਰਵਿੰਦਰ ਸੋਨੀ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਤੇ ਭੇਜ ਦਿੱਤਾ ਹੈ।



ਤੁਹਾਨੂੰ ਦੱਸ ਦੇਈਏ ਕਿ ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਵੱਲੋਂ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਕਤਲ ਮਾਮਲੇ ਨੂੰ ਲੈ ਕੇ ਪੰਜਾਬ ਬੰਦ ਦੀ ਕਾਲ ਦੇਣ ਦੇ ਦੌਰਾਨ ਸਿੱਖਾਂ ਦੇ ਸਰਵਉੱਚ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦੁਬਾਰਾ ਢਾਹੁਣ ਦਾ ਧਮਕੀ ਭਰਿਆ ਇਤਰਾਜ਼ਯੋਗ ਬਿਆਨ ਦਿੱਤਾ ਗਿਆ ਸੀ। ਸੋਨੀ ਦੇ ਇਸ ਬਿਆਨ ਤੋਂ ਬਾਅਦ ਮਾਹੌਲ ਗਰਮਾ ਗਿਆ ਸੀ।

ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਦੇ ਇਸ ਬਿਆਨ ਤੋਂ ਬਾਅਦ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਸੀ ਅਤੇ ਇਸ ਮਾਮਲੇ ਨੂੰ ਲੈ ਕੇ ਸਿੱਖ ਜਥੇਬੰਦੀਆਂ ਅਤੇ ਹੋਰ ਸਮਾਜਿਕ ਸੰਗਠਨ ਵੱਲੋਂ 15 ਨਵੰਬਰ ਦੇ ਦਿਨ ਐੱਸ.ਐੱਸ.ਪੀ. ਦਫ਼ਤਰ ਗੁਰਦਾਸਪੁਰ ਵਿਖੇ ਭਾਰੀ ਇਕੱਠ ਕਰ ਕੇ ਸ਼ਾਂਤਮਈ ਧਰਨਾ ਲਗਾਇਆ ਗਿਆ ਸੀ। ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਐੱਸ.ਐੱਸ.ਪੀ ਨੂੰ ਇੱਕ ਮੰਗ ਪੱਤਰ ਦਿੱਤਾ ਸੀ ਅਤੇ ਇਤਰਾਜ਼ਯੋਗ ਬਿਆਨਬਾਜ਼ੀ ਕਰਨ ਦੇ ਇਲਜ਼ਾਮ ਵਿੱਚ ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਸੀ।

ਜ਼ਿਕਰਯੋਗ ਹੈ ਕਿ ਗੁਰਦਾਸਪੁਰ ਤੋਂ ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਵੱਲੋਂ ਸ੍ਰੀ ਦਰਬਾਰ ਸਾਹਿਬ ਬਾਰੇ ਦਿੱਤੇ ਗਏ ਧਮਕੀ ਭਰੇ ਇਤਰਾਜ਼ਯੋਗ ਬਿਆਨ ਤੋਂ ਬਾਅਦ ਸਿੱਖ ਜੱਥੇਬੰਦੀਆਂ ਅਤੇ ਸ਼ਿਵ ਸੈਨਾ ਆਗੂਆਂ ਵਿਚਾਲੇ ਵਿਵਾਦ ਛਿੜ ਗਿਆ ਸੀ। ਇਸ ਨੂੰ ਲੈ ਕੇ ਸ਼ਿਵ ਸੈਨਾ ਨੇ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਸ਼ਿਵ ਸੈਨਾ ਦੀ ਕੌਮੀ ਲੀਡਰਸ਼ਿਪ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪਾਰਟੀ ਦੇ ਸੂਬਾ ਪ੍ਰਧਾਨ ਯੋਗਰਾਜ ਸ਼ਰਮਾ ਨੇ ਹਰਵਿੰਦਰ ਸੋਨੀ ਨੂੰ ਸ਼ਿਵ ਸੈਨਾ 'ਚੋਂ ਕੱਢਣ ਦਾ ਵੀ ਫ਼ੈਸਲਾ ਕੀਤਾ ਹੈ। ਤੁਹਾਨੂੰ ਦਸ ਦਈਏ ਕਿ ਇਹ ਜਾਣਕਾਰੀ ਸ਼ਿਵ ਸੈਨਾ ਦੇ ਮੁੱਖ ਬੁਲਾਰੇ ਚੰਦਰਕਾਂਤ ਚੱਢਾ ਨੇ ਦਿੱਤੀ ਹੈ।

ਮੀਡੀਆ ਨੂੰ ਜਾਰੀ ਕੀਤੇ ਗਏ ਪ੍ਰੈੱਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਸ਼ਿਵ ਸੈਨਾ ਦੇ ਬੁਲਾਰੇ ਚੰਦਰਕਾਂਤ ਚੱਢਾ ਨੇ ਸ਼ਿਵ ਸੈਨਾ ਦੇ ਪੇਜ 'ਤੇ ਲਾਈਵ ਹੋ ਕੇ ਇਸ ਮਾਮਲੇ 'ਤੇ ਸਖ਼ਤ ਸਟੈਂਡ ਲੈਂਦਿਆਂ ਕਿਹਾ ਕਿ ਕੁਝ ਮਹੀਨੇ ਪਹਿਲਾਂ ਵਾਂਗ ਹੀ ਪਟਿਆਲਾ ਤੋਂ ਹਰੀਸ਼ ਸਿੰਗਲਾ ਨੇ ਵੀ ਇਸ ਮਾਮਲੇ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਜਿਸ ਨੇ ਵੀ ਸ਼ਿਵ ਸੈਨਾ ਅਤੇ ਹਿੰਦੂ-ਸਿੱਖਾਂ ਵਿੱਚ ਦਰਾਰ ਪਾਉਣ ਕਰਨ ਦੀ ਕੋਸ਼ਿਸ਼ ਕੀਤੀ, ਉਸ ਨੂੰ ਰਾਸ਼ਟਰੀ ਲੀਡਰਸ਼ਿਪ ਨੇ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ।

# ਯੂਕੇ 'ਚ ਸਿੱਧੂ ਮੂਸੇਵਾਲਾ ਦਾ ਬਣੇਗਾ ਹੈਲੋਗ੍ਰਾਮ



**ਮਾਨਸਾ–** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਮਾਤਾ ਚਰਨ ਕੌਰ ਯੂਕੇ ਲਈ ਰਵਾਨਾ ਹੋ ਗਏ ਹਨ। ਇਸ ਦੌਰਾਨ ਮਰਹੂਮ ਗਾਇਕ ਦੇ ਇਨਸਾਫ ਦੀ ਲੜਾਈ ਜਾਰੀ ਰਹੇਗੀ। ਦੱਸ ਦੇਈਏ ਕਿ ਮੂਸੇਵਾਲਾ ਨੂੰ ਇਨਸਾਫ ਦਿਵਾਉਣ ਲਈ ਇੱਕ ਮਾਰਚ ਕੱਢਿਆ ਜਾ ਰਿਹਾ ਹੈ, ਜਿਸ ਵਿੱਚ ਉਹ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਯੂਕੇ ਦੀ ਕੰਪਨੀ ਸਿੱਧੂ ਮੂਸੇਵਾਲਾ ਦਾ ਹੈਲੋਗ੍ਰਾਮ ਬਣਾ ਰਹੀ ਹੈ, ਜਿਸ ਕਾਰਨ ਸਿੱਧੂ ਦੇ ਮਾਤਾ-ਪਿਤਾ ਵਿਦੇਸ਼ ਚਲੇ ਗਏ ਹਨ।

# ਡੇਰਾ ਪ੍ਰੇਮੀ ਕਤਲ 'ਚ ਸ਼ਾਮਲ ਸ਼ੂਟਰ ਦਾ ਐਨਕਾਊਂਟਰ

**ਜੈਪੁਰ–** ਐਂਟੀ ਗੈਂਗਸਟਰ ਫੋਰਸ ਨੇ ਰਾਜਸਥਾਨ ਦੇ ਜੈਪੁਰ ਵਿਚ ਡੇਰਾ ਪ੍ਰੇਮੀ ਕਤਲ ਵਿਚ ਸ਼ਾਮਲ ਇਕ ਸ਼ੂਟਰ ਦਾ ਐਨਕਾਊਂਟਰ ਕੀਤਾ ਹੈ। ਪੁਲਿਸ ਵੱਲੋਂ ਰਾਜ ਹੁੱਡਾ ਦਾ ਐਨਕਾਊਂਟਰ ਕਰ ਦਿੱਤਾ ਗਿਆ ਹੈ। ਪੁਲਿਸ ਨੇ ਰਾਜਸਥਾਨ ਵਿਚ ਇਹ ਕਾਰਵਾਈ ਕੀਤੀ ਹੈ। ਹਾਲਾਂਕਿ ਪੁਲਿਸ ਨੇ ਬਾਅਦ ਵਿਚ ਜਾਣਕਾਰੀ ਦਿੱਤੀ ਹੈ ਕਿ ਹੁੱਡਾ ਨੂੰ ਜ਼ਖਮੀ ਹਾਲਤ ਵਿਚ ਗ੍ਰਿਫਤਾਰ ਕਰ ਲਿਆ ਹੈ। ਸ਼ੁਰੂ ਵਿਚ ਖਬਰ ਆਈ ਸੀ ਕਿ ਸ਼ੂਟਰ ਨੂੰ ਮਾਰ ਮੁਕਾਇਆ ਹੈ ਪਰ ਹੁਣ ਪੁਲਿਸ ਨੇ ਗ੍ਰਿਫਤਾਰੀ ਦੀ ਗੱਲ ਆਖੀ ਹੈ।

ਦੱਸ ਦਈਏ ਕਿ ਪੁਲਿਸ ਵੱਲੋਂ ਲਗਾਤਾਰ ਗੁਆਂਢੀ ਸੂਬਿਆਂ ਵਿਚ ਛਾਪੇਮਾਰੀ ਕੀਤੀ ਜਾ ਰਹੀ ਸੀ। ਸੂਹ ਮਿਲੀ ਸੀ ਕਿ ਕਤਲ ਤੋਂ ਬਾਅਦ ਸ਼ੂਟਰ ਗੁਆਂਢੀ ਸੂਬਿਆਂ ਵਿਚ ਜਾ ਲੁਕੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਰਬਜੀਤ ਸਿੰਘ ਸਰੋਆ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ, ਅੰਤਿਮ ਅਰਦਾਸ 'ਚ ਭਾਰੀ ਇਕੱਠ







**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਵਰਿਆਣਾ ਦੇ ਸਾਬਕਾ ਸਰਪੰਚ ਸਰਬਜੀਤ ਸਿੰਘ ਸਰੋਆ ਨੂੰ ਸਿਆਟਲ ਸ਼ਮਸ਼ਾਨ ਘਾਟ ਕੈਂਟ ਵਿਚ ਪੰਜਾਬੀ ਭਾਈਚਾਰੇ ਦੀਆਂ ਮਾਣ ਮੱਤੀਆਂ ਸ਼ਖਸੀਅਤਾਂ ਨੇ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ।

ਇਸ ਮੌਕੇ ਤੇ ਉਹਨਾਂ ਦੇ ਸਪੁੱਤਰ ਗੁਰਸ਼ਰਨ ਸਿੰਘ ਸਰੋਆ ਤੇ ਲੜਕੀ ਅਮਨ ਨੇ ਸਭ ਨੂੰ ਭਾਵੁਕ ਕਰ ਦਿੱਤਾ। ਭਾਈ ਹਰਦੀਪ ਸਿੰਘ ਨੇ ਅਰਦਾਸ ਕੀਤੀ ਅਤੇ ਸੰਗਤ ਨੇ ਮ੍ਰਿਤਕ ਦੇਹ ਸਰਬਜੀਤ ਸਿੰਘ ਸਰੋਆ ਦੇ ਅੰਤਿਮ ਦਰਸ਼ਨ ਕੀਤੇ। ਗੁਰਦੁਆਰਾ ਸਿੰਘ ਸਭਾ ਰੈਨਟਨ ਵਿਖੇ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਭਾਈ ਵਰਿਆਮ ਸਿੰਘ ਦੇ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ ਅਤੇ ਭਾਈ ਹਰਦੀਪ ਸਿੰਘ ਗ੍ਰੰਥੀ ਸਿੰਘ ਨੇ ਅੰਤਿਮ ਅਰਦਾਸ ਕੀਤੀ। ਜਿੱਥੇ ਸਾਕ-ਸਬੰਧੀ, ਦੋਸਤ-ਮਿੱਤਰ ਅਤੇ ਪੰਜਾਬੀ ਭਾਈਚਾਰੇ ਦੀ ਸੰਗਤ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਤੇ ਬੁਲਾਰੇ ਗੁਰਦੀਪ ਸਿੰਘ ਸਿੱਧੂ ਨੇ ਬੋਲਦਿਆਂ ਦੱਸਿਆ ਕਿ ਸਰਬਜੀਤ ਸਿੰਘ ਸਰੋਆ ਬਹੁਪੱਖੀ ਇਨਸਾਲ ਸਨ, ਜਿਹਨਾਂ ਵਰਿਆਣਾ ਪਿੰਡ ਦੇ ਸਰਪੰਚ ਰਹਿਣ ਮਗਰੋਂ ਵਿਧਾਇਕ ਲਈ ਆਤਮਪੁਰ ਤੋਂ ਚੋਣ ਲੜੀ ਅਤੇ ਰਾਜਨੀਤੀ ਵਿਚ ਇਮਾਨਦਾਰੀ ਨਾਲ ਕੰਮ ਕੀਤਾ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 553ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ











ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, 31252 ਵਿਜ਼ਈ ਸਟ੍ਰੀਟ ਯੂਨੀਅਨ ਸਿਟੀ (ਕੈਲੇਫੋਰਨੀਆ) ਵੱਲੋਂ ਬੀਤੀ 20 ਨਵੰਬਰ 2022 ਦਿਨ ਐਤਵਾਰ ਨੂੰ ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦਾ 553ਵਾਂ ਗੁਰਪੁਰਬ ਦਿਹਾੜਾ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਗਿਆ। ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਅਤੇ ਇਹਨਾਂ ਤੋਂ ਇਲਾਵਾ ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਅਤੇ ਭਾਈ ਸੁਖਰਾਜ ਸਿੰਘ ਚੋਪੜਾ ਜੀ ਆਦਿ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਅਖੀਰ 'ਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਗੁਰੂ ਜੀ ਦੇ ਸੰਦੇਸ਼ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਸਿਧਾਂਤ ਦੇ ਦਿਖਾਏ ਮਾਰਗ ਤੇ ਚੱਲਣ ਲਈ ਸੰਗਤਾਂ ਨੂੰ ਬੇਨਤੀ ਕੀਤੀ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਗੁਰੂ ਨਾਨਕ ਪਾਤਸ਼ਾਹ ਦੇ ਗੁਰਪੁਰਬ ਦੀ ਵਧਾਈ ਦਿੰਦਿਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਕਿ ਗੁਰੂ ਘਰ ਦੀ ਉਸਾਰੀ ਜਾ ਰਹੀ ਨਵੀਂ ਬਿਲਡਿੰਗ ਲਈ ਤਨ, ਮਨ, ਧਨ ਨਾਲ ਸਹਿਯੋਗ ਕਰੀਏ। ਇਸ ਮੌਕੇ ਬੁਲਾਰਿਆਂ ਵਿਨੋਦ ਕੁਮਾਰ ਚੁੰਬਰ, ਚੇਅਰਮੈਨ, ਜਨਰਲ ਸਕੱਤਰ ਨਰੇਸ਼ ਕੁਮਾਰ ਗੱਡੂ, ਸੁਖਰਾਜ ਸਿੰਘ ਚੋਪੜਾ, ਸੁਖਦੇਵ ਸਿੰਘ ਚੋਪੜਾ ਅਤੇ ਹੋਰ ਹਾਜ਼ਰ ਬੁਲਾਰਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਹਨਾਂ ਦੀਆਂ ਸਿੱਖਿਆਵਾਂ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਸਟੇਜ ਦੀ ਸੇਵਾ ਨਰੇਸ਼ ਕੁਮਾਰ ਗੱਡੂ ਨੇ ਬਾਖੂਬੀ ਨਾਲ ਨਿਭਾਈ।

# ਬੱਚਿਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਵਿੱਚ ਵਡਮੁੱਲਾ ਯੋਗਦਾਨ ਕਰ ਰਹੀ ਕਮਲੇਸ਼ਵਰ ਵਾਲਮੀਕਿ ਐਜੂਕੇਸ਼ਨ ਟਰੱਸਟ





ਕਮਲੇਸ਼ਵਰ ਵਾਲਮੀਕਿ ਐਜੂਕੇਸ਼ਨ ਟਰੱਸਟ ਵੱਲੋ ਭਗਵਾਨ ਵਾਲਮੀਕਿ ਤੀਰਥ ਵਿਖੇ ਦੋ ਰੋਜ਼ਾ ਸਿਖਿਆ ਕੈਂਪ ਸ਼ਨੀਵਾਰ ਨੂੰ ਸਮਾਪਤ ਹੋ ਗਿਆ ਸੰਸਥਾ ਦੇ ਸੰਸਥਾਪਕ ਰਾਜ ਅਦੀਵੰਸ਼ੀ ਦੀਆ ਹਦਾਇਤਾਂ ਅਨੁਸਾਰ ਕੈਂਪ 18 ਨਵੰਬਰ ਨੂੰ ਸ਼ਾਮ 7 ਵਜੇ ਸ਼ੁਰੂ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਕੌਮੀ ਪ੍ਰਧਾਨ ਕਮਲ ਖੋਸਲਾ ਨੇ ਕੀਤੀ ਸਮਾਗਮ ਵਿਚ ਦੇਸ਼ ਦੇ ਵੱਖ ਵੱਖ ਸੂਬਿਆਂ ਤੋਂ ਵਾਲਮੀਕਿ ਸਮਾਜ ਦੇ ਪਤਵੰਤਿਆਂ ਨੇ ਹਾਜਿਰ ਲਗਵਾਈ ਸਮਾਜ ਦੇ ਗਾਇਕ ਰਾਕੇਸ਼ ਰਾਹੀਂ ਅਤੇ ਪਾਵਨ ਦ੍ਰਾਵਿੜ ਨੇ ਆਪਣੀ ਸੁਰੀਲੀ ਅਵਾਜ਼ ਨਾਲ ਭਗਵਾਨ ਵਾਲਮੀਕਿ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਪ੍ਰੋਗਰਾਮ ਦੌਰਾਨ ਦੇਸ਼ ਭਰ ਤੋਂ ਪਹੁੰਚੇ ਵਾਲਮੀਕਿ ਸਮਾਜ ਦੇ ਹੋਣਹਾਰ ਖਿਡਾਰੀਆਂ ਅਤੇ ਵਿਦਿਅਰਥੀਆਂ ਨੂੰ ਟ੍ਰਸਟ ਵੱਲੋ ਸਨਮਾਨਿਤ ਕੀਤਾ ਗਿਆ ਸਮਾਗਮ ਨੂੰ ਸੰਬੋਧਨ ਕਰਦਿਆ ਰਾਜ ਕੁਮਾਰ ਆਦਿ ਵੰਸ਼ੀ ਨੇ ਅਤੇ ਕਮਲ ਖੋਸਲਾ ਨੇ ਸਾਂਝੇ ਤੌਰ ਤੇ ਕਿਹਾ ਕੇ ੰਛ ਵਾਲਮੀਕਿ ਬੱਚਿਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਵਿੱਚ ਸਿਖਿਆ ਦਾ ਵੱਡਮੁੱਲਾ ਯੋਗਦਾਨ ਹੈ ਉਹਨਾਂ ਕਿਹਾ ਕਿ ਵਾਲਮੀਕਿ ਭਾਈਚਾਰਾ ਖਾਸ ਕਰਕੇ ਵਾਲਮੀਕਿ ਸਮਾਜ ਅੱਜ ਆਰਥਿਕ ਅਤੇ ਸਮਾਜਿਕ ਤੌਰ ਤੇ ਪਿਛੜਿਆ ਹੋਇਆ ਹੈ ਆਗੂਆਂ ਨੇ ਕਿਹਾ ਕਿ ਦਰ ਭੀਮ ਰਾਓ ਦੀ ਵਿਚਾਰਧਾਰਾ ਅਪਣਾਏ ਬਿਨਾ ਸਮਾਜ ਦੀ ਤਰੱਕੀ ਦਾ ਰਾਹ ਨਹੀਂ ਖੁੱਲ ਸਕਦਾ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਹੈ ਇਸ ਲਈ ਵਾਲਮੀਕਿ ਸਮਾਜ ਦੇ ਬੱਚਿਆਂ ਨੂੰ ਸਿਖਿਆ ਨੂੰ ਅਪਨੋਣਾ ਹੋਵੇਗਾ 19 ਨਵੰਬਰ ਸਵੇਰੇ ਨਿੱਤਨੇਮ ਦਾ ਪਾਠ ਕਰਵਾ ਗਿਆ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪਹੁੰਚੇ ਬਲਵਿੰਦਰ ਟੋਨਾ, ਰਾਜ ਕੁਮਾਰ, ਸੰਜੀਵ, ਬੈਨੀਪਾਲ, ਵਿਨੇ ਥਾਪਰ, ਰਾਕੇਸ਼ ਨਾਹਰ, ਮੁਕੇਸ਼ ਭੱਟੀ ਚੰਦਨ ਅਦਿਵੰਸ਼ੀ, ਸਤਪਾਲ ਸਿੰਘ, ਸ਼ਿਵਗਿੱਲ, ਬਾਦਲ ਸਿੰਘ, ਸਾਗਰ ਸਹੋਤਾ, ਅਰੁਣ ਅਦੀਵਾਂਸ਼ੀ ਅਤੇ ਹਜ਼ਾਰਾਂ ਦੀ ਤਾਦਾਦ ਵਿਚ ਸੰਗਤ ਹਾਜਿਰ ਰਹੀ।

**ਰਿਪੋਰਟ ਤੇ ਤਸਵੀਰਾਂ- ਯਸ਼ਪਾਲ ਆਜਾਦ**

# ਸੰਘਰਸ਼ੀ ਅਧਿਆਪਕਾਂ ਖ਼ਿਲਾਫ਼ ਕਾਰਵਾਈ ਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਵੱਲੋਂ ਸਖ਼ਤ ਨਿਖੇਧੀ



**ਚੰਡੀਗੜ੍ਹ, (ਦਲਜੀਤ ਕੌਰ)** ਪਿਛਲੇ ਦਿਨੀਂ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਵਿਦਿਅਕ ਟੂਰ ਨਾਲ ਸਬੰਧਤ ਮੰਗਾਂ ਨੂੰ ਲੈ ਕੇ ਜਿਲ੍ਹਾ ਸਿੱਖਿਆ ਦਫ਼ਤਰ ਸੰਗਰੂਰ ਵਿਖੇ ਕੀਤੇ ਪ੍ਰਦਰਸ਼ਨ ਉਪਰੰਤ ਸੰਘਰਸ਼ ਕਰ ਰਹੇ ਪੰਜ ਅਧਿਆਪਕ ਆਗੂਆਂ ਵਿਰੁੱਧ ਸੰ-ਗਰੂਰ ਦੇ ਥਾਣੇ ਵਿਖੇ ਐੱਫ.ਆਈ.ਆਰ. ਦਰਜ ਕਰਨ ਅਤੇ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਡੀਪੀਆਈ ਦਫ਼ਤਰ ਵੱਲੋਂ ਇਨ੍ਹਾਂ ਅਧਿਆਪਕਾਂ ਦੀਆਂ ਸੰਗਰੂਰ ਜਿਲ੍ਹੇ ਤੋਂ ਬਾਹਰ ਜਬਰੀ ਬਦਲੀਆਂ ਕਰਨ ਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਰਨਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਸਖਤ ਨਿਖੇਧੀ ਕੀਤੀ ਹੈ। ਡੀ.ਟੀ.ਐੱਫ. ਦੇ ਸੂਬਾ ਮੀਤ ਪ੍ਰਧਾਨਾਂ ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਰਾਜੀਵ ਬਰਨਾਲਾ, ਗੁਰ-ਪਆਰ ਕੋਟਲੀ, ਜਸਵਿੰਦਰ ਔਜਲਾ ਅਤੇ ਰਘਵੀਰ ਭਵਾਨੀਗੜ੍ਹ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੀ ਪਹਿਲੀਆਂ ਸਰਕਾਰਾਂ ਵਾਂਗ ਹੱਕੀ ਤੇ ਜਾਇਜ਼ ਮੰਗਾਂ ਲਈ ਸੰਘਰਸ਼ ਕਰਨ ਵਾਲੇ ਅਧਿਆਪਕਾਂ 'ਤੇ ਜ਼ਬਰ ਕਰਨ ਦਾ ਤਾਨਾਸ਼ਾਹੀ ਰਾਹ ਅਖਤਿਆਰ ਕੀਤਾ ਜਾ ਰਿਹਾ ਹੈ । ਜਿਸ ਤੋਂ ਮੁੜ ਸਪੱਸ਼ਟ ਹੁੰਦਾ ਹੈ ਕਿ ਬਦਲਾਅ ਦੇ ਨਾਅਰੇ ਹੇਠ ਪੰਜਾਬ ਦੀ ਸੱਤਾ ਵਿੱਚ ਆਈ 'ਆਪ' ਸਰਕਾਰ ਵੀ ਕਾਰਪੋਰੇਟ ਪੱਖੀ ਅਤੇ ਜਮਹੂਰੀ ਸੰਘਰਸ਼ਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣ ਵਾਲੀ ਨੀਤੀ ਤੋਂ ਹੀ ਕੰਮ ਲੈ ਰਹੀ ਹੈ।

ਡੀ.ਟੀ.ਐੱਫ. ਆਗੂਆਂ ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਨਛੱਤਰ ਸਿੰਘ ਤਰਨਤਾਰਨ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ, ਸੁਖਦੇਵ ਡਾਨਸੀਵਾਲ ਨੇ ਸੰਗਰੂਰ ਜ਼ਿਲ੍ਹੇ ਦੇ ਪੰਜ ਸੰਘਰਸ਼ਸ਼ੀਲ ਅਧਿਆਪਕਾਂ ਦੀਆਂ ਬਦਲੀਆਂ ਨੂੰ ਤੁਰੰਤ ਰੱਦ ਕਰਨ ਅਤੇ ਅਧਿਆਪਕਾਂ ਖਿਲਾਫ ਦਰਜ ਝੂਠਾ ਪੁਲਿਸ ਕੇਸ ਵੀ ਵਾਪਸ ਲੈਣ ਦੀ ਮੰਗ ਕੀਤੀ ਹੈ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਨੇ 'ਆਪ' ਸਰਕਾਰ ਨੂੰ ਅਜਿਹੇ ਤਾਨਾਸ਼ਾਹੀ ਤੌਰ-ਤਰੀਕੇ ਅਪਣਾਉਣ ਤੋਂ ਬਾਜ ਆਉਣ ਦੀ ਨਸੀਅਤ ਦਿੱਤੀ ਹੈ ਅਤੇ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਵਿਆਪਕ ਲੋਕ ਸੰਘਰਸ਼ਾਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚੇਤਾਵਨੀ ਵੀ ਦਿੱਤੀ।

# ਵਿਦੇਸ਼ 'ਚ ਬੈਠੇ ਗੈਂਗਸਟਰਾਂ ਨੂੰ ਭਾਰਤ ਲਿਆਉਣ ਲਈ ਇੰਟਰਪੋਲ ਨਾਲ ਰਾਬਤਾ: ਡੀਜੀਪੀ

**ਤਰਨ ਤਾਰਨ–** ਡਾਇਰੈਕਟਰ ਜਨਰਲ ਆਫ਼ ਪੁਲੀਸ ਗੌਰਵ ਯਾਦਵ ਨੇ ਸੂਬੇ ਅੰਦਰ ਵੱਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹਣ 'ਤੇ ਜ਼ੋਰ ਦਿੰਦਿਆਂ ਲੋਕਾਂ ਕੋਲੋਂ ਸਹਿਯੋਗ ਮੰਗਿਆ ਹੈ। ਉਨ੍ਹਾਂ ਮੰਨਿਆ ਕਿ ਸੂਬੇ ਵਿਚ ਨਸ਼ੇ ਵਧ ਗਏ ਹਨ ਪਰ ਨਾਲ ਹੀ ਕਿਹਾ ਕਿ ਨਸ਼ੇ ਖਤਮ ਕਰਨ ਲਈ ਪੁਲੀਸ ਦ੍ਰਿੜ੍ਹ ਹੈ। ਡੀਜੀਪੀ ਨੇ ਕਿਹਾ ਕਿ ਪੁਲੀਸ ਗੈਂਗਸਟਰਾਂ ਅਤੇ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਦ੍ਰਿੜ੍ਹ ਸੰਕਲਪ ਹੈ ਤੇ ਪੁਲੀਸ ਛੋਟੇ-ਮੋਟੇ ਅਪਰਾਧ ਕਰਨ ਵਾਲੇ ਗੈਂਗਸਟਰਾਂ ਨੂੰ ਮੁੱਖ ਧਾਰਾ ਵਿਚ ਵਾਪਸ ਲਿਆਉਣ ਦੇ ਯਤਨ ਕਰੇਗੀ।

ਉਨ੍ਹਾਂ ਬੀਸੀਐੱਫ ਦੇ ਅਧਿਕਾਰ ਖੇਤਰ ਨੂੰ ਵਧਾਉਣ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਪੁਲੀਸ ਬੀਐਸਐਫ਼ ਨਾਲ ਮਿਲ ਕੇ ਪਾਕਿਸਤਾਨ ਵੱਲੋਂ ਆਉਂਦੇ ਨਸ਼ਿਆਂ ਅਤੇ ਹਥਿਆਰਾਂ ਖ਼ਿਲਾਫ਼ ਸਖਤੀ ਕਰੇਗੀ। ਉਨ੍ਹਾਂ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਨੂੰ ਦੇਸ਼ ਵਾਪਸ ਲਿਆਉਣ ਲਈ ਰੈੱਡ ਕਾਰਨਰ ਨੋਟਿਸ ਜਾਰੀ ਕਰਨ ਬਾਰੇ ਦੱਸਦਿਆਂ ਕਿਹਾ ਕਿ ਇਸ ਸਬੰਧੀ ਭਾਰਤ ਸਰਕਾਰ ਅਤੇ ਇੰਟਰਪੋਲ ਨਾਲ ਰਾਬਤਾ ਵੀ ਕਾਇਮ ਕੀਤਾ ਜਾ ਰਿਹਾ ਹੈ।

ਇਸ ਮੌਕੇ ਡੀਜੀਪੀ (ਫਿਰੋਜ਼ਪੁਰ ਰੇਂਜ) ਰਣਜੀਤ ਸਿੰਘ ਢਿੱਲੋਂ, ਐੱਸਐੱਸਪੀ ਤਰਨ ਤਾਰਨ (ਵਾਧੂ ਚਾਰਜ) ਸੁਖਮਿੰਦਰ ਸਿੰਘ ਮਾਨ ਸਮੇਤ ਜ਼ਿਲ੍ਹੇ ਦੇ ਹੋਰ ਉੱਚ ਅਧਿਕਾਰੀ ਵੀ ਮੌਜੂਦ ਸਨ।

ਸ੍ਰੀ ਯਾਦਵ ਨੇ ਪਾਕਿਸਤਾਨ ਵਿੱਚ ਰਹਿੰਦੇ ਅਤਿਵਾਦੀ ਹਰਵਿੰਦਰ ਸਿੰਘ ਰਿੰਦਾ ਅਤੇ ਗੈਂਗਸਟਰ ਹੈਪੀ ਸੰਘੇੜਾ ਦੇ ਮਾਰੇ ਜਾਣ ਬਾਰੇ ਕਿਹਾ ਕਿ ਇਸ ਸਬੰਧੀ ਪੰਜਾਬ ਪੁਲੀਸ ਕੋਲੋਂ ਕੋਈ ਅਧਿਕਾਰਤ ਜਾਣਕਾਰੀ ਨਹੀਂ ਹੈ। ਉਨ੍ਹਾਂ ਨਸ਼ਿਆਂ ਖਿਲਾਫ਼ ਪੁਲੀਸ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੁਲੀਸ ਨੇ ਇਸ ਸਾਲ 500 ਕਿਲੋਗਰਾਮ ਹੈਰੋਇਨ ਬਰਾਮਦ ਕੀਤੀ ਹੈ ਅਤੇ ਪੰਜਾਬ ਪੁਲੀਸ ਨੇ ਗੁਜਰਾਤ ਸਮੇਤ ਹੋਰਨਾਂ ਥਾਵਾਂ 'ਤੇ ਜਾ ਕੇ ਵੀ ਹੈਰੋਇਨ ਬਰਾਮਦ ਕੀਤੀ ਹੈ।

# ਜ਼ਿਲ੍ਹਾ ਮੈਜਿਸਟ੍ਰੇਟ ਪਠਾਨਕੋਟ ਨੇ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪਾਬੰਦੀ ਦੇ ਹੁਕਮ ਕੀਤੇ ਜਾਰੀ

**ਪਠਾਨਕੋਟ, ਨਵੰਬਰ (ਰਾਜਿੰਦਰ ਸਿੰਘ ਰਾਜਨ)–** ਜ਼ਿਲ੍ਹੇ 'ਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਜ਼ਿਲ੍ਹਾ ਮੈਜਿਸਟ੍ਰੇਟ ਪਠਾਨਕੋਟ ਸ. ਹਰਬੀਰ ਸਿੰਘ ਨੇ ਫੌਜਦਾਰੀ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪਠਾਨਕੋਟ ਵਿੱਚ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਲਗਾਈ ਹੈ। ਇਸ ਦੇ ਨਾਲ-ਨਾਲ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਮੁਕੰਮਲ ਪਾਬੰਦੀ ਰਹੇਗੀ। ਇਸ ਤੋਂ ਇਲਾਵਾ ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ 'ਤੇ ਪੂਰਨ ਮਨਾਹੀ ਹੋਵੇਗੀ ਅਤੇ ਕਿਸੇ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ 'ਤੇ ਵੀ ਪਾਬੰਦੀ ਲਾਗੂ ਰਹੇਗੀ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਜੇਕਰ ਕੋਈ ਵੀ ਆਮ ਅਤੇ ਖਾਸ ਇਨ੍ਹਾਂ ਹੁਕਮਾਂ ਦੀ ਉਲੰਘਣਾਂ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਕੈਨੇਡਾ ਪੜਨ ਆਏ ਪੰਜਾਬੀ ਵਿਦਿਆਰਥੀ ਦੀ ਹਾਰਟ ਅਟੈਕ ਨਾਲ ਮੌਤ



**ਸਰੀ, ਬ੍ਰਿਟਿਸ਼ ਕੋਲੰਬੀਆ, 21 ਨਵੰਬਰ (ਰਾਜ ਗੋਗਨਾ/ ਕੁਲਤਰਨ ਪਧਿਆਣਾ)**–ਬੀਤੇਂ ਦਿਨ ਕੈਨੇਡਾ ਵਿਖੇ ਪੜਾਈ ਕਰਨ ਆਏ ਅੰਤਰ- ਰਾਸ਼ਟਰੀ ਪੰਜਾਬੀ ਵਿਦਿਆਰਥੀ ਜਿਸ ਦਾ ਨਾਂ ਅਰਸ਼ਦੀਪ ਸਿੰਘ ਖੋਸਾ ਸੀ ਉਸ ਦੀ ਹਾਰਟ ਅਟੈਕ ਦੇ ਨਾਲ ਮੌਤ ਹੋ ਜਾਣਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਮ੍ਰਿਤਕ ਅਰਸ਼ਦੀਪ ਸਿੰਘ ਖੋਸਾ ਦੀ ਉਮਰ 22 ਸਾਲ ਸੀ ਤੇ ਉਹ ਇੱਕ ਸਾਲ ਪਹਿਲਾ ਪੰਜਾਬ ਤੋ ਕੈਨੇਡਾ ਸਟੂਡੈਂਟ ਵੀਜ਼ੇ ਤੇ ਆਇਆ ਸੀ। ਅਰਸ਼ਦੀਪ ਸਿੰਘ ਖੋਸਾ ਇਸ ਸਮੇਂ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਖੇ ਰਹਿ ਰਿਹਾ ਸੀ ਜਿੱਥੇ ਲੰਘੇ ਵੀਰਵਾਰ 18 ਨਵੰਬਰ 2022 ਨੂੰ ਹਾਰਟ ਅਟੈਕ ਨਾਲ ਉਸਦੀ ਮੌਤ ਹੋ ਗਈ ਹੈ, ਮ੍ਰਿਤਕ ਨੌਜਵਾਨ ਪੰਜਾਬ ਦੇ ਫ਼ਿਰੋਜ਼ਪੁਰ ਜਿਲੇ ਦੇ ਪਿੰਡ ਕੋਟ ਕਰੋੜ ਕਲਾ ਦਾ ਮਾਪਿਆ ਦਾ ਇਕਲੌਤਾ ਪੁੱਤਰ ਸੀ ਜਿਸ ਦੇ ਪਿੱਛੇ ਮਾਤਾ ਪਿਤਾ ਪੰਜਾਬ ਵਿੱਚ ਹਨ। ਨੌਜਵਾਨ ਦੇ ਦੋਸਤਾ ਰਿਸ਼ਤੇਦਾਰਾ ਵੱਲੋ ਉਸਦੀ ਮ੍ਰਿਤਕ ਦੇਹ ਨੂੰ ਪੰਜਾਬ ਵਾਪਸ ਭੇਜਣ ਲਈ ਗੋਫੰਡ ਨਾਂ ਦੇ ਪੇਜ ਦਾ ਸਹਾਇਤਾ ਲਈ ਪ੍ਰਬੰਧ ਵੀ ਕੀਤਾ ਗਿਆ ਹੈ।






# ਡਾ. ਅੰਬੇਡਕਰ ਮਹਾਪ੍ਰਿਨਿਰਵਾਣ ਦਿਵਸ 6 ਦਸੰਬਰ ਨੂੰ ਅੰਬੇਡਕਰ ਭਵਨ 'ਚ



**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ.), ਅੰਬੇਡਕਰ ਮਾਰਗ, ਜਲੰਧਰ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਜਾਰੀ ਪ੍ਰੈਸ ਬਿਆਨ ਵਿੱਚ ਦੱਸਿਆ ਕਿ ਅੰਬੇਡਕਰ ਭਵਨ ਟਰੱਸਟ ਦੇ ਬੋਰਡ ਆਫ ਟਰੱਸਟੀਜ਼ ਦੀ ਮੀਟਿੰਗ ਸ਼੍ਰੀ ਸੋਹਣ ਲਾਲ ਸਾਬਕਾ ਡੀ.ਪੀ.ਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੇ ਮਹਾਪ੍ਰਿਨਿਰਵਾਣ ਦਿਵਸ 6 ਦਸੰਬਰ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਮਾਗਮ ਕਰਵਾਉਣ ਦਾ ਫੈਸਲਾ ਕੀਤਾ ਗਿਆ। ਬਲਦੇਵ ਭਾਰਦਵਾਜ ਨੇ ਕਿਹਾ ਕਿ ਸ਼ਰਧਾਂਜਲੀ ਸਮਾਗਮ ਦੇ ਮੁਖ ਮਹਿਮਾਨ ਸ਼੍ਰੀ ਸੰਤੋਖ ਸਿੰਘ ਚੌਧਰੀ (ਮੇਂਬਰ ਪਾਰਲੀਮੈਂਟ) ਅਤੇ ਬੁਲਾਰੇ ਸ਼੍ਰੀ ਲਾਹੌਰੀ ਰਾਮ ਬਾਲੀ, ਡਾ. ਰਾਮ ਲਾਲ ਜੱਸੀ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ ਅਤੇ ਜਸਵਿੰਦਰ ਵਰਿਆਣਾ ਹੋਣਗੇ। ਮਿਸ਼ਨਰੀ ਸਿੰਗਰ 'ਜਗਤਾਰ ਵਰਿਆਣਵੀ ਐਂਡ ਪਾਰਟੀ' ਬਾਬਾ ਸਾਹਿਬ ਦੇ ਮਿਸ਼ਨ ਸਬੰਧੀ ਗੀਤ ਪੇਸ਼ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਸ਼ਰਧਾਂਜਲੀ ਸਮਾਗਮ ਵਿਚ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਵੀ ਸਹਿਯੋਗ ਕਰ ਰਹੇ ਹਨ। ਇਸ ਮੌਕੇ ਸੰਸਥਾਪਕ ਟਰੱਸਟੀ ਲਾਹੌਰੀ ਰਾਮ ਬਾਲੀ, ਜਨਰਲ ਸਕੱਤਰ ਡਾ. ਜੀਸੀ ਕੌਲ, ਚਰਨ ਦਾਸ ਸੰਧੂ ਅਤੇ ਹਰਮੇਸ਼ ਜੱਸਲ ਹਾਜ਼ਰ ਸਨ।

# ਐਸਸੀ / ਬੀਸੀ ਅਧਿਆਪਕ ਯੂਨੀਅਨ ਵੱਲੋਂ ਪੰਜਾਬ 'ਚ ਅਧਿਆਪਕ ਭਰਤੀ 'ਚ ਰਾਖਵਾਂਕਰਨ ਨਿਯਮਾਂ ਦੀ ਉਲੰਘਣਾ ਦਾ ਦੋਸ਼

**ਚੰਡੀਗੜ੍ਹ, (ਦਲਜੀਤ ਕੌਰ)–** ਐਸਸੀ/ਬੀਸੀ ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਜੀਤ ਸਿੰਘ ਸਲਾਣਾ, ਕਾਰਜ਼ਕਾਰੀ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ ਤੇ ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਸੀਨੀਅਰ ਮੀਤ ਪ੍ਰਧਾਨ ਹਰਬੰਸ ਲਾਲ ਪਰਜੀਆਂ, ਬਲਵਿੰਦਰ ਲਤਾਲਾ, ਮੀਤ ਪ੍ਰਧਾਨ ਪਰਵਿੰਦਰ ਭਾਰਤੀ, ਗੁਰਸੇਵਕ ਸਿੰਘ ਕਲੇਰ ਅਤੇ ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਕੀਤੀ ਜਾ ਰਹੀ 6635 ਈਟੀਟੀ ਦੀ ਭਰਤੀ ਦੀ ਹੁਣ ਓਪਨ ਮੈਰਿਟ ਵਿੱਚ 62 ਅੰਕ ਵਾਲੇ ਓਪਨ ਮੈਰਿਟ ਉਮੀਦਵਾਰਾਂ ਨੂੰ ਕੌਂਸਲਿੰਗ ਲਈ ਬੁਲਾਇਆ ਗਿਆ ਹੈ ਜਦੋਂ ਕੇ ਇਸ ਤੋਂ ਵੱਧ ਅੰਕ ਵਾਲੇ ਐਸਸੀਬੀਸੀ ਉਮੀਦਵਾਰਾਂ ਨੂੰ ਰਾਖਵਾਂਕਰਨ ਵਿੱਚ ਗਿਣਿਆ ਗਿਆ ਹੈ ਜੋ ਕਿ ਰਾਖਵਾਂਕਰਨ ਐਕਟ 2006 ਪੰਜਾਬ ਸਰਕਾਰ, ਲਗਾਤਾਰ ਜਾਰੀ ਹੋਏ ਭਲਾਈ ਵਿਭਾਗ ਦੇ ਪੱਤਰਾਂ ਅਤੇ ਸਮੇਂ-ਸਮੇਂ 'ਤੇ ਆਏ ਮਾਨਯੋਗ ਅਦਾਲਤਾਂ ਦੇ ਫ਼ੈਸਲਿਆਂ ਦੀ ਉਲੰਘਣਾ ਹੈ।

ਇਨ੍ਹਾਂ ਫ਼ੈਸਲਿਆਂ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਜਿਸ ਅੰਕ 'ਤੇ ਓਪਨ ਮੈਰਿਟ ਖ਼ਤਮ ਹੋਵੇਗੀ ਉਸ ਤੋਂ ਉੱਪਰ ਹਰ ਕਿਸਮ ਦੇ ਰਾਖਵਾਂ ਸ਼੍ਰੇਣੀ ਉਮੀਦਵਾਰ ਓਪਨ ਮੈਰਿਟ ਵਿੱਚ ਸ਼ਾਮਿਲ ਹੋਣਗੇ। ਜਥੇਬੰਦੀ ਨੇ ਸਪੱਸ਼ਟ ਕੀਤਾ ਕਿ ਮੁੱਦਾ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਜੀ ਨਾਲ ਹੋਈ ਮੀਟਿੰਗ ਵਿੱਚ ਜਥੇਬੰਦੀ ਵਲੋਂ ਉਠਾਇਆ ਗਿਆ ਸੀ ਜਿਸ ਤੇ ਉਨ੍ਹਾਂ ਵਲੋਂ ਇਨਸਾਫ਼ ਦੇਣ ਦੀ ਗੱਲ ਆਖੀ ਸੀ ਪਰ ਸਬੰਧਤ ਅਧਿਕਾਰੀ ਇਸ ਉੱਤੇ ਜਥੇਬੰਦੀ ਨੂੰ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਰਹੇ।

ਆਗੂਆਂ ਨੇ ਕਿਹਾ ਖ਼ੁਦ ਸਿੱਖਿਆ ਮੰਤਰੀ ਸਾਹਿਬ ਇਲੈਕਸ਼ਨ ਸਮੇਂ ਆਪਣੇ ਰਾਜਨੀਤਕ ਵਿਰੋਧੀਆਂ ਉਤੇ ਰਾਖਵਾਂਕਰਨ ਦੀ ਉਲੰਘਣਾ ਦੇ ਆਰੋਪ ਲਗਾਉਂਦੇ ਰਹੇ ਹਨ ਪਰ ਅੱਜ ਉਨ੍ਹਾਂ ਦੇ ਵਿਭਾਗ ਦੇ ਅਧਿਕਾਰੀ ਹੀ ਐਸਸੀਬੀਸੀ ਸਮਾਜ ਦੇ ਉਮੀਦਵਾਰਾਂ ਦੇ ਸੰਵਿਧਾਨਿਕ ਹੱਕਾਂ ਨੂੰ ਲੁੱਟ ਰਹੇ ਹਨ।

ਆਗੂਆਂ ਨੇ ਸੱਪਸ਼ਟ ਕੀਤਾ ਜੇਕਰ ਤੁਰੰਤ 62 ਅੰਕ ਤੱਕ ਦੇ ਸਮੂਹ ਰਾਖਵਾਂਕਰਨ ਸ਼੍ਰੇਣੀ ਉਮੀਦਵਾਰਾਂ ਨੂੰ ਓਪਨ ਮੈਰਿਟ ਵਿੱਚ ਸ਼ਾਮਿਲ ਕਰਕੇ ਹੋਰ ਰਾਖਵੀ ਸ਼੍ਰੇਣੀ ਉਮੀਦਵਾਰਾਂ ਨੂੰ ਚੋਣ ਲਈ ਨਾ ਬੁਲਾਇਆ ਤਾਂ ਜਥੇਬੰਦੀ ਜਿੱਥੇ ਹਰ ਪੱਧਰ ਦਾ ਸੰਘਰਸ਼ ਕਰਦੇ ਹੋਏ ਸਿੱਖਿਆ ਮੰਤਰੀ ਦੇ ਹਲਕੇ ਅੰਦਰ ਸਮਾਜ ਦੇ ਅੱਗੇ ਇਸ ਲੁੱਟ ਦਾ ਖੁਲਾਸਾ ਕਰੇਗੀ ਉੱਥੇ ਹੀ ਰਾਖਵਾਂਕਰਨ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਬੰਧਤ ਅਧਿਕਾਰੀਆਂ ਖ਼ਿਲਾਫ਼ ਐਸਸੀਐਸਟੀ ਐਟਰੋਸਿਟੀ ਐਕਟ ਅਧੀਨ ਪਰਚਾ ਦਰਜ ਕਰਨ ਲਈ ਵੀ ਹਰ ਕਿਸਮ ਦਾ ਸੰਘਰਸ਼ ਕਰੇਗੀ।

ਇਸ ਤੋਂ ਇਲਾਵਾ ਸਮੂਹ ਸਾਥੀਆਂ ਨੇ ਇੱਕ ਮੱਤ ਹੁੰਦੇ ਹੋਏ ਇਹ ਮਸਲਾ ਐਸਸੀ ਕਮਿਸ਼ਨ ਪੰਜਾਬ ਅਤੇ ਐਸਸੀਐਸਟੀ ਕਮਿਸ਼ਨ ਭਾਰਤ ਦੇ ਧਿਆਨ ਵਿੱਚ ਲਿਆਉਣ ਦਾ ਫ਼ੈਸਲਾ ਵੀ ਕੀਤਾ। ਇਸ ਤੋਂ ਇਲਾਵਾ ਜਥੇਬੰਦੀ ਵਲੋਂ ਦੱਸਿਆ ਗਿਆ ਮੰਤਰੀ ਸਾਹਿਬ ਨਾਲ ਹੋਈ ਮੀਟਿੰਗ ਵਿੱਚ ਲੈਕਚਰਾਰ ਤੋਂ ਪ੍ਰਿੰਸੀਪਲ ਤਰੱਕੀਆਂ ਵਿੱਚ ਪੇਸ਼ ਆ ਰਹੀਆਂ ਤਰੁਟੀਆਂ ਦੂਰ ਕਰਨ ਲਈ ਮੌਕੇ 'ਤੇ ਹਾਜ਼ਰ ਡੀਪੀਆਈ ਸੈਕੰਡਰੀ ਦੀ ਡਿਊਟੀ ਲਗਾਈ ਗਈ ਸੀ ਕਿ ਜਥੇਬੰਦੀ ਦੇ ਇਤਰਾਜ਼ ਦੂਰ ਕੀਤੇ ਜਾਣ ਪਰ ਇਸ 'ਤੇ ਡੀਪੀਆਈ ਸੈਕੰਡਰੀ ਵਲੋਂ ਕੋਈ ਪਹਿਲ ਕਦਮੀ ਨਹੀਂ ਕੀਤੀ ਗਈ, ਜਿਸ ਦੇ ਰੋਸ ਵਜੋਂ ਬਹੁਤ ਜਲਦ ਡੀਪੀਆਈ ਦਫ਼ਤਰ ਦਾ ਘਿਰਾਓ ਕੀਤਾ ਜਾਵੇਗਾ।

# ਸੈਂਟਰਲ ਸਕੂਲ ਨੰਗਲ ਭੂਰ ਵਿਖੇ ਸਾਲਾਨਾ ਸਮਾਗਮ ਧੂਮ ਧੜੱਕੇ ਨਾਲ ਸੰਪੰਨ

## ਖੇਡ ਮੁਕਾਬਲੇ ਵਿੱਚ 12 ਵਿਦਿਆਰਥੀ ਰਾਸ਼ਟਰੀ ਪੱਧਰ ਵਿੱਚ ਅਤੇ ਐਨ.ਡੀ.ਏ., ਐਨ.ਈ.ਈ.ਟੀ.) ਵਿੱਚ ਮਾਰੀਆ ਮੱਲਾਂ







**ਪਠਾਨਕੋਟ 21 ਨਵੰਬਰ (ਰਾਜਿੰਦਰ ਸਿੰਘ ਰਾਜਨ)–** ਸੈਂਟਰਲ ਸਕੂਲ ਨੰਗਲ ਭੂਰ ਵਿਖੇ ਸਾਲਾਨਾ ਸਮਾਗਮ ਮੌਕੇ ਮੁੱਖ ਮਹਿਮਾਨ ਲੈਫਟੀਨੈਂਟ ਕਰਨਲ ਮੰਜੂ ਸ਼ਰਮਾ ਪ੍ਰਧਾਨ ਸਕੂਲ ਮੈਨੇਜਮੈਂਟ ਕਮੇਟੀ ਕੇਂਦਰੀ ਵਿਦਿਆਲਿਆ ਨੰਗਲ ਭੂਰ ਅਤੇ ਵਿਸ਼ੇਸ਼ ਮਹਿਮਾਨ ਕੈਪਟਨ ਨੂਰ, ਸ੍ਰੀਮਤੀ ਸੁਨੀਤਾ ਜਾਖੜ ਨੇ ਉਦਘਾਟਨ ਦੀਪ ਜਗਾ ਕੇ ਅਤੇ ਮਾਂ ਸਰਸਵਤੀ ਦਾ ਗੁਣਗਾਨ ਕਰਕੇ ਕੀਤਾ। ਸਾਲਾਨਾ ਸਮਾਗਮ ਵਿੱਚ ਸਕੂਲ ਦੀਆਂ ਵਿਸੇਸ਼ ਸ਼ਖਸ਼ੀਅਤਾ ਨੂੰ ਮੁੱਖ ਮਹਿਮਾਨ ਵੱਲੋਂ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਆ ਗਿਆ। ਸ੍ਰੀ ਸੋਮ ਨਾਥ ਸੰਗੀਤ ਅਧਿਆਪਕ ਦੀ ਰਹਿਨੁਮਾਈ ਹੇਠ ਸਕੂਲੀ ਲੜਕੇ-ਲੜਕੀਆਂ ਨੇ ਸਵਾਗਤੀ ਡਾਂਸ, ਕੱਵਾਲੀ, ਪ੍ਰਾਇਮਰੀ ਵਿਭਾਗ ਦੇ ਬੱਚਿਆਂ ਵੱਲੋਂ ਐਕਸਨ ਡਾਂਸ, ਪ੍ਰਗਿਆ




ਕਟੋਚ ਵੱਲੋਂ ਸੋਲੋ ਕਲਾਸੀਕਲ ਡਾਂਸ, ਬੇਟੀ ਬਚਾਓ ਬੇਟੀ ਪੜ੍ਹਾਓ ਵਿਸ਼ੇ 'ਤੇ ਲਘੂ ਸਕਿੱਟ, ਤੇਲਗੂ ਲੋਕ ਨਾਚ ਦੀ ਆਕਰਸ਼ਕ ਪੇਸ਼ਕਾਰੀ ਤੋਂ ਇਲਾਵਾ ਅਰੁਣਾਚਲ ਪ੍ਰਦੇਸ਼ ਦਾ ਗੈਲਨ ਲੋਕ ਨਾਚ, ਗੁਜਰਾਤ ਦਾ ਗਰਬਾ ਅਤੇ ਪੰਜਾਬ ਦਾ ਗਿੱਧਾ-ਭੰਗੜਾ ਲੋਕ ਨਾਚ ਨੇ ਦਰਸ਼ਕਾਂ ਦੇ ਮਨ ਮੋਹੇ।

ਇਸ ਮੌਕੇ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕਰਦਿਆਂ ਪ੍ਰਿੰਸੀਪਲ ਨੇ ਸਕੂਲ ਦੇ ਬੋਰਡ ਇਮਤਿਹਾਨਾਂ ਦੇ ਨਤੀਜੇ ਅਤੇ ਸਕੂਲ ਦੀ ਤਰੱਕੀ ਬਾਰੇ ਵਿਸੇਸ਼ ਰਿਪੋਰਟ ਪੜੀ ਤੇ ਦੱਸਿਆ ਕਿ ਸਕੂਲ ਦਾ ਦਸਵੀਂ ਅਤੇ ਬਾਰ੍ਹਵੀਂ ਜਮਾਤ ਦਾ ਬੋਰਡ ਦਾ ਨਤੀਜਾ 100 ਫੀਸਦੀ ਰਿਹਾ ਹੈ । ਪਿਛਲੇ 5 ਸਾਲਾਂ ਲਈ ਅਤੇ ਪੀ.ਆਈ. ਸੈਸ਼ਨ 2022-23 ਲਈ 77.86 ਪ੍ਰਤੀਸ਼ਤ ਰਿਹਾ ਹੈ। ਵਿਦਿਆਰਥੀਆਂ ਵੱਲੋਂ ਗੈਰ ਵਿੱਦਿਅਕ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ, ਜਿਸ ਤਹਿਤ ਕੇ. ਵੀ.ਐਸ ਖੇਡ ਮੁਕਾਬਲੇ ਵਿੱਚ 12 ਵਿਦਿਆਰਥੀ ਰਾਸ਼ਟਰੀ ਪੱਧਰ ਲਈ ਚੁਣੇ ਗਏ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਸਾਲਾਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਭਾਰਤ ਦੀਆਂ ਨਾਮਵਰ ਸੰਸਥਾਵਾਂ (ਐਨ.ਡੀ.ਏ., ਐਨ.ਈ.ਈ.ਟੀ.) ਵਿੱਚ ਚੁਣ ਕੇ ਸਕੂਲ ਅਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ ਜਿਸ ਦੀ ਸਭ ਤੋਂ ਵਧੀਆ ਮਿਸਾਲ ਮਾਸਟਰ ਅੰਕਿਤ ਐਨ ਈ ਈ ਟੀ ਅਤੇ ਮਾਸਟਰ ਭੁਵਨੇਸ਼, ਮਾਸਟਰ ਕਪਿਲ ਅਤੇ ਮਾਸਟਰ ਰਾਹੁਲ ਐਨ ਡੀ ਏ ਵਿੱਚ ਚੁਣੇ ਗਏ ਹਨ। ਮੁੱਖ ਮਹਿਮਾਨ ਲੈਫਟੀਨੈਂਟ ਕਰਨਲ ਮੰਜੂ ਸ਼ਰਮਾ ਨੇ ਵੱਖ-ਵੱਖ ਸਹਿ-ਪਾਠਕ੍ਰਮ ਗਤੀਵਿਧੀਆਂ ਅਤੇ ਖੇਡ ਗਤੀਵਿਧੀਆਂ ਦੇ ਜੇਤੂਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਪ੍ਰਿੰਸੀਪਲ ਨੇ ਮਾਪਿਆਂ ਨੂੰ ਸਕੂਲ ਦੀ ਤਰੱਕੀ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਸੱਦਾ ਦਿੱਤਾ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਲੈਫਟੀਨੈਂਟ ਕਰਨਲ ਮੰਜੂ ਸ਼ਰਮਾ, ਨਾਮਜ਼ਦ ਚੇਅਰਮੈਨ (ਸਕੂਲ ਮੈਨੇਜਮੈਂਟ ਕਮੇਟੀ) ਨੇ ਕਿਹਾ ਕਿ ਸਕੂਲ ਹੀ ਇੱਕ ਅਜਿਹਾ ਮੰਚ ਹੈ ਜਿੱਥੇ ਵਿਦਿਆਰਥੀ ਨੂੰ ਆਪਣਾ ਜੀਵਨ ਸਫਲ ਬਣਾਉਣ ਦਾ ਮੌਕਾ ਮਿਲਦਾ ਹੈ। ਮੁੱਖ ਮਹਿਮਾਨ ਨੇ ਸਾਰੇ ਜੇਤੂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸਾਲਾਨਾ ਸਮਾਗਮ ਲਈ ਵਧਾਈ ਦਿੱਤੀ। ਸਟੇਜ ਦਾ ਸੰਚਾਲਨ ਸ਼੍ਰੀ ਦੀਵਾਨ ਚੰਦ, ਸ਼੍ਰੀਮਤੀ ਲਕਸ਼ਮੀ, ਕੁਮਾਰੀ ਤਰਨਦੀਪ ਕੌਰ ਅਤੇ ਕੁਮਾਰੀ ਵਿਸ਼ਾਲੀ ਨੇ ਬਾਖੂਬੀ ਨਿਭਾਇਆ। ਇਸ ਸਮਾਗਮ ਵਿੱਚ ਅਨੇਕਾ ਸਕੂਲ ਮੁੱਖੀਆ, ਬੱਚਿਆ ਦੇ ਮਾਪਿਆ, ਪ੍ਰਮੁੱਖ ਸਖਸ਼ੀਅਤ ਨੇ ਸਮੂਲੀਅਤ ਕੀਤੀ ਤੇ ਸਮਾਗਮ ਦੀ ਸ਼ਲਾਘਾ ਕੀਤੀ। ਅੰਤ ਵਿੱਚ ਸ਼੍ਰੀਮਤੀ ਵਿਰਾਜ ਮੋਹਨੀ ਨੇ ਆਏ ਸਮੂਹ ਦਾ ਧੰਨਵਾਦ ਕੀਤਾ ਤੇ ਰਾਸ਼ਟਰੀ ਗੀਤ ਨਾਲ ਸ਼ਾਨਦਾਰ ਸਮਾਗਮ ਦੀ ਸਮਾਪਤੀ ਹੋਈ।

# ਯੋਗ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਵੱਖ-ਵੱਖ ਜ਼ਿਲ੍ਹਿਆਂ ਦੀ ਟੀਮਾਂ ਪਹੁੰਚੀਆਂ ਪਠਾਨਕੋਟ






**ਪਠਾਨਕੋਟ 21 ਨਵੰਬਰ (ਰਾਜਿੰਦਰ ਸਿੰਘ ਰਾਜਨ)–** ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਵਾਏ ਜਾ ਰਹੇ 66ਵੇਂ ਅੰਤਰ ਜ਼ਿਲ੍ਹਾ ਸਕੂਲ ਖੇਡ ਮੁਕਾਬਲਿਆਂ ਵਿੱਚ ਜ਼ਿਲ੍ਹਾ ਪਠਾਨਕੋਟ ਯੋਗ ਮੁਕਾਬਲਿਆਂ ਦੀ ਮੇਜ਼ਬਾਨੀ ਕਰ ਰਿਹਾ ਹੈ। ਵਿਭਾਗ ਖਿਡਾਰੀਆਂ ਦੀ ਮੇਜ਼ਬਾਨੀ ਵਿੱਚ ਕਿਸੇ ਕਿਸਮ ਦੀ ਕੋਈ ਕਸਰ ਨਹੀਂ ਛੱਡਣਾ ਚਾਹੁੰਦਾ, ਇਸ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਜਸਵੰਤ ਸਿੰਘ ਅਤੇ ਡੀਐਮ ਸਪੋਰਟਸ ਅਰੁਣ ਕੁਮਾਰ ਵੱਲੋਂ ਆਰਿਆ ਮਹਿਲਾ ਮਹਾਵਿਦਿਆਲਾ ਪਠਾਨਕੋਟ ਵਿਖੇ ਮੀਟਿੰਗ ਕਰ ਮੁਕਾਬਲਿਆਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਅਤੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪਹੁੰਚੀਆਂ ਟੀਮਾਂ ਦਾ ਸਵਾਗਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਜਸਵੰਤ ਸਿੰਘ ਅਤੇ ਡੀਐਮ ਸਪੋਰਟਸ ਅਰੁਣ ਕੁਮਾਰ ਨੇ ਕਿਹਾ ਕਿ ਖੇਡ ਮੁਕਾਬਲਿਆਂ ਸਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਵੱਖ-ਵੱਖ ਜ਼ਿਲ੍ਹਿਆਂ ਤੋਂ ਟੀਮਾਂ ਲਗਾਤਾਰ ਪਹੁੰਚ ਰਹੀਆਂ ਹਨ। ਖਿਡਾਰੀਆਂ ਦੇ ਰਹਿਣ ਸਹਿਣ, ਖਾਣ-ਪੀਣ ਅਤੇ ਸੁਰੱਖਿਆ ਦੇ ਸਾਰੇ ਇੰਤਜ਼ਾਮ ਕੀਤੇ ਜਾ ਚੁੱਕੇ ਹਨ। ਸਿੱਖਿਆ ਵਿਭਾਗ ਵਲੋਂ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਖਿਡਾਰੀਆਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਆਵੇ ।

ਉਨ੍ਹਾਂ ਸਾਰੇ ਟੀਮ ਇੰਚਾਰਜਾਂ ਨੂੰ ਵੀ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਪਠਾਨਕੋਟ ਵਿੱਚ ਸੂਬੇ ਭਰ ਤੋਂ ਖਿਡਾਰੀ ਆ ਰਹੇ ਹਨ ਅਤੇ ਇਸ ਮੁਕਾਬਲੇ ਨੂੰ ਸਫਲ ਬਣਾਉਣ ਲਈ ਵਿਭਾਗ ਵਾਲੇ ਪਾਸਿਓਂ ਕੋਈ ਕਮੀ ਨਾ ਰਹਿਣ ਦਿੱਤੀ ਜਾਵੇ। ਇਸ ਮੌਕੇ ਤੇ ਡਾ. ਗੁਰਮੀਤ ਕੌਰ ਪ੍ਰਿੰਸੀਪਲ ਆਰਿਆ ਕਾਲਜ, ਪ੍ਰਿੰਸੀਪਲ ਜੋਗਿੰਦਰ ਸ਼ਰਮਾ ਸਟੇਟ ਐਵਾਰਡੀ ਸੀਨੀਅਰ ਮੀਤ ਪ੍ਰਧਾਨ ਡੀਟੀਸੀ, ਪ੍ਰਿੰਸੀਪਲ ਮਧੂ ਸਲਾਰੀਆ, ਪ੍ਰਿੰਸੀਪਲ ਨਸੀਬ ਸੈਣੀ ਇੰਚਾਰਜ ਪ੍ਰਬੰਧਕੀਂ ਕਮੇਟੀ, ਪ੍ਰਿੰਸੀਪਲ ਪੰਕਜ ਮਹਾਜਨ ਇੰਚਾਰਜ ਪ੍ਰੈਸ ਐਂਡ ਪਬਲੀਸਿਟੀ ਕਮੇਟੀ, ਪ੍ਰਿੰਸੀਪਲ ਸੂਰਜ ਗੁਰੰਗ ਇੰਚਾਰਜ ਪ੍ਰਚੇਜ ਕਮੇਟੀ, ਪ੍ਰਿੰਸੀਪਲ ਰਮੇਸ਼ ਕੁਮਾਰ, ਮੁਨੀਸ਼ ਕੁਮਾਰ ਮੀਤ ਪ੍ਰਧਾਨ ਡੀਟੀਸੀ, ਮਨੀਸ਼ਾ ਮੀਤ ਪ੍ਰਧਾਨ ਡੀਟੀਸੀ, ਗੁਰਤੇਜ ਸਿੰਘ ਡੀਪੀਈ ਡੀਟੀਸੀ ਜਨਰਲ ਸੱਕਤਰ, ਮਧੂ ਭਾਸਿਣੀ ਪੀ.ਟੀ.ਆਈ ਸਹਾਇਕ ਸੱਕਤਰ ਡੀ-ਟੀਸੀ, ਸੰਜੀਵ ਕੁਮਾਰ ਟੈਕਿਨੀਕਲ ਮੈਂਬਰ ਡੀਟੀਸੀ, ਮਿਸ ਸਮਾ ਅਸਿਸਟੈਂਟ ਪ੍ਰੋਫੈਸਰ ਆਰਿਆ ਮਹਿਲਾ ਮਹਾਵਿਦਿਆਲਾ, ਬਲਕਾਰ ਅੱਤਰੀ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਹੈਡ ਮਾਸਟਰ ਨਵੀਨ ਕੁਮਾਰ, ਹੈਡ ਮਾਸਟਰ ਕੇਵਲ ਕ੍ਰਿਸ਼ਨ, ਸਮਰਪਾਲ ਸਿੰਘ, ਲੈਕਚਰਾਰ ਸੁਖਵਿੰਦਰ ਕੌਰ ਆਦਿ ਹਾਜ਼ਰ ਸਨ।

*****

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

### ਮਾਮਲਾ ਵਿਦਿਆਰਥੀਆਂ ਦੀ ਕਰਜਾ ਮੁਆਫੀ ਦਾ
# ਬਾਈਡਨ ਪ੍ਰਸ਼ਾਸਨ ਨੇ ਸੁਪਰੀਮ ਕੋਰਟ ਤੋਂ ਮੰਗੀ ਇਜ਼ਾਜਤ

**ਸੈਕਰਾਮੈਂਟੋ 19 ਨਵੰਬਰ–** ਬਾਈਡਨ ਪ੍ਰਸ਼ਾਸਨ ਨੇ ਵਿਦਿਆਰਥੀਆਂ ਸਬੰਧੀ ਕਰਜਾ ਮੁਆਫੀ ਪ੍ਰੋਗਰਾਮ ਨੂੰ ਲਾਗੂ ਕਰਨ ਵਾਸਤੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ ਤੇ ਸਰਬ ਉਚ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਸ ਦੇ ਕਰਜਾ ਮੁਆਫੀ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨੂੰ ਰਾਹਤ ਦੇਣ ਲਈ ਹਰੀ ਝੰਡੀ ਦਿੱਤੀ ਜਾਵੇ। ਇਸ ਪ੍ਰੋਗਰਾਮ ਤਹਿਤ ਲੱਖਾਂ ਵਿਦਿਆਰਥੀਆਂ ਦਾ 20000 ਡਾਲਰ ਤੱਕ ਕਰਜਾ ਮੁਆਫ ਕੀਤਾ ਜਾਣਾ ਹੈ ਤੇ ਇਸ ਸਬੰਧ ਵਿਚ ਵਿਦਿਆਰਥੀਆਂ ਕੋਲੋਂ ਦਰਖਾਸਤਾਂ ਵੀ ਲੈਣੀਆਂ ਸ਼ੁਰੂ ਕਰ ਦਿੱਤੀਆਂ ਸਨ ਪਰੰਤੂ ਵੱਖ ਵੱਖ ਹੇਠਲੀਆਂ ਅਦਾਲਤਾਂ ਵੱਲੋਂ ਲਾਈ ਰੋਕ ਕਾਰਨ ਇਹ ਪ੍ਰੋਗਰਾਮ ਲਾਗੂ ਨਹੀਂ ਕੀਤਾ ਜਾ ਸਕਿਆ। ਤਕਰੀਬਨ 2.60 ਕਰੋੜ ਵਿਦਿਆਰਥੀ ਕਰਜਾ ਮੁਆਫੀ ਲਈ ਅਰਜੀਆਂ ਦੇ ਚੁੱਕੇ ਹਨ। ਸਰਕਾਰੀ ਪੱਖ ਨੂੰ ਸੁਣਨ ਤੋਂ ਬਾਅਦ ਸੁਪਰੀਮ ਕੋਰਟ ਨੇ ਮੁਦਈ ਪੱਖ ਤੋਂ 23 ਨਵੰਬਰ ਦੁਪਹਿਰ ਤੱਕ ਜਵਾਬ ਦੇਣ ਲਈ ਕਿਹਾ ਹੈ। ਸੋਲਿਸਟਰ ਜਨਰਲ ਈਲਿਜ਼ਾਬੈਥ ਪ੍ਰੀਲੋਗਰ ਨੇ ਸੁਪਰੀਮ ਕੋਰਟ ਵਿਚ ਕਿਹਾ ਕਿ ਸਰਕਾਰ ਦੇ ਕਰਜਾ ਮੁਆਫੀ ਪ੍ਰੋਗਰਾਮ ਉਪਰ ਲਾਈ ਰੋਕ ਕਾਰਨ ਆਰਥਕ ਤੌਰ 'ਤੇ ਕਮਜੋਰ ਲੱਖਾਂ ਵਿਦਿਆਰਥੀ ਆਪਣੇ ਕਰਜੇ ਨੂੰ ਲੈ ਕੇ ਬੇਯਕੀਨੀ ਦੇ ਦੌਰ ਵਿਚੋਂ ਗੁਜਰ ਰਹੇ ਹਨ। ਉਹ ਆਪਣੇ ਕਰਜੇ ਦੀਆਂ ਕਿਸ਼ਤਾਂ ਦੀ ਅਦਾਇਗੀ ਸਬੰਧੀ ਕੋਈ ਨਿਰਨਾ ਲੈਣ ਵਿੱਚ ਅਸਮਰਥ ਹਨ। ਸਰਕਾਰ ਦੇ ਵਕੀਲ ਨੇ ਕਿਹਾ ਕਿ ਰਾਸ਼ਟਰਪਤੀ ਜੋ ਬਾਈਡਨ ਨੇ ਕੋਵਿਡ ਮਹਾਮਾਰੀ ਦੇ ਮੱਦੇਨਜ਼ਰ ਵਿਦਿਆਰਥੀ ਦੇ ਵਿੱਤੀ ਨੁਕਸਾਨ ਦੀ ਭਰਪਾਈ ਲਈ ਕਰਜਾ ਮੁਆਫੀ ਪ੍ਰੋਗਰਾਮ ਲਿਆਂਦਾ ਹੈ। ਇਸ ਪ੍ਰੋਗਰਾਮ ਦੇ ਅੱਧਵਾਟੇ ਲਮਕ ਜਾਣ ਕਾਰਨ ਲੋੜਵੰਦ ਵਿਦਿਆਰਥੀ ਨਿਰਾਸ਼ ਹਨ। ਇਥੇ ਜਿਕਰਯੋਗ ਹੈ ਕਿ ਵਿਦਿਆਰਥੀਆਂ ਦੇ ਸੰਘੀ ਕਰਜੇ ਦੀਆਂ ਕਿਸ਼ਤਾਂ ਦੀ ਅਦਾਇਗੀ ਅਗਲੇ ਸਾਲ ਜਨਵਰੀ ਤੋਂ ਮੁੜ ਸ਼ੁਰੂ ਹੋਣੀ ਹੈ।

# ਡਰੱਗ ਸਮਗਲਰਾਂ ਤੇ ਗਸ਼ਤ ਕਰ ਰਹੇ ਜਵਾਨਾਂ ਵਿਚਾਲੇ ਗੋਲੀਬਾਰੀ ਦੌਰਾਨ ਇਕ ਜਵਾਨ ਦੀ ਮੌਤ 2 ਜ਼ਖਮੀ

**ਸੈਕਰਾਮੈਂਟੋ 18 ਨਵੰਬਰ–** ਪੂਰਟੋ ਰੀਕੋ ਦੇ ਤੱਟ 'ਤੇ ਸ਼ੱਕੀ ਡਰੱਗ ਸਮਗਲਰਾਂ ਵਲੋਂ ਕੀਤੀ ਗੋਲੀਬਾਰੀ ਵਿਚ ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ( ਸੀ ਬੀ ਪੀ) ਦੇ ਇਕ ਜਵਾਨ (ਏਜੰਟ) ਦੀ ਮੌਤ ਹੋ ਗਈ ਤੇ ਦੋ ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਸੀ ਬੀ ਪੀ ਦੇ ਬੁਲਾਰੇ ਜੈਫਰੀ ਕੁਇਨੋਨਸ ਨੇ ਦਿੱਤੀ ਹੈ। ਉਨਾਂ ਕਿਹਾ ਹੈ ਕਿ ਇਕ ਜਵਾਨ ਨੂੰ ਮਾਇਆਗੁਏਜ਼ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ ਜਿਸ ਦੀ ਕੁਝ ਮਿੰਟ ਪਹਿਲਾਂ ਮੌਤ ਹੋਣ ਦੀ ਸੂਚਨਾ ਮਿਲੀ ਹੈ। ਉਨਾਂ ਘਟਨਾ ਦਾ ਵੇਰਵਾ ਦਿੰਦਿਆਂ ਕਿਹਾ ਹੈ ਕਿ ਪੂਰਟੋ ਰੀਕੋ ਤੱਟ 'ਤੇ ਤਿੰਨ ਜਵਾਨ ਗਸ਼ਤ ਕਰ ਰਹੇ ਸਨ ਜਦੋਂ ਸ਼ੱਕੀ ਸਮਗਲਰ ਜੋ ਕਿਸ਼ਤੀ ਵਿਚ ਸਵਾਰ ਸਨ, ਨੇ ਉਨਾਂ ਉਪਰ ਗੋਲੀ ਚਲਾ ਦਿੱਤੀ। ਜਵਾਨਾਂ ਵੱਲੋਂ ਵੀ ਜਵਾਬੀ ਕਾਰਵਾਈ ਕੀਤੀ ਗਈ ਜਿਸ ਦੌਰਾਨ ਇਕ ਸ਼ੱਕੀ ਸਮਗਲਰ ਮਾਰਿਆ ਗਿਆ ਤੇ ਇਕ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਨਾਂ ਸਮਗਲਰਾਂ ਦੀ ਕੌਮੀਅਤ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ।

# ਫਲੋਰਿਡਾ ਦੇ ਤੱਟ ਨੇੜੇ ਕਿਸ਼ਤੀ ਡੁੱਬਣ ਕਾਰਨ 5 ਪ੍ਰਵਾਸੀਆਂ ਦੀ ਮੌਤ




**ਸੈਕਰਾਮੈਂਟੋ 21 ਨਵੰਬਰ–** ਫਲੋਰਿਡਾ ਤੱਟ ਤੋਂ ਤਕਰੀਬਨ 50 ਮੀਲ ਦੂਰ ਲਿਟਲ ਟਾਰਚ ਕੀਅ ਨੇੜੇ ਇਕ ਕਿਸ਼ਤੀ ਦੇ ਡੁੱਬਣ ਨਾਲ 5 ਪ੍ਰਵਾਸੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਯੂ ਐਸ ਕੋਸਟ ਗਾਰਡ ਨੇ ਦਿੱਤੀ ਹੈ। ਇਹ ਲੋਕ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਵਿਚ ਸਨ। ਕੋਸਟ ਗਾਰਡ ਅਨੁਸਾਰ ਘੱਟੋ ਘੱਟ 14 ਵਿਅਕਤੀ ਕਿਸ਼ਤੀ ਵਿਚ ਸਵਾਰ ਸਨ ਜਿਨਾਂ ਵਿਚੋਂ 9 ਨੂੰ ਬਚਾਅ ਲਿਆ ਗਿਆ। ਇਕ ਲਾਸ਼ ਬਰਾਮਦ ਕਰ ਲਈ ਗਈ ਹੈ ਤੇ ਬਾਕੀ 4 ਪ੍ਰਵਾਸੀ ਜਿਨਾਂ ਬਾਰੇ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਉਹ ਡੁੱਬ ਗਏ ਹਨ, ਦੀਆਂ ਲਾਸ਼ਾਂ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ। ਮਾਰੇ ਗਏ ਪ੍ਰਵਾਸੀ ਕਿਸ ਦੇਸ਼ ਦੇ ਹਨ, ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

# ਅਮਰੀਕਾ ਦੇ 4 ਵੱਡੇ ਸ਼ਹਿਰਾਂ ਦੀ ਕਮਾਨ ਪਹਿਲੀ ਵਾਰ ਅਫਰੀਕੀ ਮੂਲ ਦੇ ਅਮਰੀਕੀਆਂ ਦੇ ਹੱਥਾਂ ਵਿੱਚ

## ਕਾਲੇ ਵਿਅਕਤੀ ਹਨ ਨਿਊਯਾਰਕ, ਲਾਸ ਏਂਜਲਸ, ਸ਼ਿਕਾਗੋ ਤੇ ਹੋਸਟਨ ਦੇ ਮੇਅਰ



**ਸੈਕਰਾਮੈਂਟੋ 18 ਨਵੰਬਰ–** ਅਮਰੀਕਾ ਦੇ 4 ਵੱਡੇ ਸ਼ਹਿਰਾਂ ਦੀ ਕਮਾਨ ਅਫਰੀਕੀ ਮੂਲ ਦੇ ਅਮਰੀਕੀਆਂ ਦੇ ਹੱਥਾਂ ਵਿਚ ਆ ਗਈ ਹੈ। ਇਨਾਂ ਸ਼ਹਿਰਾਂ ਵਿਚ ਨਿਊਯਾਰਕ, ਲਾਸ ਏਂਜਲਸ, ਸ਼ਿਕਾਗੋ ਤੇ ਹੋਸਟਨ ਸ਼ਾਮਿਲ ਹਨ। ਕਾਰੇਨ ਬਾਸ ਅਗਲੇ ਮਹੀਨੇ ਲਾਸ ਏਂਜਲਸ ਦੇ ਮੇਅਰ ਵਜੋਂ ਸਹੁੰ ਚੁੱਕੇਗੀ। ਅਫਰੀਕਨ ਅਮੈਰੀਕਨ ਮੇਅਰਜ ਐਸੋਸੀਏਸ਼ਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕਾਲੇ ਵਿਅਕਤੀ ਮੇਅਰ ਦੀਆਂ ਚੋਣਾਂ ਨਿਰੰਤਰ ਜਿੱਤ ਰਹੇ ਹਨ, ਅਸੀਂ ਇਸ ਪ੍ਰਗਤੀ ਤੋਂ ਉਤਸ਼ਾਹਿਤ ਹਾਂ, ਇਹ ਪਹਿਲੀ ਵਾਰ ਹੋਇਆ ਹੈ ਕਿ ਅਮਰੀਕਾ ਦੇ 4 ਸ਼ਹਿਰਾਂ ਦੀ ਕਮਾਨ ਅਫਰੀਕੀ ਮੂਲ ਦੇ ਕਾਲੇ ਵਿਅਕਤੀਆਂ ਦੇ ਹੱਥਾਂ ਵਿਚ ਆ ਗਈ ਹੈ। 6 ਵੀਂ ਵਾਰ ਕਾਂਗਰਸ ਦੀ ਮੈਂਬਰ ਬਣੀ ਕਾਰੇਨ ਬਾਸ , ਜੋ ਦੱਖਣੀ ਤੇ ਪੱਛਮੀ ਲਾਸ ਏਂਜਲਸ ਦੀ ਪ੍ਰਤੀਨਿੱਧਤਾ ਕਰਦੀ ਹੈ, ਲਾਸ ਏਂਜਲਸ ਦੀ ਪਹਿਲੀ ਔਰਤ ਮੇਅਰ ਵਜੋਂ ਇਸ ਸਾਲ 12 ਦਸੰਬਰ ਨੂੰ ਸਹੁੰ ਚੁੱਕਣਗੇ। ਜਦ ਕਿ ਨਿਊਯਾਰਕ ਵਿਚ ਐਰਿਕ ਐਡਮਜ, ਸ਼ਿਕਾਗੋ ਵਿਚ ਲੌਰੀ ਲਾਈਟਫੁੱਟ ਤੇ ਹੋਸਟਨ ਵਿਚ ਸਿਲਵੈਸਟਰ ਟਰਨਰ ਪਹਿਲਾਂ ਹੀ ਮੇਅਰ ਵਜੋਂ ਕੰਮ ਕਰ ਰਹੇ।

ਇਹ ਸਾਰੇ ਡੈਮੋਕਰੈਟਿਕ ਪਾਰਟੀ ਦੇ ਮੈਂਬਰ ਹਨ। ਅਫਰਕੀਨ ਅਮੈਰੀਕਨ ਮੇਅਰਜ ਐਸੋਸੀਏਸ਼ਨ ਦੀ ਸੀ ਈ ਓ ਫਿਲਿਸ ਡਿਕਰਸਨ ਨੇ ਕਿਹਾ ਹੈ ਕਿ ਉਸ ਦਾ ਵਿਸ਼ਵਾਸ਼ ਹੈ ਕਿ ਕਾਲੇ ਲੋਕਾਂ ਦੇ ਮੇਅਰ ਬਣਨ ਨਾਲ ਸਥਾਨਕ ਤੇ ਕੌਮੀ ਪੱਧਰ ਉਪਰ ਹਾਂ ਪੱਖੀ ਅਸਰ ਪਵੇਗਾ। ਉਂਝ ਵੀ ਕਾਲੇ ਲੋਕ ਜਮੀਨ ਨਾਲ ਜੁੜੇ ਹੋਏ ਲੋਕ ਹਨ ਜੋ ਲੋਕਾਂ ਦੀਆਂ ਸਮੱਸਿਆਵਾਂ ਨੂੰ ਭਲੀਭਾਂਤ ਸਮਝਦੇ ਹਨ।

# ਕੋਲੋਰਾਡੋ ਦੀ ਨਾਈਟ ਕਲੱਬ ਵਿਚ ਅੰਧਾਧੁੰਦ ਗੋਲੀਬਾਰੀ ਵਿੱਚ 5 ਦੀ ਮੌਤ 25 ਜ਼ਖਮੀ

**ਸੈਕਰਾਮੈਂਟੋ 21 ਨਵੰਬਰ–** ਬੰਦੂਕਧਾਰੀ ਵੱਲੋਂ ਕੋਲੋਰਾਡੋ ਸਪਰਿੰਗਜ (ਕੋਲੋਰਾਡੋ) ਦੀ ਇਕ ਐਲ ਜੀ ਬੀ ਟੀ ਕਿਊ ਨਾਈਟ ਕਲੱਬ ਵਿਚ ਕੀਤੀ ਗਈ ਅੰਧਾਧੁੰਦ ਗੋਲੀਬਾਰੀ ਵਿੱਚ 5 ਵਿਅਕਤੀਆਂ ਦੀ ਮੌਤ ਹੋ ਗਈ ਤੇ 25 ਹੋਰ ਜ਼ਖਮੀ ਹੋ ਗਏ। ਕੋਲੋਰਾਡੋ ਸਪਰਿੰਗਜ ਪੁਲਿਸ ਮੁੱਖੀ ਐਡਰੀਅਨ ਵਾਸਕੁਏਜ਼ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਲੰਘੀ ਰਾਤ ਅਧੀਰਾਤ ਤੋਂ ਪਹਿਲਾਂ 11.57 ਵਜੇ ਸੂਚਨਾ ਮਿਲਣ ਉਪਰੰਤ ਕੁਝ ਮਿੰਟਾਂ ਵਿਚ ਮੌਕੇ ਉਪਰ ਪੁਲਿਸ ਪੁੱਜੀ ਤਾਂ ਘੱਟੋ ਘੱਟ 2 ਵਿਅਕਤੀ ਸ਼ੱਕੀ ਦਾ ਮੁਕਾਬਲਾ ਕਰ ਰਹੇ ਸਨ ਤੇ ਉਨਾਂ ਨੇ ਸ਼ੱਕੀ ਵਿਅਕਤੀ ਨੂੰ ਹੋਰ ਜਾਨੀ ਨੁਕਸਾਨ ਕਰਨ ਤੋਂ ਰੋਕੀ ਰਖਿਆ। ਇਸ ਦੇ 5 ਮਿੰਟਾਂ ਬਾਅਦ ਪੁਲਿਸ ਨੇ ਜ਼ਖਮੀ ਹਾਲਤ ਵਿਚ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ।

ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ 7 ਦੀ ਹਾਲਤ ਨਾਜ਼ੁਕ ਹੈ। ਸ਼ੱਕੀ ਵਿਅਕਤੀ ਦੀ ਪਛਾਣ ਐਡਰਸਨ ਲੀ ਐਲਡਰਿਚ (22) ਵਜੋਂ ਹੋਈ ਹੈ ਤੇ ਪੁਲਿਸ ਦਾ ਵਿਸ਼ਵਾਸ਼ ਹੈ ਕਿ ਉਸ ਇਕੱਲੇ ਨੇ ਹੀ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ। ਐਲ ਪਾਸੋ ਕਾਊਂਟੀ ਡਿਸਟ੍ਰਿਕਟ ਅਟਾਰਨੀ ਮਿਸ਼ੈਲ ਐਲਨ ਨੇ ਕਿਹਾ ਹੈ ਕਿ ਘਟਨਾ ਦੀ ਨਫਰਤੀ ਨਜਰੀਏ ਤੋਂ ਵੀ ਜਾਂਚ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਸ਼ੱਕੀ ਵਿਰੁੱਧ ਪਹਿਲਾ ਦਰਜਾ ਹੱਤਿਆਵਾਂ ਦੇ ਦੋਸ਼ ਆਇਦ ਹੋਣ ਦੀ ਸੰਭਾਵਨਾ ਹੈ। ਇਸੇ ਦੌਰਾਨ ਕਲੱਬ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਗੋਲੀਬਾਰੀ ਨਸਲੀ ਨਫਰਤ ਦਾ ਸਿੱਟਾ ਹੈ। ਅਸੀਂ ਪੀੜਤਾਂ ਦੇ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹਾਂ।

# ਕੋਲੋਰਾਡੋ ਦੀ ਨਾਈਟ ਕਲੱਬ ਵਿਚ ਗੋਲੀਬਾਰੀ ਕਰਨ ਵਾਲੇ ਸ਼ੱਕੀ ਦੋਸ਼ੀ ਵਿਰੁੱਧ ਹੱਤਿਆ ਤੇ ਨਸਲੀ ਅਪਰਾਧ ਦੇ ਦੋਸ਼ ਆਇਦ ਹੋਣਗੇ

**ਸੈਕਰਾਮੈਂਟੋ 22 ਨਵੰਬਰ–** ਅਮਰੀਕਾ ਦੇ ਕੋਲੋਰਾਡ ਰਾਜ ਵਿਚ ਕੋਲੋਰਾਡੋ ਸਪਰਿੰਗਜ ਵਿਖੇ ਇਕ ਨਾਈਟ ਕਲੱਬ ਵਿਚ ਗੋਲੀਆਂ ਮਾਰ ਕੇ 5 ਵਿਅਕਤੀਆਂ ਦੀ ਹੱਤਿਆ ਕਰਨ ਤੇ 17 ਹੋਰਨਾਂ ਨੂੰ ਜ਼ਖਮੀ ਕਰਨ ਵਾਲੇ ਸ਼ੱਕੀ ਦੋਸ਼ੀ 22 ਸਾਲਾ ਐਂਡਰਸਨ ਲੀਅ ਐਲਡਰਿਚ ਵਿਰੁੱਧ 5 ਪਹਿਲਾ ਦਰਜਾ ਹੱਤਿਆਵਾਂ ਤੇ ਨਫਰਤੀ ਅਪਰਾਧ ਦੇ ਦੋਸ਼ ਆਇਦ ਕੀਤੇ ਜਾਣਗੇ। ਇਹ ਜਾਣਕਾਰੀ ਐਲ ਪਾਸੋ ਕਾਊਂਟੀ ਦੇ ਡਿਸਟ੍ਰਿਕਟ ਅਟਾਰਨੀ ਮਾਈਕਲ ਐਲਨ ਨੇ ਦਿੱਤੀ ਹੈ। ਐਲਡਰਿਚ ਨੂੰ ਹਸਪਤਾਲ ਤੋਂ ਜੇਲ ਵਿਚ ਭੇਜ ਦਿੱਤਾ ਗਿਆ ਹੈ। ਸ਼ੁਰੂ ਵਿਚ ਉਸ ਵਿਰੁੱਧ ਸੁਣਵਾਈ ਵੀਡੀਓ ਪ੍ਰਣਾਲੀ ਰਾਹੀਂ ਹੋਵੇਗੀ।

ਜਿਸ ਨਾਈਟ ਕਲੱਬ ਵਿਚ ਗੋਲੀਬਾਰੀ ਦੀ ਘਟਨਾ ਵਾਪਰੀ ਉਹ ਸਥਾਨਕ ਐਲ ਜੀ ਬੀ ਟੀ ਕਿਊ ਭਾਈਚਾਰੇ ਲਈ ਸੁਰੱਖਿਅਤ ਮੰਨੀ ਜਾਂਦੀ ਸੀ ਜਿਥੇ ਉਹ ਇਕੱਠੇ ਹੋ ਕੇ ਗੱਪ ਸ਼ੱਪ ਮਾਰਦੇ ਸਨ ਤੇ ਆਪਣੇ ਸਮਾਗਮ ਕਰਦੇ ਸਨ।

ਪੁਲਿਸ ਨੇ ਗੋਲੀਬਾਰੀ ਵਿਚ ਮਾਰੇ ਗਏ ਲੋਕਾਂ ਦੀ ਪਛਾਣ ਕਰ ਲਈ ਹੈ ਇਨਾਂ ਵਿਚ ਡੈਨੀਅਲ ਅਸਟਨ, ਰੇਮਾਂਡ ਗਰੀਨ ਵਾਂਸ, ਕੈਲੀ ਲਵਿੰਗ, ਐਸ਼ਲੇ ਪੌਗ ਤੇ ਡੈਰਿਕ ਰੰਪ ਸ਼ਾਮਲ ਹਨ।

# ਬਾਈਡਨ ਪ੍ਰਸਾਸ਼ਨ ਵੱਲੋਂ ਕੈਲੀਫੋਰਨੀਆ ਦੇ ਪ੍ਰਮਾਣੂ ਊਰਜਾ ਪਲਾਂਟ ਲਈ 1.1 ਅਰਬ ਡਾਲਰ ਦੇਣ ਦਾ ਐਲਾਨ



**ਸੈਕਰਾਮੈਂਟੋ 22 ਨਵੰਬਰ–** ਯੂ ਐਸ ਡਿਪਾਰਟਮੈਂਟ ਆਫ ਏਨਰਜੀ ਨੇ ਪੈਸੀਫਿਕ ਗੈਸ ਐਂਡ ਇਲੈਕਟ੍ਰਿਕ ਕੰਪਨੀ ਨੂੰ 1.1 ਅਰਬ ਡਾਲਰ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ ਤਾਂ ਜੋ ਸੈਂਟਰਲ ਕੈਲੀਫੋਰਨੀਆ ਤੱਟ ਉਪਰ ਸਥਿੱਤ ਪ੍ਰਮਾਣੂ ਬਿਜਲੀ ਪਲਾਂਟ ਦੀ ਸਾਂਭ ਸੰਭਾਲ ਕੀਤੀ ਜਾ ਸਕੇ। ਇਸ ਨਾਲ ਕੈਲੀਫੋਰਨੀਆ ਵਿਚ ਪ੍ਰਮਾਣੂ ਊਰਜਾ ਨੂੰ ਚੰਗਾ ਹੁਲਾਰਾ ਮਿਲੇਗਾ। ਡਿਆਬਲੋ ਕੈਨਯੋਨ ਵਿਖੇ ਸਥਿੱਤ ਪ੍ਰਮਾਣੂ ਪਲਾਂਟ ਨੂੰ ਦੋ ਚਰਨਾਂ ਵਿਚ 2025 ਤੱਕ ਬੰਦ ਕੀਤਾ ਜਾਣਾ ਹੈ ਪਰੰਤੂ ਗਵਰਨਰ ਨਿਊਸੋਮ ਇਸ ਦੇ ਹੱਕ ਵਿਚ ਨਹੀਂ ਹਨ। ਪਿਛਲੇ ਸਾਲਾਂ ਵਿਚ ਪਈ ਅੱਤ ਦੀ ਗਰਮੀ ਤੇ ਜੰਗਲੀ ਅੱਗ ਕਾਰਨ ਕੈਲੀਫੋਰਨੀਆ ਦੀ ਇਲੈਕਟ੍ਰਿਕ ਗਰਿਡ ਪ੍ਰਭਾਵਿਤ ਹੋਈ ਸੀ। ਊਰਜਾ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੰਘੀ ਸਹਾਇਤਾ ਇਸ ਗੱਲ ਨੂੰ ਯਕੀਨੀ ਨਹੀਂ ਬਣਾਉਂਦੀ ਕਿ ਇਹ ਪ੍ਰਮਾਣੂ ਪਲਾਂਟ 2025 ਤੋਂ ਬਾਅਦ ਵੀ ਜਾਰੀ ਰਹੇਗਾ ਪਰੰਤੂ ਇਹ ਸਹਾਇਤਾ ਫਿਲਹਾਲ ਇਸ ਪਲਾਂਟ ਨੂੰ ਚੱਲਦਾ ਰਖੇਗੀ।

# ਜਗਦੀਸ਼ ਰਾਣਾ ਤੇ ਮੱਖਣ ਲੁਹਾਰ ਦੁਆਰਾ ਸੰਪਾਦਿਤ ਪੁਸਤਕ ਹਰਫ਼ਾਂ ਦਾ ਚਾਨਣ ਤੇ ਅਮਰੀਕਾ ਵਿਚ ਹੋਈ ਗੋਸ਼ਟੀ

**ਸੈਕਰਾਮੈਂਟੋ–** ਪੰਜਾਬੀ ਗੀਤਕਾਰ ਮੰਚ ਕੈਲੇਫੋਰਨੀਆਂ ( ਯੂ ਐਸ ਏ ) ਵੱਲੋਂ ਗੋਲਡਨ ਸਟੇਟ ਟਰੱਕ ਸੇਲਜ ਵੈਸਟ ਸੈਕਰਾਮੈਂਟੋ ਵਿਖੇ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ , ਗੁਰਾਇਆਂ ( ਜਲੰਧਰ ) ਰਾਹੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ 69 ਸ਼ਾਇਰਾਂ / ਗੀਤਕਾਰਾਂ ਦਾ ਸਾਂਝਾ ਕਾਵਿ ਸੰਗ੍ਰਹਿ, 'ਹਰਫ਼ਾਂ ਦਾ ਚਾਨਣ' ਤੇ ਭਰਵੀਂ ਗੋਸ਼ਟੀ ਕੀਤੀ ਗਈ । ਧਰਮਿੰਦਰ ਸਿੰਘ ਨੇ ਮੀਟਿੰਗ ਦਾ ਪ੍ਰਬੰਧ ਅਤੇ ਸਾਰਾ ਖਾਣ ਪੀਣ ਦਾ ਪ੍ਰਬੰਧ ਕੀਤਾ । ਗੀਤਕਾਰ ਸੁਰਿੰਦਰ ਝੰਡੇਰ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ । ਗੁਰਬਚਨ ਚੋਪੜਾ ਨੇ ਮੰਚ ਦੀ ਜ਼ੁੰਮੇਵਾਰੀ ਬਾਖ਼ੂਬੀ ਨਿਭਾਈ । ਬਿੱਕਰ ਸਿੰਘ ਕੰਮੇਆਣਾ ( ਐਸ਼ੀ ਰੋਮਾਣਾ ਕੰਮੇਆਣਾ ) ਨੇ ਪੁਸਤਕ ਹਰਫ਼ਾਂ ਦਾ ਚਾਨਣ ' ਦੇ ਸੰਪਾਦਕਾਂ , ਉੱਘੇ ਗੀਤਕਾਰ ਮੱਖਣ ਲੁਹਾਰ ਤੇ ਉੱਘੇ ਨਾਮਵਰ ਸ਼ਾਇਰ ਜਗਦੀਸ਼ ਰਾਣਾ ਦੀ ਇਸ ਕਾਰਜ ਲਈ ਤਾਰੀਫ਼ ਕਰਦਿਆਂ ਕਿਤਾਬ ਵਿੱਚ ਦਰਜ਼ ਰਚਨਾਵਾਂ ਨੂੰ ਸਲ੍ਹਾਉਂਦਿਆਂ ਇਸ ਨੂੰ ਜੀ ਆਇਆਂ ਕਿਹਾ । ਉੱਘੀ ਕਵਿੱਤਰੀ ਮਨਜੀਤ ਕੌਰ ਸੇਖੋਂ ਨੇ ਕਿਤਾਬ ਦੀਆਂ ਕਈ ਰਚਨਾਵਾਂ ਦਾ ਪਾਠ ਕਰਦਿਆਂ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਹਰਫ਼ਾਂ ਦਾ ਚਾਨਣ ਪੜ੍ਹਨਯੋਗ ਤੇ ਸਾਂਭਣਯੋਗ ਪੁਸਤਕ ਬਣ ਗਈ ਹੈ। ਗਾਇਕਾ ਸੁਖਵੰਤ ਕੌਰ ਸੁੱਖੀ ਨੇ ਕੁੱਝ ਗੀਤ ਗਾ ਕੇ ਆਪਣਾ ਪ੍ਰਭਾਵ ਛੱਡਿਆ। ਨਵੀਂ ਉੱਭਰੀ ਨੌਜਵਾਨ ਗਾਇਕਾ ਮਨ–ਪ੍ਰੀਤ ਗਿੱਲ ਨੇ ਬਹੁਤ ਹੀ ਮਿੱਠੀ ਅਵਾਜ਼ ' ਚ ਗੀਤ ਗਾਏ ਮਨਜੀਤ ਰੱਲ ,ਚਰਨ ਲੁਹਾਰਾਂ ਵਾਲਾ , ਤਰਲੋਕ ਸਿੰਘ , ਜਸਵਿੰਦਰ ਮਦਾੜਾ ਨੇ ਵੀ ਆਪਣੀ ਗਾਇਕੀ ਦਾ ਰੰਗ ਬੰਨਿਆਂ । ਉੱਘੀ ਸ਼ਾਇਰਾ ਜੋਤੀ ਕੌਰ ਨੇ ਆਪਣੀ ਸੁਰੀਲੀ ਅਵਾਜ਼ ਰਾਹੀਂ ਆਪਣੀਆਂ ਕੁੱਝ ਚੋਣਵੀਆਂ ਰਚਨਾਵਾਂ ਤਰੰਨੁਮ ਚ ਗਾ ਕੇ ਖ਼ੂਬ ਵਾਹਵਾ ਖੱਟੀ । ਉੱਘੇ ਗਾਇਕ ਤਰਲੋਕ ਸਿੰਘ ਨੇ ਸੁਰੀਲਿਆਂ ਸਾਜ਼ਾਂ ਨਾਲ ਆਪਣੀ ਸੁਰੀਲੀ ਅਵਾਜ਼ ਦਾ ਜਾਦੂ ਬਿਖੇਰਿਆ । ਲਹਿੰਦੇ ਪੰਜਾਬ ਦੇ ਉੱਘੇ ਗਾਇਕ ਮਲਿਕ ਇਮਤਿਆਜ਼ ਤੇ ਮਲਿਕ ਜ਼ੁਲਫ਼ਕਾਰ ਏ ਅਵਾਨ ਨੇ ਵੀ ਆਪਣੀ ਗਾਇਕੀ ਦੇ ਜ਼ੌਹਰ ਦਿਖਾਏ। ਪ੍ਰਸਿੱਧ ਲੇਖਕਾ ਤਤਿੰਦਰ ਕੌਰ , ਉੱਘੀ ਸ਼ਾਇਰਾ ਮਨੋਰੀਤ ਗਰੇਵਾ.ਲ (ਪ੍ਰਧਾਨ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ) ਉੱਘੇ ਗੀਤਕਾਰ ਜਸਵੰਤ ਜੱਸੀ ਸ਼ੀਂਮਾਰ, ਉੱਘੇ ਸ਼ਾਇਰ ਹਰਜਿੰਦਰ ਪੰਧੇਰ (ਪ੍ਰਧਾਨ ਪੰਜਾਬੀ ਸਾਹਿਤ ਸਭਾ ਸਟਾਕਟਨ) ਵਿਸ਼ੇਸ਼ ਤੌਰ ਤੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ । ਹੋਰਨਾ ਤੋਂ ਇਲਾਵਾ ਸਮਾਗਮ ਵਿੱਚ ਪਵਨ ਮਾਹੀ , ਕੇਵਲ ਕ੍ਰਿਸ਼ਨ ਬੋਲੀਨਾ , ਚਰਨ ਸਿੰਘ ਲੋਹਾਰਾਂ ਵਾਲਾ , ਜਸਵਿੰਦਰ ਲਾਲ ਮਢੇਰਾ, ਟੀ ਸਿੰਘ, ਸੁਰਿੰਦਰ ਸਿੰਘ ਸ਼ੇਰਗਿੱਲ, ਡੌਲੀ ਫੋਟੋਗ੍ਰਾਫਰ, ਬਲਜੀਤ ਸਿੰਘ ,ਸੁਰਿੰਦਰ ਬਰਾੜ, ਪਰੀ ਕੌਰ, ਕਮਲਜੀਤ ਕੌਰ ਰੱਲ, ਦੀਪੂ ਚੋਪੜਾ, ਜੇ ਪੀ ਸਿੰਘ , ਆਈ ਹਰਮਿੰਦਰ ਸਿੰਘ ਤੇ ਮਨਜੀਤ ਸਿੰਘ ਰੱਲ ਆਦਿ ਵਿਸ਼ੇਸ਼ ਤੌਰ ਤੇ ਹਾਜ਼ਿਰ ਰਹੇ। ਪੰਜਾਬੀ ਗੀਤਕਾਰ ਮੰਚ ਦੇ ਪ੍ਰਧਾਨ ਮੱਖਣ ਲੁਹਾਰ ਨੇ ਸਮਾਗਮ ਵਿੱਚ ਪਹੁੰਚੀਆਂ ਸਭ ਸਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਅਗਾਂਹ ਵੀ ਨਵੀਆਂ ਤੇ ਸਥਾਪਿਤ ਕਲਮਾਂ ਦੀਆਂ ਰਚਨਾਵਾਂ ਦੇ ਸੰਗ੍ਰਹਿ ਛਾਪਦਾ ਰਹੇਗਾ ।



# ਰੈਜੀਡੈਂਸੀ ਪਾਈ ਹੈ, ਪਰ ਵੀਜ਼ਾ ਆਇਆ ਨੀ? ਅਤੇ ਕੋਵਿਡ ਸ਼ਰਤਾਂ ਕਰਕੇ ਪਰਿਵਾਰ ਹੋ ਗਿਆ ਦੂਰ?

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਨੇ ਅੱਜ 2021 ਰੈਜੀਡੈਂਸ ਵੀਜਿਆਂ ਵਾਲਿਆਂ ਦੇ ਫੈਸਲਿਆਂ ਵਿਚ ਜਿਆਦਾ ਲੋੜਵੰਦਾਂ ਦੇ ਲਈ ਤੇਜ਼ੀ ਲਿਆਉਣ ਦੇ ਲਈ ਇਕ ਤਬਦੀਲੀ ਪੇਸ਼ ਕੀਤੀ ਹੈ। ਜਿਹੜੇ ਪਰਿਵਾਰ ਰੈਜੀਡੈਂਸੀ ਦੀ ਉਡੀਕ ਵਿਚ ਹਨ ਅਤੇ ਉਨ੍ਹਾਂ ਦੀ ਅਰਜ਼ੀ ਦੇ ਕੁਝ ਮੈਂਬਰ ਕਰੋਨਾ ਦੇ ਚਲਦਿਆਂ ਦੂਜੇ ਦੇਸ਼ਾਂ ਦੇ ਵਿਚ ਫਸ ਗਏ ਹਨ ਅਤੇ ਮੁੜ ਦੁਬਾਰਾ ਇਕੱਤਰ ਨਹੀਂ ਹੋ ਸਕੇ। ਹੁਣ ਇਮੀਗ੍ਰੇਸ਼ਨ ਨੇ ਕਿਹਾ ਹੈ ਕਿ ਇਸ ਸਬੰਧੀ ਸਾਨੂੰ ਈਮੇਲ ਪਾਓ ਅਸੀਂ ਤੁਹਾਡਾ ਕੇਸ ਪਹਿਲ ਦੇ ਅਧਾਰ ਉਤੇ ਕਰਾਂਗੇ। ਪਹਿਲਾਂ ਇਮੀਗ੍ਰੇਸ਼ਨ ਨੇ ਸੋਚਿਆ ਸੀ ਕਿ ਸਾਰੀਆਂ ਅਰਜ਼ੀਆਂ ਮੋਟੀ ਚਾਲ ਕਰਕੇ ਕੰਪਊਟਿਰ ਦੀ ਮਦਦ ਨਾਲ ਸਾਲ ਵਿਚ ਕੱਢ ਦੇਵਾਂਗੇ ਅਤੇ ਅੰਦਾਜਾ ਸੀ ਕਿ ਇਕ ਲੱਖ 65 ਲੋਕ ਹੀ ਪੱਕੇ ਹੋ ਸਕਦੇ ਹਨ ਪਰ ਇਹ ਲੋਕ 2 ਲੱਖ 15 ਹਜ਼ਾਰ ਤੱਕ ਹੋ ਗਏ।

ਇਮੀਗ੍ਰੇਸ਼ਨ ਨੇ ਕਿਹਾ ਹੈ ਕਿ ਅਸੀਂ ਸਮਝਦੇ ਹਾਂ ਕਿ ਕੋਵਿਡ ਦੁਆਰਾ ਵੱਖ ਹੋਏ ਪਰਿਵਾਰ ਦੁਬਾਰਾ ਇਕੱਠੇ ਹੋਣ ਲਈ ਬੇਤਾਬ ਹਨ ਅਤੇ ਇਮੀਗ੍ਰੇਸ਼ਨ ਦੇ 2021 ਰੈਜ਼ੀਡੈਂਟ ਵੀਜ਼ਾ ਪ੍ਰੋਸੈਸਿੰਗ ਸਮਾਂ ਸੀਮਾ ਨੂੰ 12 ਤੋਂ 18 ਮਹੀਨਿਆਂ ਤੱਕ ਵਧਾਉਣ ਦੇ ਫੈਸਲੇ ਨਾਲ ਉਨ੍ਹਾਂ ਨੂੰ ਪ੍ਰਭਾਵਿਤ ਹੋਣਾ ਪਿਆ ਹੈ।

ਇਸ ਹਫ਼ਤੇ ਬਿਨੈਕਾਰਾਂ ਤੋਂ 2021 ਰੈਜੀਡੈਂਟ ਵੀਜ਼ਾ ਅਰਜ਼ੀਆਂ ਨੂੰ ਤਰਜੀਹ ਦੇਣ ਲਈ ਇੱਕ ਈਮੇਲ ਐਸਕੇਲੇਸ਼ਨ ਪ੍ਰਕਿਰਿਆ ਸਥਾਪਤ ਕੀਤੀ ਗਈ ਹੈ ਜੋ ਵਰਤਮਾਨ ਵਿੱਚ ਆਪਣੇ ਆਫਸ਼ੋਰ ਭਾਈਵਾਲਾਂ ਅਤੇ ਨਿਰਭਰ ਬੱਚਿਆਂ ਤੋਂ ਵੱਖ ਰਹਿ ਰਹੇ ਹਨ।

**ਈਮੇਲ ਪਾਓ ਤੇਜ਼ੀ ਲਿਆਓ**

**Update on 2021 Resident Visa prioritisation**

**18 November 2022**

We understand there are families desperate to reunite after COVID has kept them apart and how the decision to extend the 2021 Resident Visa processing timeframe from 12 to 18 months has impacted them.

This week, we have established an email escalation process to prioritise 2021 Resident Visa applications from applicants who are currently separated from their offshore partners and dependent children.

There will be certain criteria that applicants need to meet to have their 2021 Resident Visa application prioritised under this process. For example, the offshore partner must have been in a relationship with the onshore partner prior to the COVID-related border restrictions.\

If your 2021 Resident Visa application includes family members who are overseas, you can email us to request that your application is prioritised.

Unfortunately, we can only action any requests for prioritisation when the application reaches the 'under assessment' stage. That is because key checks including an identity check, character check and possible health check must be done before we can action any requests for urgent processing.

If you are eligible for priority processing but your application has not yet reached the 'under assessment' stage, you can still email us and your application will be allocated for assessment once it reaches the 'under assessment' stage.

Applicants can use the INZ Employment Visa Escalation process to request that their application is prioritised.

ਇਸ ਪ੍ਰਕਿਰਿਆ ਦੇ ਤਹਿਤ ਬਿਨੈਕਾਰਾਂ ਨੂੰ ਆਪਣੀ 2021 ਰੈਜ਼ੀਡੈਂਟ ਵੀਜ਼ਾ ਅਰਜ਼ੀ ਨੂੰ ਤਰਜੀਹ ਦੇਣ ਲਈ ਕੁਝ ਮਾਪਦੰਡ ਪੂਰੇ ਕਰਨ ਦੀ ਲੋੜ ਹੋਵੇਗੀ। ਉਦਾਹਰਣ ਲਈ ਆਫਸ਼ੋਰ ਪਾਰਟਨਰ ਦਾ ਕੋਵਿਡ ਸਬੰਧੀ ਸਰਹੱਦੀ ਪਾਬੰਦੀਆਂ ਤੋਂ ਪਹਿਲਾਂ ਆਨਸ਼ੋਰ ਪਾਰਟਨਰ (ਨਿਊਜ਼ੀਲੈਂਡ) ਨਾਲ ਰਿਸ਼ਤਾ ਹੋਣਾ ਚਾਹੀਦਾ ਹੈ। ਜੇਕਰ ਤੁਹਾਡੀ 2021 ਰੈਜ਼ੀਡੈਂਟ ਵੀਜ਼ਾ ਅਰਜ਼ੀ ਵਿੱਚ ਪਰਿਵਾਰ ਦੇ ਮੈਂਬਰ ਸ਼ਾਮਲ ਹਨ ਜੋ ਵਿਦੇਸ਼ ਵਿੱਚ ਹਨ, ਤਾਂ ਤੁਸੀਂ ਇਹ ਬੇਨਤੀ ਕਰਨ ਲਈ ਈਮੇਲ ਕਰ ਸਕਦੇ ਹੋ ਕਿ ਤੁਹਾਡੀ ਅਰਜ਼ੀ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰਾਥਮਿਕਤਾ ਲਈ ਕਿਸੇ ਵੀ ਬੇਨਤੀ 'ਤੇ ਉਦੋਂ ਹੀ ਕਾਰਵਾਈ ਕੀਤੀ ਜਾ ਸਕਦੀ ਹੈ ਜਦੋਂ ਐਪਲੀਕੇਸ਼ਨ 'ਅੰਡਰ ਅਸੈਸਮੈਂਟ' ਪੜਾਅ 'ਤੇ ਪਹੁੰਚ ਜਾਂਦੀ ਹੈ।

ਇਹ ਇਸ ਲਈ ਹੈ ਕਿਉਂਕਿ ਜ਼ਰੂਰੀ ਪ੍ਰਕਿਰਿਆ ਲਈ ਕਿਸੇ ਵੀ ਬੇਨਤੀ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਪਛਾਣ ਜਾਂਚ, ਚਰਿੱਤਰ ਜਾਂਚ ਅਤੇ ਸੰਭਾਵੀ ਸਿਹਤ ਜਾਂਚ ਸਮੇਤ ਮੁੱਖ ਜਾਂਚਾਂ ਕੀਤੀਆਂ ਜਾਣੀਆਂ ਹੁੰਦੀਆਂ ਹਨ।

ਜੇਕਰ ਤੁਸੀਂ ਤਰਜੀਹੀ ਪ੍ਰਕਿਰਿਆ ਲਈ ਯੋਗ ਹੋ ਪਰ ਤੁਹਾਡੀ ਅਰਜ਼ੀ ਅਜੇ 'ਅੰਡਰ ਅਸੈਸਮੈਂਟ' ਪੜਾਅ 'ਤੇ ਨਹੀਂ ਪਹੁੰਚੀ ਹੈ, ਤਾਂ ਤੁਸੀਂ ਅਜੇ ਵੀ ਸਾਨੂੰ ਈਮੇਲ ਕਰ ਸਕਦੇ ਹੋ ਅਤੇ ਤੁਹਾਡੀ ਅਰਜ਼ੀ 'ਅੰਡਰ ਅਸੈਸਮੈਂਟ' ਪੜਾਅ 'ਤੇ ਪਹੁੰਚਣ 'ਤੇ ਮੁਲਾਂਕਣ ਲਈ ਨਿਰਧਾਰਤ ਕੀਤੀ ਜਾਵੇਗੀ।

# ਨਿਤੇਸ਼ ਜੈਨ ਵੱਲੋਂ ਅੰਨਦਾਣਾ ਬਲਾਕ ਵਿਖੇ ਪਹਿਲ ਪ੍ਰੋਜੈਕਟ ਤਹਿਤ ਚੱਲ ਰਹੇ ਕੰਮਾਂ ਦਾ ਜਾਇਜ਼ਾ






**ਸੰਗਰੂਰ (ਦਲਜੀਤ ਕੌਰ)–** ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਪੰਜਾਬ ਰਾਜ ਪੇਂਡੂ ਉਪਜੀਵਿਕਾ ਮਿਸ਼ਨ (ਆਜੀਵਿਕਾ) ਤਹਿਤ ਜ਼ਿਲ੍ਹਾ ਸੰਗਰੂਰ ਦੇ ਪਿੰਡਾਂ 'ਚ ਗਰੀਬ ਪਰਿਵਾਰਾਂ ਨਾਲ ਸਬੰਧਤ ਔਰਤਾਂ ਦਾ ਸਮਾਜਿਕ ਤੇ ਆਰਥਿਕ ਜੀਵਨ ਪੱਧਰ ਉੱਚਾ ਚੁੱਕਣ ਲਈ ਗਠਿਤ ਸਵੈ ਸਹਾਇਤਾ ਸਮੂਹਾਂ ਦਾ ਦਾਇਰਾ ਤੇਜ਼ੀ ਨਾਲ ਵੱਡਾ ਹੁੰਦਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਹਾਇਕ ਕਮਿਸ਼ਨਰ ਅੰਡਰ ਟਰੇਨਿੰਗ (ਆਈਏਐਸ) ਸ੍ਰੀ ਨਿਤੇਸ਼ ਜੈਨ ਨੇ ਬਲਾਕ ਅੰਨਦਾਣਾ ਵਿੱਚ ਚੱਲ ਰਹੇ ਸਵੈ ਸਹਾਇਤਾ ਸਮੂਹਾਂ ਦੀ ਕਾਰਜਸ਼ੈਲੀ ਅਤੇ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਅਤੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ ਦੀ ਅਗਵਾਈ ਹੇਠ ਚਲਾਏ ਜਾ ਰਹੇ ਪਹਿਲ ਪ੍ਰੋਜੈਕਟ ਤਹਿਤ ਹੋ ਰਹੇ ਕੰਮਾਂ ਨੂੰ ਦੇਖਿਆ ਅਤੇ ਸੰਤੁਸ਼ਟੀ ਪ੍ਰਗਟਾਈ।

ਇਸ ਮੌਕੇ ਸ੍ਰੀ ਨਿਤੇਸ਼ ਕੁਮਾਰ ਨੇ ਦੱਸਿਆ ਕਿ ਪਿੰਡਾਂ 'ਚ 10 ਤੋਂ 20 ਗਰੀਬ ਅਤੇ ਅਤਿ ਗਰੀਬ ਔਰਤਾਂ ਦੇ ਸਮੂਹਾਂ ਦਾ ਗਠਨ ਕੀਤਾ ਜਾਂਦਾ ਹੈ ਅਤੇ ਬੈਂਕਾਂ ਤੇ ਗ੍ਰਾਮ ਸੰਗਠਨਾਂ ਨਾਲ ਜੋੜ ਕੇ ਘੱਟ ਵਿਆਜ਼ 'ਤੇ ਕਰਜ਼ਾ ਮੁਹੱਈਆ ਕਰਵਾਇਆ ਜਾਂਦਾ ਹੈ ਜਿਸ ਨਾਲ ਇਨ੍ਹਾਂ ਸਮੂਹਾਂ ਦੇ ਮੈਂਬਰ ਆਪਣੀ ਆਮਦਨ ਵਧਾਉਣ ਲਈ ਗਤੀਵਿਧੀਆਂ ਚਲਾਉਂਦੇ ਹਨ ਤਾਂ ਜੋ ਇਹ ਔਰਤਾਂ ਅਗਾਂਹਵਧੂ ਹੋ ਕੇ ਆਪਣੇ ਪਰਿਵਾਰਾਂ ਦਾ ਮਿਆਰੀ ਢੰਗ ਨਾਲ ਪਾਲਣ ਪੋਸ਼ਣ ਕਰ ਸਕਣ ਅਤੇ ਆਪਣੀ ਆਰਥਿਕ ਸਥਿਤੀ ਵਿੱਚ ਲੋੜੀਂਦਾ ਸੁਧਾਰ ਯਕੀਨੀ ਬਣਾ ਸਕਣ। ਉਨ੍ਹਾਂ ਇਸ ਦੌਰਾਨ ਤੇਲ ਪ੍ਰੋਜੈਕਟ, ਦੁਕਾਨਾਂ ਤੇ ਸਲਿੱਪਰ ਪ੍ਰੋਜੈਕਟ ਦਾ ਜਾਇਜ਼ਾ ਲਿਆ। ਪਹਿਲ ਪ੍ਰੋਜੈਕਟ ਦਾ ਲਾਭ ਲੈ ਰਹੇ ਪਰਿਵਾਰਾਂ ਨੇ ਦੱਸਿਆ ਕਿ ਇਸ ਪ੍ਰੋਜੈਕਟ ਦਾ ਹਿੱਸਾ ਬਣਨ ਮਗਰੋਂ ਉਨ੍ਹਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੋਈ ਹੈ।

ਇਸ ਮੌਕੇ ਰਾਜਿੰਦਰ ਕੁਮਾਰ ਜਿਲ੍ਹਾ ਲੇਖਾਕਾਰ, ਸੰਦੀਪ ਕੁਮਾਰ ਬੀ ਪੀ ਐਮ, ਖੁਸ਼ਵੰਤ ਸਿੰਘ ਕੋਆਰਡੀਨੇਟਰ, ਮੀਨਾ ਦੇਵੀ, ਰੇਖਾ ਰਾਣੀ, ਕ੍ਰਿਸ਼ਨਾ ਦੇਵੀ ਆਦਿ ਵੀ ਹਾਜ਼ਰ ਸਨ।

# ਡੇਮੋਕ੍ਰੇਟਿਕ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਇਕਾਈ ਫਗਵਾੜਾ ਨੇ ਪੰਜਾਬ ਸਰਕਾਰ ਵਿਰੁੱਧ ਰੋਸ ਮੁਜਾਹਰਾ ਕਰ ਕੀਤੀ ਨਾਅਰੇਬਾਜ਼ੀ

**ਫਗਵਾੜਾ 20 ਨਵੰਬਰ (ਬੀ.ਕੇ.ਰੱਤੂ)** ਡੇਮੋਕ੍ਰੇਟਿਕ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਪੰਜਾਬ (ਸਬੰਧਿਤ ਡੀ ਐਮ ਐਫ) ਦੇ ਸੱਦੇ ਤੇ ਟਾਊਨ ਹਾਲ ਫਗਵਾੜਾ ਵਿਖੇ ਇਕਾਈ ਫਗਵਾੜਾ ਦੀਆਂ ਵਰਕਰਾਂ ਨੇ ਇਕੱਤਰ ਹੋ ਕੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਬੱਸ ਸਟੈਂਡ ਤੱਕ ਰੋਹ ਭਰਪੂਰ ਮਾਰਚ ਕੀਤਾ। ਇਕੱਠ ਨੇ ਵਿੱਤ ਮੰਤਰੀ ਪੰਜਾਬ ਦੇ ਨਾਮ ਇੱਕ ਮੰਗ ਪੱਤਰ ਨਾਇਬ ਤਹਿਸੀਲਦਾਰ ਫਗਵਾੜਾ ਨੂੰ ਸੌਂਪਿਆ। ਇਸ ਮੌਕੇ ਬੋਲਦਿਆਂ ਡੀ ਐਮ ਐਫ ਆਗੂ ਗੁਰਮੁਖ ਲੋਕਪ੍ਰੇਮੀ, ਬਲਾਕ ਪ੍ਰਧਾਨ ਪਰਮਜੀਤ ਕੌਰ, ਬਲਾਕ ਆਗੂ ਬਲਵਿੰਦਰ ਕੌਰ, ਰਾਜਵਿੰਦਰ ਕੌਰ ਅਤੇ ਮਨਜਿੰਦਰ ਕੌਰ ਆਦਿ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਉਹਨਾਂ ਨਾਲ ਸਰਕਾਰ ਬਣਦਿਆਂ ਹੀ ਭੱਤਾ ਦੁੱਗਣਾ ਕਰਨ ਦਾ ਵਾਅਦਾ ਕੀਤਾ ਸੀ ਜੋ ਕਿ 8 ਮਹੀਨੇ ਬੀਤਣ ਬਾਅਦ ਵੀ ਪੂਰਾ ਨਹੀਂ ਕੀਤਾ। ਉਹਨਾਂ ਕਿਹਾ ਕਿ ਸਕੂਲਾਂ 'ਚ ਕੰਮ ਕਰਦੀਆਂ ਮਿੱਡ ਡੇ ਮੀਲ ਵਰਕਰਾਂ ਅਤੇ ਪਾਰਟ ਟਾਈਮ ਸਫਾਈ ਵਰਕਰਾਂ ਤੇ ਘੱਟੋ ਘੱਟ ਉਜਰਤ ਅਨੁਸਾਰ 10700 ਅਤੇ 9950 ਰੁਪਏ ਭੱਤਾ ਲਾਗੂ ਕੀਤਾ ਜਾਵੇ। ਵਰਕਰਾਂ ਦੀਆਂ ਛੁੱਟੀਆਂ ਦੌਰਾਨ ਉਹਨਾਂ ਨੂੰ ਬਦਲਵਾਂ ਪ੍ਰਬੰਧ ਕਰਕੇ ਆਪ ਕਰਕੇ ਦੇਣ ਅਤੇ ਉਸਦੀ ਦਿਹਾੜੀ ਖੁਦ ਦੇਣ ਲਈ ਮਜਬੂਰ ਨਾ ਕੀਤਾ ਜਾਵੇ। ਸਕੂਲਾਂ ਵਿੱਚ ਵਰਕਰਾਂ ਤੋਂ ਵਾਧੂ ਕੰਮ ਕਰਵਾ ਕੇ ਅਤੇ ਪੂਰਾ ਸਮਾਂ ਰੋਕ ਕੇ ਸ਼ੋਸ਼ਣ ਕਰਨਾ ਬੰਦ ਕੀਤਾ ਜਾਵੇ। ਵਰਕਰਾਂ ਦਾ ਮੁਫ਼ਤ ਇਲਾਜ ਅਤੇ 5 ਲੱਖ ਤੱਕ ਦੇ ਮੁਫ਼ਤ ਬੀਮੇ ਦੀ ਸਹੂਲਤ ਦਿੱਤੀ ਜਾਵੇ। ਇਸ ਮੌਕੇ ਵਿਸ਼ੇਸ ਤੌਰ ਤੇ ਪਹੁੰਚੇ ਜਨਤਕ ਆਗੂ ਜਸਵਿੰਦਰ ਪਟਵਾਰੀ, ਗੋਪਾਲ ਕਿਸ਼ਨ ਸਿੰਘ, ਅਧਿਆਪਕ ਆਗੂ ਪ੍ਰਮਿੰਦਰਪਾਲ ਸਿੰਘ ਅਤੇ ਰਸ਼ਪਾਲ ਸਿੰਘ ਨੇ ਕਿਹਾ ਕਿ ਪੁਰਾਣੀਆਂ ਸਰਕਾਰਾਂ ਵਾਂਗ ਨਿੱਜੀਕਰਣ ਦੇ ਰਾਹ ਪਈ ਨਵੀਂ ਸਰਕਾਰ ਵੀ ਮੁਲਾਜ਼ਮਾਂ ਦੇ ਵਿਭਾਗੀ ਮਸਲਿਆਂ ਤੋਂ ਟਾਲ ਮਟੋਲ ਕਰ ਰਹੀ ਹੈ। ਸਰਕਾਰੀ ਖਜ਼ਾਨਾ ਆਪਣੀਆਂ ਮਸ਼ਹੂਰੀਆਂ ਤੇ ਲੁਟਾ ਰਹੀ ਹੈ। ਸਿਹਤ ਅਤੇ ਸਿੱਖਿਆ ਪ੍ਰਬੰਧਾਂ ਦਾ ਹਾਲ ਬਦਤਰ ਹੋ ਰਿਹਾ ਹੈ, ਰੁਜ਼ਗਾਰ ਦੇ ਮਸਲੇ ਉੱਥੇ ਹੀ ਖੜੇ ਹਨ ਉਹਨਾਂ ਕਿਹਾ ਕਿ ਜੇਕਰ ਮਸਲੇ ਹੱਲ ਨਹੀਂ ਹੁੰਦੇ ਤਾਂ ਯੂਨੀਅਨ ਹੋਰ ਸੰਘਰਸ਼ੀ ਯੂਨੀਅਨਾਂ ਦੇ ਸਾਥ ਨਾਲ ਵਿਆਪਕ ਅਤੇ ਤਿੱਖੇ ਸੰਘਰਸ਼ ਦਾ ਰਾਹ ਫੜੇਗੀ। ਇਸ ਮੌਕੇ ਵੱਡੀ ਗਿਣਤੀ ਵਿੱਚ ਮਿੱਡ ਡੇ ਮੀਲ ਵਰਕਰ ਹਾਜ਼ਰ ਸਨ।



# ਟੀ ਬੀ ਰੋਗ ਨੂੰ ਮੁੱਖ ਰੱਖਦਿਆ ਜਾਗਰੂਕ ਕੈਂਪ ਸਫਲਤਾ ਪੂਰਵਕ ਢੰਗ ਨਾਲ ਸੰਪੰਨ

**ਪਠਾਨਕੋਟ, ਨਵੰਬਰ (ਰਾਜਿੰਦਰ ਸਿੰਘ ਰਾਜਨ)** ਕਮਿਊਨਿਟੀ ਹੈਲਥ ਸੈਂਟਰ ਨਰੋਟ ਜੈਮਲ ਸਿੰਘ ਵਿਖੇ ਟੀ ਬੀ ਰੋਗ ਨੂੰ ਮੁੱਖ ਰੱਖਦਿਆ ਟੀ ਬੀ ਜਾਗਰੂਕ ਕੈਂਪ ਸੀਨੀਅਰ ਮੈਡੀਕਲ ਅਫਸਰ ਡਾ ਰਵੀ ਭਗਤ ਦੀ ਅਗਵਾਈ ਵਿਚ ਲਗਾਇਆ ਗਿਆ। ਇਸ ਕੈਂਪ ਵਿੱਚ ਡਾਕਟਰ, ਫਾਰਮੇਸੀ ਅਫ਼ਸਰ ਅਤੇ ਸੀ ਐਚ ਓ ਨੇ ਭਾਗ ਲਿਆ । ਜਿਸ ਦੀ ਜ਼ਿਲ੍ਹਾ ਟੀ ਬੀ ਅਫ਼ਸਰ ਡਾ ਸਿਵੇਤਾ ਮਹਾਜਨ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਦੋ ਹਫਤੇ ਤੋਂ ਜ਼ਿਆਦਾ ਖਾਂਸੀ, ਬੁਖਾਰ, ਰਾਤ ਨੂੰ ਪਸੀਨਾ ਆਉਣਾ, ਭੁੱਖ ਘੱਟ



ਲੱਗਣਾ ਅਤੇ ਵਜ਼ਨ ਘਟਣਾ ਆਦਿ ਟੀ ਬੀ ਰੋਗ ਦੇ ਲੱਛਣ ਹਨ। ਇਸ ਤਰ੍ਹਾਂ ਦੇ ਲੱਛਣ ਹੋਣ ਤੇ ਮਰੀਜ਼ ਨੂੰ ਨਜ਼ਦੀਕ ਦੇ ਸਰਕਾਰੀ ਸਿਹਤ ਕੇਂਦਰ ਵਿੱਚ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਮਰੀਜ਼ ਦੀ ਜਾਂਚ ਤੋਂ ਲੈ ਕੇ ਇਲਾਜ ਜ਼ਿਲ੍ਹੇ ਦੇ ਸਾਰੇ ਸਿਹਤ ਕੇਂਦਰਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ । ਇਹ ਵੀ ਦੱਸਿਆ ਗਿਆ ਕਿ ਬਲਗਮ ਦੀ ਜਾਂਚ ਇਕ ਆਧੁਨਿਕ ਤਕਨੀਕ ਨਾਲ ਸੀ ਵੀ ਨੈਂਟ ਮਸ਼ੀਨ ਜ਼ਿਲ੍ਹਾ ਹਸਪਤਾਲ ਵਿੱਚ ਬਿਲਕੁਲ ਫ੍ਰੀ ਕੀਤੀ ਜਾਂਦੀ ਹੈ। ਟੀ ਬੀ ਰੋਗ ਪੂਰੀ ਤਰ੍ਹਾਂ ਨਾਲ ਇਲਾਜ ਦੇ ਯੋਗ ਹੈ। ਕੋਰਸ ਪੂਰਾ ਕਰਨ ਤੇ ਰੋਗ ਪੂਰੀ ਤਰ੍ਹਾਂ ਨਾਲ ਠੀਕ ਹੋ ਜਾਂਦਾ ਹੈ। ਅਧੂਰਾ ਇਲਾਜ ਰੋਗ ਦੇ ਸੰਕਰਮਣ ਦੂਸਰੇ ਤਕ ਪਹੁੰਚਾਉਣ ਦਾ ਕਾਰਨ ਬਣਦਾ ਹੈ। ਇਸ ਲਈ ਟੀ ਬੀ ਦੇ ਲੱਛਣ ਹੋਣ ਤੇ ਤੁਰੰਤ ਆਪਣੀ ਜਾਂਚ ਅਤੇ ਇਲਾਜ ਸ਼ੁਰੂ ਕਰਵਾ ਲੈਣਾ ਚਾਹੀਦਾ ਹੈ । ਟੀ ਬੀ ਰੋਗ ਦੀ ਜਾਂਚ ਅਤੇ ਇਲਾਜ ਸਾਰੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਵਧੀਆ ਢੰਗ ਨਾਲ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਜਾਗਰੁਕ ਕੈਂਪ ਸਿਵਲ ਸਰਜਨ ਡਾ ਰੁਬਿੰਦਰ ਕੋਰ ਦੀਆਂ ਹਦਾਇਤਾਂ ਤੇ ਲਗਾਇਆ ਗਿਆ ਜੋ ਮੁਕੰਮਲ ਤੌਰ ਤੇ ਸਫਲਤਾ ਪੂਰਵਕ ਢੰਗ ਨਾਲ ਸੰਪੰਨ ਹੋਇਆ।

# ਰਾਜ ਪੱਧਰੀ ਯੋਗਾ ਮੁਕਾਬਲਿਆਂ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ 'ਤੇ

**ਪਠਾਨਕੋਟ, ਨਵੰਬਰ (ਰਾਜਿੰਦਰ ਸਿੰਘ ਰਾਜਨ)** ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਵਾਏ ਜਾ ਰਹੇ 66ਵੇਂ ਅੰਤਰ ਜ਼ਿਲ੍ਹਾ ਸਕੂਲ ਖੇਡ ਮੁਕਾਬਲਿਆਂ ਵਿੱਚ ਜ਼ਿਲ੍ਹਾ ਪਠਾਨਕੋਟ ਯੋਗ ਮੁਕਾਬਲਿਆਂ ਦੀ ਮੇਜ਼ਬਾਨੀ ਕਰ ਰਿਹਾ ਹੈ। ਸਿੱਖਿਆ ਵਿਭਾਗ ਪਠਾਨਕੋਟ ਯੋਗ ਮੁਕਾਬਲਿਆਂ ਦੀ ਮੇਜ਼ਬਾਨੀ ਲਈ ਪੱਬਾਂ ਭਾਰ ਹੋਇਆ ਪਿਆ ਹੈ। ਵਿਭਾਗ ਖਿਡਾਰੀਆਂ ਦੀ ਮੇਜ਼ਬਾਨੀ ਵਿੱਚ ਕਿਸੇ ਕਿਸਮ ਦੀ ਕੋਈ ਕਸਰ ਨਹੀਂ ਛੱਡਣਾ ਚਾਹੁੰਦਾ, ਇਸ ਲਈ ਵਿਭਾਗ ਵੱਲੋਂ ਇਨ੍ਹਾਂ ਮੁਕਾਬਲਿਆਂ ਲਈ ਬਣਾਈਆਂ ਗਈਆਂ ਕਮੇਟੀਆਂ ਵੱਲੋਂ ਆਪਣੀਆਂ – ਆਪਣੀਆਂ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਜਸਵੰਤ ਸਿੰਘ ਦੀ ਅਗਵਾਈ ਹੇਠ ਆਪਣੀ ਆਪਣੀ ਟੀਮਾਂ ਨਾਲ ਮੀਟਿੰਗ ਕਰ ਮੁਕਾਬਲਿਆਂ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਕਰ ਦਿੱਤੀਆਂ ਹਨ। ਇਸ ਸਬੰਧੀ ਜਾਣਕਾਰੀ ਦਿ-ਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਜਸਵੰਤ ਸਿੰਘ ਨੇ ਕਿਹਾ ਕਿ 22 ਨਵੰਬਰ ਤੋਂ 26 ਨਵੰਬਰ ਤੱਕ ਕਰਵਾਏ ਜਾ ਰਹੇ ਖੇਡ ਮੁਕਾਬਲਿਆਂ ਸਬੰਧੀ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ ਜੋ ਕਿ ਕੱਲ ਤੱਕ ਮੁਕੰਮਲ ਹੋ ਜਾਣਗੀਆਂ। ਖਿਡਾਰੀਆਂ ਦੇ ਰਹਿਣ ਸਹਿਣ, ਖਾਣ-ਪੀਣ ਅਤੇ ਸੁਰੱਖਿਆ ਦੇ ਸਾਰੇ ਇੰਤਜ਼ਾਮ ਕੀਤੇ ਜਾ ਚੁੱਕੇ ਹਨ। ਜਿਸ ਲਈ ਵੱਖ-ਵੱਖ ਵਿਭਾਗਾਂ ਨੂੰ ਪੱਤਰ ਵੀ ਲਿਖੇ ਜਾ ਚੁੱਕੇ ਹਨ। ਸਿੱਖਿਆ ਵਿਭਾਗ ਵਲੋਂ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਖਿਡਾਰੀਆਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਸਾਰੇ ਟੀਮ ਇੰਚਾਰਜਾਂ ਨੂੰ ਵੀ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਪਠਾਨਕੋਟ ਵਿੱਚ ਸੂਬੇ ਭਰ ਤੋਂ ਖਿਡਾਰੀ ਆ ਰਹੇ ਹਨ ਅਤੇ ਇਸ ਮੁਕਾਬਲੇ ਨੂੰ ਸਫਲ ਬਣਾਉਣ ਲਈ ਵਿਭਾਗ ਵਾਲੇ ਪਾਸਿਓਂ ਕੋਈ ਕਮੀ ਨਾ ਰਹਿਣ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਆਰਿਆ ਕੰਨਿਆ ਮਹਾਂਵਿਦਿਆਲਾ ਦੀ ਪ੍ਰਿੰਸੀਪਲ ਗੁਰਮੀਤ ਕੌਰ ਅਤੇ ਮਹਾਂਵਿਦਿਆਲਾ ਦੇ ਸਟਾਫ਼ ਵੱਲੋਂ ਇਨ੍ਹਾਂ ਖੇਡਾਂ ਦੇ ਸਫ਼ਲ ਆਯੋਜਨ ਲਈ ਦਿੱਤਾ ਜਾ ਰਿਹਾ ਸਹਿਯੋਗ ਕਾਬਿਲੇ ਤਾਰੀਫ ਹੈ। ਇਸ ਮੌਕੇ ਤੇ ਪ੍ਰਿੰਸੀਪਲ ਨਸੀਬ ਸੈਣੀ ਇੰਚਾਰਜ ਪ੍ਰਬੰਧਕੀ ਕਮੇਟੀ, ਪ੍ਰਿੰਸੀਪਲ ਪੰਕਜ ਮਹਾਜਨ ਇੰਚਾਰਜ ਪ੍ਰੈਸ ਐਂਡ ਪਬਲੀਸਿਟੀ ਕਮੇਟੀ, ਪ੍ਰਿੰਸੀਪਲ ਸੂਰਜ ਗੁਰੰਗ ਇੰਚਾਰਜ ਪ੍ਰਚੇਜ ਕਮੇਟੀ, ਪ੍ਰਿੰਸੀਪਲ ਜੋਗਿੰਦਰ ਸ਼ਰਮਾ ਸਟੇਟ ਐਵਾਰਡੀ ਮੀਤ ਪ੍ਰਧਾਨ ਡੀਟੀਸੀ, ਪ੍ਰਿੰਸੀਪਲ ਰਮੇਸ਼ ਕੁਮਾਰ, ਪ੍ਰਿੰਸੀਪਲ ਬਲਬੀਰ ਕੁਮਾਰ, ਪ੍ਰਿੰਸੀਪਲ ਬਲਵਿੰਦਰ ਕੁਮਾਰ, ਪ੍ਰਿੰਸੀਪਲ ਦਰਸ਼ਨ ਕੁਮਾਰ, ਪ੍ਰਿੰਸੀਪਲ ਰਘਬੀਰ ਕੌਰ, ਪ੍ਰਿੰਸੀਪਲ ਸੁਨੀਤਾ ਸ਼ਰਮਾ, ਮੁਨੀਸ਼ ਕੁਮਾਰ ਮੀਤ ਪ੍ਰਧਾਨ ਡੀਟੀਸੀ, ਮਨੀਸ਼ਾ ਮੀਤ ਪ੍ਰਧਾਨ ਡੀਟੀਸੀ, ਹੈਡ ਮਾਸਟਰ ਨਵੀਨ ਕੁਮਾਰ, ਹੈਡ ਮਾਸਟਰ ਕੇਵਲ ਕ੍ਰਿਸ਼ਨ, ਲੈਕਚਰਾਰ ਸੁਖਵਿੰਦਰ ਕੌਰ, ਬਲਕਾਰ ਅੱਤਰੀ, ਬ੍ਰਿਜ ਰਾਜ ਮੀਡੀਆ ਟੀਮ, ਅਤੇ ਡੀਟੀਸੀ ਮੈਂਬਰ ਆਦਿ ਹਾਜ਼ਰ ਸਨ।



# ਅਮਰ ਸ਼ਹੀਦ ਸ਼੍ਰੀ 108 ਸੰਤ ਰਾਮਾਨੰਦ ਜੀ ਵੈਲਫੇਅਰ ਸੁਸਾਇਟੀ ਵੱਲੋਂ ਸੰਤ ਨਿਰੰਜਨ ਦਾਸ ਦੀ ਸਰਪ੍ਰਸਤੀ ਹੇਠ ਕਰਵਾਇਆ 11ਵਾਂ ਸਾਲਾਨਾ ਸੰਤ ਸੰਮੇਲਨ

## ਸਾਰੇ ਧਰਮਾਂ ਦਾ ਸਤਿਕਾਰ ਕਰੋ ਤਾਂ ਜੋ ਸਮਾਜ ਵਿਚ ਏਕਤਾ ਅਤੇ ਭਾਈਚਾਰਾ ਬਣਿਆ ਰਹੇ -ਸੰਤ ਨਿਰੰਜਨ ਦਾਸ





**ਫਗਵਾੜਾ 18 ਨਵੰਬਰ (ਬੀ.ਕੇ.ਰੱਤੂ)** ਅਮਰ ਸ਼ਹੀਦ ਸ਼੍ਰੀ 108 ਸੰਤ ਰਾਮਾਨੰਦ ਜੀ ਵੈਲਫੇਅਰ ਸੁਸਾਇਟੀ (ਰਜਿ.) ਹਦੀਆਬਾਦ ਫਗਵਾੜਾ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਅਤੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਨੂੰ ਸਮਰਪਿਤ 11ਵਾਂ ਮਹਾਨ ਸਲਾਨਾ ਸੰਤ ਸਮਾਗਮ ਸਰਕਾਰੀ ਹਾਈ ਸਕੂਲ ਹਦੀਆਬਾਦ ਦੀ ਫੁੱਟਬਾਲ ਗਰਾਊਂਡ ਵਿਖੇ ਕਰਵਾਇਆ ਗਿਆ। ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਮਹਾਰਾਜ ਡੇਰਾ ਸੱ-ਚਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਅਮ੍ਰਿਤਵਾਣੀ ਸਤਿਗੁਰੂ ਰਵਿਦਾਸ ਜੀ ਦੇ ਪਾਠ ਉਪਰੰਤ ਸੰਤ ਸਤਨਾਮ ਦਾਸ ਗੱਜਰ ਮਹਿਦੂਦ ਅਤੇ ਸੰਤ ਕ੍ਰਿਸ਼ਨਨਾਥ ਚਹੇੜੂ ਤੋਂ ਇਲਾਵਾ ਸੰਤ ਲੇਖਰਾਜ ਜਮਾਲਪੁਰ ਅਤੇ ਸੰਤ ਸੁਖਵਿੰਦਰ ਦਾਸ ਜੀ ਨੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਨਿਹਾਲ ਕੀਤਾ। ਉਪਰੰਤ ਵੱਖ-ਵੱਖ ਡੇਰਿਆਂ ਤੋਂ ਆਏ ਸੰਤਾਂ-ਮਹਾਂਪੁਰਸ਼ਾਂ ਨੇ ਪ੍ਰਵਚਨ ਕਰਦਿਆਂ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਅਤੇ ਬਾਬਾ ਸਾਹਿਬ ਡਾ: ਅੰਬੇਡਕਰ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਉਚੇਰੀ ਵਿੱਦਿਆ ਦਿਵਾਉਣ ਤਾਂ ਜੋ ਉਹ ਦੇਸ਼ ਅਤੇ ਸਮਾਜ ਦੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਦੇ ਕਾਬਲ ਬਣ ਸਕਣ। ਉਨ੍ਹਾਂ ਨਸ਼ਿਆਂ ਤੋਂ ਪੂਰੀ ਤਰ੍ਹਾਂ ਦੂਰ ਰਹਿ ਕੇ ਆਪਣਾ ਮਨ ਗੁਰੂ ਚਰਨਾਂ ਵਿਚ ਟਿਕਾਉਣ ਲਈ ਵੀ ਪ੍ਰੇਰਿਆ। ਸੰਤ ਨਿਰੰਜਨ ਦਾਸ ਸੱਚਖੰਡ ਬੱਲਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੋਈ ਸੰਗਤ ਨੂੰ ਅਸ਼ੀਰਵਾਦ ਦਿੰਦਿਆਂ ਇਸੇ ਤਰ੍ਹਾਂ ਇਕਜੁੱਟ ਰਹਿਣ ਦਾ ਸੰਦੇਸ਼ ਦਿੱਤਾ ਅਤੇ ਕਿਹਾ ਕਿ ਆਪਣੇ ਧਰਮ ਵਿਚ ਦ੍ਰਿੜ੍ਹ ਰਹਿੰਦੇ ਹੋਏ ਸਾਰੇ ਧਰਮਾਂ ਦਾ ਸਤਿਕਾਰ ਕਰੋ ਤਾਂ ਜੋ ਸਮਾਜ ਵਿਚ ਏਕਤਾ ਅਤੇ ਭਾਈਚਾਰਾ ਬਣਿਆ ਰਹੇ। ਪ੍ਰਬੰਧਕਾਂ ਨੇ ਸੰਤਾਂ ਮਹਾਂਪੁਰਸ਼ਾਂ, ਕੀਰਤਨੀ ਜਥਿਆਂ, ਸਹਿਯੋਗੀਆਂ, ਸੇਵਾਦਾਰਾਂ ਅਤੇ ਪਤਵੰਤਿਆਂ ਨੂੰ ਸਨਮਾਨ ਚਿੰਨ੍ਹ ਅਤੇ ਸਿਰੋਪਾਓ ਭੇਟ ਕੀਤੇ। ਸਟੇਜ ਦੀ ਸੇਵਾ ਕਮਲ ਤਲਹਨ ਨੇ ਬਖੂਬੀ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਸੰਤ ਸੰਮੇਲਨ ਦੌਰਾਨ ਦੀਪ ਕਲੀਨਿਕਲ ਲੈਬ ਵੱਲੋਂ ਸ਼ੂਗਰ ਚੈੱਕਅਪ ਅਤੇ ਡਾ: ਸਤਵਿੰਦਰ ਪਾਲ ਬਿੱਟੂ ਵੱਲੋਂ ਫਰੀ ਮੈਡੀਕਲ ਕੈਂਪ ਲਗਾਇਆ ਗਿਆ ਸੀ, ਜਿਸ ਦਾ ਸੰਗਤਾਂ ਨੇ ਭਰਪੂਰ ਲਾਭ ਉਠਾਇਆ।

ਇਸ ਮੌਕੇ ਸੰਤ ਮੇਹਰ ਸਿੰਘ, ਮਹੰਤ ਅਵਤਾਰ ਦਾਸ ਚਹੇੜੂ, ਸੇਵਾਦਾਰ ਦਵਿੰਦਰ ਦਾਸ ਤੋਂ ਇਲਾਵਾ ਇਲਾਕੇ ਭਰ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਨੂੰ ਪੰਜਾਬ ਇੰਚਾਰਜ ਲਗਾਉਣ ਦਾ ਫਗਵਾੜਾ ਟੀਮ ਨੇ ਕੀਤਾ ਭਰਵਾਂ ਸਵਾਗਤ

## 2024 ਦੀਆਂ ਲੋਕਸਭਾ ਚੋਣਾਂ 'ਚ ਪਾਰਟੀ ਇਕ ਮਜਬੂਤ ਧਿਰ ਵਜੋਂ ਉੱਭਰੇਗੀ- ਆਗੂ



**ਫਗਵਾੜਾ 18 ਨਵੰਬਰ (ਬੀ.ਕੇ.ਰੱਤੂ)** ਬਹੁਜਨ ਸਮਾਜ ਪਾਰਟੀ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਵਲੋਂ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਨੂੰ ਪੰਜਾਬ ਇੰਚਾਰਜ ਲਗਾਏ ਜਾਣ ਦਾ ਬਸਪਾ ਫਗਵਾੜਾ ਟੀਮ ਨੇ ਭਰਵਾਂ ਸਵਾਗਤ ਕੀਤਾ ਹੈ। ਐਡਵੋਕੇਟ ਕਰੀਮਪੁਰੀ ਨੂੰ ਸ਼ੁੱਭ ਇੱਛਾਵਾਂ ਦਿੰਦੇ ਹੋਏ ਸੀਨੀਅਰ ਬਸਪਾ ਆਗੂ ਅਤੇ ਡਾ. ਅੰਬੇਡਕਰ ਬੁਧਿਸਟ ਰਿਸੋਰਸ ਸੈਂਟਰ ਪ੍ਰਬੰਧਕ ਕਮੇਟੀ ਪੰਜਾਬ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ, ਲੇਡੀਜ ਵਿੰਗ ਦੀ ਸੀਨੀਅਰ ਆਗੂ ਸ੍ਰੀਮਤੀ ਰਚਨਾ ਦੇਵੀ, ਸੁਰਿੰਦਰ ਢੰਡਾ, ਯੂਥ ਆਗੂ ਇੰਜੀਨੀਅਰ ਪ੍ਰਦੀਪ ਮੱਲ, ਦਿਹਾਤੀ ਪ੍ਰਧਾਨ ਪਰਮਿੰਦਰ ਬੋਧ, ਸੀਨੀਅਰ ਆਗੂ ਪਰਮਜੀਤ ਖਲਵਾੜਾ, ਸ਼ਹਿਰੀ ਪ੍ਰਧਾਨ ਬਲਵਿੰਦਰ ਮਾਣਾ, ਜਿਲ੍ਹਾ ਆਗੂ ਕਾਲਾ ਪ੍ਰਭਾਕਰ ਤੋਂ ਇਲਾਵਾ ਸੁਰਜੀਤ ਭੁੱਲਾਰਾਈ ਅਤੇ ਮਨਜੀਤ ਵਾਹਦ ਨੇ ਕਿਹਾ ਕਿ ਅਵਤਾਰ ਸਿੰਘ ਕਰੀਮਪੁਰੀ ਇਕ ਨਿਧੜਕ ਆਗੂ ਹਨ ਜੋ ਪਹਿਲਾਂ ਪੰਜਾਬ ਪ੍ਰਧਾਨ ਵਜੋਂ ਆਪਣੀਆਂ ਬਿਹਤਰੀਨ ਸੇਵਾਵਾਂ ਦੇ ਚੁੱਕੇ ਹਨ। ਇੰਚਾਰਜ ਵਜੋਂ ਉਹਨਾਂ ਦੀ ਨਿਯੁਕਤੀ ਨਾਲ ਯਕੀਨੀ ਤੌਰ ਤੇ ਸੂਬੇ ਵਿਚ ਬਸਪਾ ਨੂੰ ਮਜਬੂਤੀ ਮਿਲੇਗੀ ਅਤੇ 2024 ਦੀਆਂ ਲੋਕਸਭਾ ਚੋਣਾਂ 'ਚ ਪਾਰਟੀ ਇਕ ਮਜਬੂਤ ਧਿਰ ਵਜੋਂ ਉੱਭਰੇਗੀ। ਉਹਨਾਂ ਭੈਣ ਕੁਮਾਰੀ ਮਾਇਆਵਤੀ ਅਤੇ ਪੰਜਾਬ ਦੇ ਕੇਂਦਰੀ ਇੰਚਾਰਜ ਰਣਧੀਰ ਸਿੰਘ ਬੈਨੀਪਾਲ ਦਾ ਇਸ ਨਿਯੁਕਤੀ ਲਈ ਤਹਿ ਦਿਲੋਂ ਧੰਨਵਾਦ ਵੀ ਕੀਤਾ।

# ਕਰੀਮਪੁਰੀ ਦਾ ਚੱਬੇਵਾਲ ਦੀ ਟੀਮ ਨੇ ਕੀਤਾ ਸਨਮਾਨਿਤ

**ਫਗਵਾੜਾ /ਮਾਹਿਲਪੁਰ (ਬੀ.ਕੇ.ਰੱਤੂ)** ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੀ ਟੀਮ ਨੇ ਹਲਕਾ ਪਰਧਾਨ ਐਡਵੋਕੇਟ ਪਲਵਿੰਦਰ ਮਾਨਾਂ ਜੀ ਦੀ ਅਗਵਾਈ ਵਿਚ ਪੰਜਾਬ ਦੇ ਨਵਨਿਯੁਕਤ ਇੰਚਾਰਜ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਜੀ ਦਾ ਉਨਾ ਦੀ ਰਿਹਾਇਸ਼ ਤੇ ਜਾ ਕੇ ਉਨਾ ਦਾ ਸਨਮਾਨ ਕੀਤਾ ਅਤੇ ਪੰਜਾਬ ਬੋਡੀ ਚ ਜੀ ਆਇਆ ਕਿਹਾ।ਇਸ ਮੌਕੇ ਐਡਵੋਕੇਟ ਮਾਨਾਂ ਨੇ ਬਸਪਾ ਪੰਜਾਬ ਦੀ ਬਿਹਤਰੀ ਲਈ ਲਏਏ ਇਸ ਇਤਿਹਿਕ ਫੈਂਸਲੇ ਲਈ ਭੈਣ ਕੁਮਾਰੀ ਮਾਇਆਵਤੀ ਜੀ ਕੌਮੀ ਪਰਧਾਨ ਅਤੇ ਪੰਜਾਬ ਦੇ ਕੇਂਦਰੀ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਜੀ, ਬਸਪਾ ਪੰਜਾਬ ਪਰਧਾਨ ਸ ਜਸਵੀਰ ਸਿੰਘ ਗੜੀ ਜੀ ਦਾ ਧੰਨਵਾਦ ਕੀਤਾ। ਇਸ ਮੌਕੇ ਹਲਕਾ ਜਨਰਲ ਸਕੱਤਰ ਸੁਦੇਸ਼ ਭੱਟੀ ਸਿੰਬਲੀ, ਵਿੱਕੀ ਬੰਗਾ ਬੀਵੀਐਫ, ਕੁਲਵਿੰਦਰ ਕੋਠੀ, ਰਕੇਸ਼ ਕਿੱਟੀ, ਸਰਦਾਰ ਪਰੇਮ ਸਿੰਘ ਖਾਲਸਾ, ਸੁੱਖਵਿੰਦਰ ਹੈਪੀ ਮੜੂਲੀ, ਡਾ ਰਮੇਸ਼ ਕੁਮਾਰ, ਸੋਮਨਾਥ ਬੋਹਣ,ਰਾਮ ਸਰੂਪ ਬਲਾਸਪੁਰ, ਬਲਵੰਤ ਸਹਿਗਲ, ਚਰਨਜੀਤ ਸਿੰਘ, ਸਤਨਾਮ ਮੌਤੀਆ, ਸਰਪੰਚ ਚੰਨਣ ਰਾਮ ਕੋਠੀ ਚੌਕੀਦਾਰ ਮਲਕੀਤ ਸਿੰਘ ਰੋਹਿਤ ਮਾਨਾ ਆਦਿ ਹਾਜਰ ਸਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਨੇ ਦਿਮਾਗੀ ਸਟ੍ਰੋਕ ਨਾਲ ਹੋ ਰਹੀਆਂ ਮੌਤਾਂ 'ਤੇ ਰੋਕ ਲਾਉਣ ਲਈ ਕਰਵਾਇਆ ਜਾਗਰੂਕ ਸੈਮੀਨਾਰ

**ਫਗਵਾੜਾ 22 ਨਵੰਬਰ (ਬੀ.ਕੇ.ਰੱਤੂ)** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ ਫਗਵਾੜਾ ਵਲੋਂ ਕੈਂਸਰ ਅਤੇ ਹਾਰਟ ਅਟੈਕ ਤੋਂ ਬਾਅਦ ਭਾਰਤ ਵਿੱਚ ਤੇਜੀ ਨਾਲ ਵੱਧ ਰਹੇ ਸਟ੍ਰੋਕ ਕਾਰਣ ਹੋ ਰਹੀਆ ਮੌਤਾਂ ਨੂੰ ਰੋਕ ਲਾਉਣ ਲਈ ਸਟ੍ਰੋਕ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਝਾਵਰ ਸੁਪਰ ਸ਼ਪੈਸਲਿਟੀ ਹਸਪਤਾਲ ਫਗਵਾੜਾ ਦੇ ਸਮੂਹ ਡਾਕਟਰਾ ਦੀ ਟੀਮ ਸ਼ਾਮਿਲ ਹੋਈ। ਜਿਸ ਵਿੱਚ ਡਾ.ਸੁਖਦੀਪ ਸਿੰਘ ਝਾਵਰ ਨਿਊਰੋ ਸਰਜਨ ( ਝਾਵਰ ਨਿਊਰੋ ਸਪੈਸਲਟੀ ਹਸਪਤਾਲ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਅਪਣੇ ਸੰਬੋਧਨ ਚ ਬੋਲਦਿਆਂ ਦੱਸਿਆ ਕਿ ਜੀਵਨਸ਼ੈਲੀ ਵਿੱਚ ਬਦਲਾਅ ਅਤੇ ਅਨਿਯਮਿਤ ਰੁਟੀਨ ਕਾਰਨ ਸਟ੍ਰੋਕ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਜੇਕਰ ਇਸ ਅਚਾਨਕ ਦਿਮਾਗੀ ਸਮੱਸਿਆ ਦਾ ਸਮੇਂ ਸਿਰ ਇਲਾਜ ਕਰ ਲਿਆ ਜਾਵੇ ਤਾਂ ਵਿਅਕਤੀ ਦੇ ਪੂਰੀ ਤਰ੍ਹਾਂ ਠੀਕ ਹੋਣ ਦੀ ਬਹੁਤ ਸੰਭਾਵਨਾ ਹੁੰਦੀ ਹੈ। ਇਲਾਜ ਵਿੱਚ ਦੇਰੀ ਨਾਲ ਦੌਰਾ ਪੈ ਸਕਦਾ ਹੈ ਜੋ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਵਿਗੜਦਾ ਹੈ। ਵਿਸ਼ਵ ਪੱਧਰ 'ਤੇ ਵਿਸ਼ਵ ਸਟ੍ਰੋਕ ਦਿਵਸ ਹਰ ਸਾਲ 29 ਅਕਤੂਬਰ ਨੂੰ ਦੁਨੀਆ ਭਰ ਦੇ ਲੋਕਾਂ ਨੂੰ ਇਸ ਭਿਆਨਕ ਬਿਮਾਰੀ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਮਨਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇੱਕ ਪਾਸੇ ਅੰਗਾਂ ਦਾ ਸੁੰਨ ਹੋਣਾ,ਬੋਲਣ ਵਿੱਚ ਮੁਸ਼ਕਲ, ਦੇਖਣ ਵਿੱਚ ਮੁਸ਼ਕਲ ਜਾਂ ਧੁੰਦਲੀ ਨਜ਼ਰ ਚਿਹਰੇ ਦੀ ਕਮਜ਼ੋਰੀ ਜਾਂ ਟੇਢੀਤਾ,ਸਰੀਰ ਦੇ ਕਿਸੇ ਵੀ ਹਿੱਸੇ ਦਾ ਸੁੰਨ ਹੋਣਾ,ਸਰੀਰ ਦਾ ਕੰਟਰੋਲ ਗੁਆ ਦੇਣਾ ਸਟ੍ਰੋਕ ਦੇ ਕਾਰਣ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਸਟ੍ਰੋਕ ਦੀ ਸਮੱਸਿਆ ਦੋ ਕਾਰਨਾਂ ਕਰਕੇ ਹੁੰਦੀ ਹੈ। ਪਹਿਲਾ ਕਾਰਨ ਦਿਮਾਗ ਨੂੰ ਲੋੜੀਂਦੀ ਖੂਨ ਦੀ ਸਪਲਾਈ ਦੀ ਕਮੀ ਹੈ। ਇਸ ਵਿਚ ਤੋਪਖਾਨਾ ਫਟ ਜਾਂਦਾ ਹੈ, ਜਿਸ ਨਾਲ ਦਿਮਾਗ ਦੇ ਕਿਸੇ ਵੀ ਹਿੱਸੇ ਵਿਚ ਖੂਨ ਦਾ ਗਤਲਾ ਬਣ ਜਾਂਦਾ ਹੈ। ਇਸ ਨੂੰ ਮਾਮੂਲੀ ਦੌਰਾ ਕਿਹਾ ਜਾਂਦਾ ਹੈ। ਦੂਜਾ ਕਾਰਨ ਤੋਪਖਾਨੇ ਦੇ ਫਟਣ ਕਾਰਨ ਬਹੁਤ ਜ਼ਿਆਦਾ ਖੂਨ ਵਗਣਾ ਹੈ। ਇਸ ਵਿਚ ਦਿਮਾਗ ਦੇ ਕਿਸੇ ਵੀ ਹਿੱਸੇ ਵਿਚ ਖੂਨ ਇਕੱਠਾ ਹੋ ਜਾਂਦਾ ਹੈ। ਇਸ ਨਾਲ ਦਿਮਾਗ ਦੇ ਕੰਮਕਾਜ ਵਿਚ ਵਿਘਨ ਪੈਂਦਾ ਹੈ। ਇਸ ਨੂੰ ਵੱਡਾ ਦੌਰਾ ਕਿਹਾ ਜਾਂਦਾ ਹੈ।

> ਉਨ੍ਹਾਂ ਕਿਹਾ ਕਿ ਸਟ੍ਰੋਕ ਦੀ ਸਮਸਿੱਆ ਦੋ ਕਾਰਣਾ ਕਰਕੇ ਹੁੰਦੀ ਹੈ ਪਹਿਲਾ ਕਾਰਣ ਦਿਮਾਗ ਨੂੰ ਲੋੜੀਂਦੀ ਖੂਨ ਦੀ ਸਪਲਾਈ ਦੀ ਕਮੀ ਹੈ ਜਿਸ ਨਾਲ ਤੋਪਖਾਨਾ ਫਟ ਜਾਦਾ ਹੈ ਜਿਸ ਨਾਲ ਦਿਮਾਗ ਦੇ ਕਿਸੇ ਵੀ ਹਿੱਸੇ ਵਿੱਚ ਖੂਨ ਦਾ ਗਤਲਾ ਬਣ ਜਾਦਾ ਹੈ ਇਸ ਨੂੰ ਮਾਮੁਲੀ ਦੋਰਾ ਕਿਹਾ ਜਾਂਦਾ



ਹੈ ਦੂਜਾ ਕਾਰਣ ਤੋਪਖਾਨੇ ਦੇ ਫਟਣ ਬਹੁਤ ਜ਼ਿਆਦਾ ਖੂਨ ਵਗਣਾ ਹੈ ਇਸ ਵਿੱਚ ਦਿਮਾਗ ਦੇ ਕਿਸੇ ਵੀ ਹਿੱਸੇ ਵਿੱਚ ਖੂਨ ਇੱਕਠਾ ਹੋ ਜਾਂਦਾ ਹੈ ਇਸ ਨਾਲ ਦਿਮਾਗ ਦੇ ਕੰਮਕਾਜ ਵਿੱਚ ਵਿਘਣ ਪੈਂਦਾ ਹੋ ਜਾਦਾ ਹੈ ਇਸ ਨੂੰ ਵੱਡਾ ਦੋਰਾ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹਾਈ ਬੱਲਡ ਪ੍ਰੈਸ਼ਰ,ਸ਼ੂਗਰ,ਦਿਲ ਦੀ ਬਿਮਾਰੀ,ਬਹੁਤ ਜ਼ਿਆਦਾ ਤੰਬਾਕੂਨੋਸ਼ੀ,ਬੇ ਕਾਬੂ ਕੋਲੇਸਟ੍ਰੋਲ , ਸ਼ਰਾਬ ਦੀ ਖਪਤ ਇਸ ਦੇ ਪ੍ਰਮੁੱਖ ਕਾਰਣ ਹਨ। ਇਸ ਮੌਕੇ ਡਾ ਚਰਨਜੀਤ ਸ਼ਰਮਾ, ਡਾ ਅਮਿਤ ਸ਼ਰਮਾ, ਡਾ. ਗੁਰਪ੍ਰੀਤ, ਅਰੁਣ ਮੱਟੂ ਸੀਨੀਅਰ ਲੈਬ ਟੈਕਨੀਸ਼ੀਅਨ,ਡਾ ਕੁਲਦੀਪ ਸਿੰਘ ਧਰਮਕੋਟ, ਡਾ ਧਰਮਵੀਰ ਚੋਹਾਨ, ਡਾ ਰਮਨ, ਡਾ. ਪਵਨ ਕੁਮਾਰ, ਡਾ ਅਸ਼ੋਕ ਭਾਟੀਆ, ਡਾ.ਐਸ ਪੀ.ਸਿੰਘ, ਡਾ.ਸੰਨਤ ਵਿਸ਼ਵਾਸ, ਡਾ. ਸਤਪਾਲ,ਡਾ.ਵਿਜੇ ਕੁਮਾਰ, ਡਾ. ਕੁਲਦੀਪ, ਡਾ.ਬਲਵੀਰ ਕੁਮਾਰ, ਡਾ. ਸੁਖਵਿੰਦਰ ਸੁੱਖੀ, ਡਾ.ਪ੍ਰੇਮ ਪਾਲ,ਡਾ. ਮੰਗਲ, ਡਾ.ਰਾਜਿੰਦਰ ਸਾਹਨੀ, ਡਾ. ਗੁਰ-ਦੀਸ਼ ਆਦਿ ਮੌਜੂਦ ਸਨ।

# 66ਵੇਂ ਰਾਜ ਪੱਧਰੀ ਅੰਤਰ ਜ਼ਿਲ੍ਹਾ ਸਕੂਲ ਪੱਧਰੀ ਯੋਗ ਮੁਕਾਬਲੇ ਸ਼ੁਰੂ

**ਪਠਾਨਕੋਟ, 22 ਨਵੰਬਰ (ਰਾਜਿੰਦਰ ਸਿੰਘ ਰਾਜਨ)** ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾ ਰਹੇ ਰਾਜ ਪੱਧਰੀ 66 ਵੇਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਯੋਗਾ ਮੁਕਾਬਲੇ ਸਥਾਨਕ ਆਰਿਆ ਮਹਿਲਾ ਮਹਾਵਿਦਿਆਲਿਆ ਪਠਾਨਕੋਟ ਦੇ ਆਡੀਟੋ-ਰੀਅਮ ਵਿੱਚ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੀ ਅਗਵਾਈ ਹੇਠ ਪੂਰੀ ਸ਼ਾਨੋਸ਼ੌਕਤ ਨਾਲ ਸ਼ੁਰੂ ਹੋ ਗਏ। ਇਨ੍ਹਾਂ ਰਾਜ ਪੱਧਰੀ ਯੋਗਾ ਮੁਕਾਬਲਿਆਂ ਦਾ ਅਗਾਜ਼ ਮੁੱਖ ਮਹਿਮਾਨ ਸ੍ਰੀ ਜਸਵੰਤ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਕਮ ਪ੍ਰਧਾਨ ਡੀਟੀਸੀ ਅਤੇ ਵਿਸ਼ੇਸ਼ ਮਹਿਮਾਨ ਡਾ. ਗੁਰਮੀਤ ਕੌਰ ਪ੍ਰਿੰਸੀਪਲ ਆਰਿਆ ਮਹਿਲਾ ਮਹਾਵਿਦਿਆਲਿਆ ਪਠਾਨਕੋਟ ਅਤੇ ਸ਼੍ਰੀਮਤੀ ਮਧੂ ਸਲਾਰੀਆ ਪ੍ਰਿੰਸੀਪਲ ਆਰਿਆ ਕੰਨਿਆ ਸਕੂਲ ਨੇ ਰਿਬਨ ਕੱਟ ਅਤੇ ਦੀਪ ਪ੍ਰਜਵੱਲਿਤ ਕਰ ਕੀਤਾ। ਇਸ ਤੋਂ ਬਾਅਦ ਖੇਡਾਂ ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਨੇ ਇਮਾਨਦਾਰੀ ਅਤੇ ਖੇਡ ਨਿਯਮਾਂ ਦੀ ਪਾਲਣਾ ਕਰਦੇ ਹੋਏ ਖੇਡਣ ਦਾ ਪ੍ਰਣ ਲਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਕਮ ਡੀਟੀਸੀ ਪ੍ਰਧਾਨ ਸ੍ਰੀ ਜਸਵੰਤ ਸਿੰਘ ਨੇ ਸਾਰੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਦੱਸਿਆ ਕਿ ਅੱਜ ਪਹਿਲੇ ਦਿਨ










ਅੰਡਰ 19 ਲੜਕੀਆਂ ਦੇ ਮੁਕਾਬਲਿਆਂ ਵਿੱਚ ਰਾਜ ਦੇ 23 ਜ਼ਿਲ੍ਹਿਆਂ ਦੇ 290 ਦੇ ਕਰੀਬ ਖਿਡਾਰੀਆਂ ਨੇ ਯੋਗਾ ਵਿੱਚ ਆਪਣੀ ਪ੍ਰਤਿਭਾ ਦਾ ਦਮ ਦਿਖਾਈਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਆਪਣੇ ਆਪਣੇ ਜ਼ਿਲ੍ਹੇ ਵਿੱਚੋਂ ਜੇਤੂ ਰਹੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ ਹੈ। ਡੀਈਓ ਸ੍ਰੀ ਜਸਵੰਤ ਸਿੰਘ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਜਿਸ ਵੀ ਖੇਤਰ ਵਿੱਚ ਪੈਰ ਰੱਖਦੇ ਹਨ ਉਹ ਆਪਣੀ ਮਿਹਨਤ, ਲਗਨ ਅਤੇ ਹੁਨਰ ਨਾਲ ਆਪਣੇ ਸਕੂਲਾਂ, ਅਧਿਆਪਕਾਂ ਅਤੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਕਰਦੇ ਹਨ। ਉਨ੍ਹਾਂ ਨੇ ਬੱਚਿਆਂ ਨੂੰ ਹਰ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡੀ ਐਮ ਅਰੁਣ ਕੁਮਾਰ, ਪ੍ਰਿੰਸੀਪਲ ਜੋਗਿੰਦਰ ਸ਼ਰਮਾ ਸਟੇਟ ਐਵਾਰਡੀ ਸੀਨੀਅਰ ਮੀਤ ਪ੍ਰਧਾਨ ਡੀਟੀਸੀ, ਮੁੱਖ ਅਧਿਆਪਕ ਮੁਨੀਸ਼ ਕੁਮਾਰ ਮੀਤ ਪ੍ਰਧਾਨ ਡੀਟੀਸੀ, ਮੁੱਖ ਅਧਿਆਪਿਕਾ ਮਨੀਸ਼ਾ ਮੀਤ ਪ੍ਰਧਾਨ ਡੀਟੀਸੀ, ਗੁਰਤੇਜ ਸਿੰਘ ਡੀਪੀਈ ਜਨਰਲ ਸਕੱਤਰ ਡੀਟੀਸੀ, ਸੰਜੀਵ ਸ਼ਰਮਾਂ ਪੀਟੀਆਈ ਟੈਕਨੀਕਲ ਮੈਂਬਰ ਡੀਟੀਸੀ, ਮ੍ਰਿਦੂ ਭਾਸਿਣੀ ਪੀਟੀਆਈ ਸਹਾਇਕ ਸੱਕਤਰ ਡੀਟੀਸੀ, ਬਲਕਾਰ ਅੱਤਰੀ ਜ਼ਿਲ੍ਹਾ ਕੋਆਰਡੀਨੇਟਰ ਮੀਡੀਆ ਸੈਲ ਪਠਾਨਕੋਟ, ਪ੍ਰਿੰਸੀਪਲ ਨਸੀਬ ਸੈਣੀ ਇੰਚਾਰਜ ਪ੍ਰਬੰਧਕੀਂ ਕਮੇਟੀ, ਪ੍ਰਿੰਸੀਪਲ ਪੰਕਜ ਮਹਾਜਨ ਇੰਚਾਰਜ ਪ੍ਰੈਸ ਐਂਡ ਪਬਲੀਸਿਟੀ ਕਮੇਟੀ, ਪ੍ਰਿੰਸੀਪਲ ਸੁਰਜ ਗੁਰੰਗ ਇੰਚਾਰਜ ਪ੍ਰਚੇਜ ਕਮੇਟੀ, ਪ੍ਰਿੰਸੀਪਲ ਰਮੇਸ ਕੁਮਾਰ, ਪ੍ਰਿੰਸੀਪਲ ਰਘਬੀਰ ਕੌਰ, ਪ੍ਰਿੰਸੀਪਲ ਜਤਿੰਦਰ ਕੌਰ, ਪ੍ਰਿੰਸੀਪਲ ਸੁਨੀਤਾ ਸ਼ਰਮਾ, ਪ੍ਰਿੰਸੀਪਲ ਬਲਵਿੰਦਰ ਕੁਮਾਰ, ਪ੍ਰਿੰਸੀਪਲ ਬਲਬੀਰ ਕੁਮਾਰ, ਹੈਡ ਮਿਸਟ੍ਰੇਸ ਰਵਿੰਦਰ ਕੌਰ, ਹੈਡ ਮਿਸਟ੍ਰੇਸ ਬਬੀਤਾ, ਮਿਸ ਸਮਾ ਅਸਿਸਟੈਂਟ ਪ੍ਰੋਫੈਸਰ ਆਰਿਆ ਮਹਿਲਾ ਮਹਾਵਿਦਿਆਲਾ, ਹੈਡ ਮਾਸਟਰ ਨਵੀਨ ਕੁਮਾਰ, ਹੈਡ ਮਾਸਟਰ ਕੇਵਲ ਕ੍ਰਿਸ਼ਨ, ਲੈਕਚਰਾਰ ਸੁਖਵਿੰਦਰ ਕੌਰ, ਬ੍ਰਿਜ ਰਾਜ ਮੀਡੀਆ ਟੀਮ ਆਦਿ ਹਾਜ਼ਰ ਸਨ।

# ਵਿਸ਼ਵ ਯੁੱਧ ਪਹਿਲਾ ਤੇ ਦੂਜਾ ਸ਼ਹੀਦ ਵੈਲਫੇਅਰ ਸੋਸਾਇਟੀ ਵੱਲੋਂ ਸੁਲਤਾਨਵਿੰਡ ਵਿੱਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ











**ਅੰਮ੍ਰਿਤਸਰ :** ਵਿਸ਼ਵ ਯੁੱਧ ਪਹਿਲਾ ਅਤੇ ਦੂਜਾ ਸ਼ਹੀਦ ਵੈਲਫ਼ੇਅਰ ਸੋਸਾਇਟੀ ਵੱਲੋਂ ਵਰਲਡ ਵਾਰ ਇਕ ਅਤੇ ਦੋ ਦੇ ਸਿੱਖ ਸ਼ਹੀਦਾਂ ਨੂੰ ਛੇਵਾਂ ਸਾਲਾਨਾ ਸ਼ਰਧਾਂਜਲੀ ਭੇਂਟ ਸਮਾਰੋਹ ਪਿੰਡ ਸੁਲਤਾਨਵਿੰਡ ਦੇ ਛੇਵੀਂ ਪਾਤਸ਼ਾਹੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਅਟਾਰੀ ਸਾਹਿਬ ਵਿੱਚ ਕਰਾਇਆ ਗਿਆ। ਸਮਾਗਮ ਵਿਚ ਪੰਜਾਬ ਸਰਕਾਰ ਤਾਂ ਮੰਗ ਕੀਤੀ ਗਈ ਕਿ ਇਸ ਯਾਦਗਾਰ ਨੂੰ ਪੰਜਾਬ ਵਿਰਾਸਤੀ ਸੂਚੀ 'ਤੇ ਲਿਆਂਦਾ ਜਾਵੇ ਤਾਂ ਜੁ ਦੇਸ਼ ਵਿਦੇਸ਼ ਤੋਂ ਆਉਂਦੇ ਯਾਤਰੂਆਂ ਨੂੰ ਇਸ ਦੀ ਜਾਣਕਾਰੀ ਮਿਲ ਸਕੇ।ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਯੂਰਪ ਵਿੱਚ ਇਨ੍ਹਾਂ ਦੀਆਂ ਬਣੀਆਂ ਯਾਦਗਾਰ ਵਾਂਗ ਅੰਮ੍ਰਿਤਸਰ ਵਿਚ ਯਾਦਗਾਰ ਬਣਾਈ ਜਾਵੇ ਕਿ ਅੰਮ੍ਰਿਤਸਰ ਵਿਚ ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਐਂਡ ਮਿਉਜ਼ੀਅਮ ਬਣਇਆ ਗਿਆ ਹੈ।

ਸਮਾਗਮ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਵਿਦਿਆਰਥੀਆਂ ਅਤੇ ਸਿੱਖ ਨੌਜਵਾਨਾਂ ਵੱਲੋਂ ਕੀਰਤਨ ਨਾਲ ਹੋਈ ।ਭਾਈ ਸੁਖਮੀਤ ਸਿੰਘ ਤੇ ਭਾਈ ਸੁਖਜੀਤ ਸਿੰਘ ਅੰਮ੍ਰਿਤਸਰੀ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਕਵੀਸ਼ਰੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ । ਵਿਸ਼ਵ ਯੁੱਧ ਦੇ ਸ਼ਹੀਦਾਂ ਦੇ ਪਰਿਵਾਰਾਂ ਜਿਨ੍ਹਾਂ ਵਿੱਚੋਂ ਕੁਝ ਹਰਿਆਣਾ ਤੋਂ ਆਏ ਸਨ, ਨੂੰ ਸੁਸਾਇਟੀ ਦੇ ਸਰਪ੍ਰਸਤ ਉਘੇ ਸਿੱਖ ਇਤਿਹਾਸਕਾਰ ਸ. ਭੁਪਿੰਦਰ ਸਿੰਘ ਹਾਲੈਂਡ ਅਤੇ ਪ੍ਰਧਾਨ ਡਾ. ਗੁਰਿੰਦਰ ਸਿੰਘ ਮਾਹਲ ਵੱਲੋਂ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਵਿਸ਼ਵ ਯੁੱਧ ਨਾਲ ਸਬੰਧਤ ਵੱਖ ਵੱਖ ਪਹਿਲੂਆਂ ਨੂੰ ਬਿਆਨ ਕਰਦੇ ਭਾਸ਼ਨ ਜਿਨ੍ਹਾਂ ਵਿੱਚ ਪੰਜਾਬ ਦੇ ਸੈਨਿਕਾਂ ਨੇ ਅੰਗਰਜਾਂ ਲਈ ਲੜਦੇ ਹੋਇ ਹਿੱਸਾ ਲਿਆ ਅਤੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਨੂੰ ਉਜਾਗਰ ਕੀਤਾ ਗਿਆ। ਵਿਸ਼ਵ ਯੁੱਧਾਂ ਵਿੱਚ ਸਿੱਖ ਸੈਨਿਕਾਂ ਦੀ ਭਾਗੀਦਾਰੀ ਅਤੇ ਬਹਾਦਰੀ ਨਾਲ ਸਬੰਧਤ ਸਿੱਖ ਫੌਜੀਆਂ ਦੀਆਂ ਤਸਵੀਰਾਂ ਅਤੇ ਹਵਾਲਿਆਂ ਨੂੰ ਦਰਸਾਉਂਦੀ ਇੱਕ ਪ੍ਰਦਰਸ਼ਨੀ ਲਾਈ ਗਈ ਜੋ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ।

ਜਿਸ ਤੋਂ ਬਾਅਦ ਉਸ ਸਥਾਨ ਤੱਕ ਮਾਰਚ ਕੀਤਾ ਗਿਆ ਜਿੱਥੇ ਪਹਿਲੀ ਵਿਸ਼ਵ ਜੰਗ ਵਿੱਚ ਗਏ ਅਤੇ ਇਸ ਪਿੰਡ ਤੋਂ ਅੰਗਰੇਜ਼ਾਂ ਲਈ ਲੜਨ ਵਾਲੇ ਸੈਨਿਕਾਂ ਦੀ ਕੁਰਬਾਨੀ ਨੂੰ ਸਮਰਪਿਤ ਇੱਕ ਸਿਲ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਦੀ ਅੰਗ੍ਰੇਜ਼ਾਂ ਦੁਆਰਾ ਲਗਾਈ ਗਈ ਹੈ।

ਗੁਰਦੁਆਰਾ ਅਟਾਰੀ ਸਾਹਿਬ ਤੋਂ ਸ਼ੁਰੂ ਹੋਏੈ ਇਸ ਮਾਰਚ ਦੀ ਅਗਵਾਈ ਗਤਕਾ ਟੀਮ ਨੇ ਕੀਤੀ, ਜਿਸ ਤੋਂ ਬਾਅਦ ਵੱਖ ਵੱਖ ਸਕੂਲਾਂ ਦੇ ਐਨ ਸੀ ਸੀ ਕੈਡਿਟਾਂ, ਪੰਜਾਬ ਪੁਲਿਸ ਦੇ ਜਵਾਨ, ਵਿਦਿਆਰਥੀ ਅਤੇ ਸੰਗੀਤਕ ਬੈਂਡ ਸ਼ਾਮਲ ਸਨ। ਪੰਜਾਬ ਪੁਲਿਸ ਦੇ ਹੋਮ ਗਾਰਡ ਦੇ ਜਵਾਨਾਂ ਨੇ ਸਿਲ ਅੱਗੇ ਗਾਰਡ ਆਫ਼ ਆਨਰ ਪੇਸ਼ ਕੀਤਾ ਅਤੇ ਸਿਲ 'ਤੇ ਹਾਰ ਪਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਸੁਸਾਇਟੀ ਦੇ ਮੈਂਬਰਾਂ ਅਤੇ ਹੋਰ ਉੱਘੀਆਂ ਸ਼ਖ਼ਸੀਅਤਾਂ ਜਿਵੇਂ ਕਿ ਇਟਲੀ ਦੀ ਵਿਸ਼ਵ ਸਿੱਖ ਸ਼ਹੀਦੀ ਯਾਦਗਾਰ ਕਮੇਟੀ ਤੋਂ ਸਰਦਾਰ ਪ੍ਰਿਥੀਪਾਲ ਸਿੰਘ ਅਤੇ ਸੇਵਾ ਸਿੰਘ ਫੌਜੀ, ਸਰਦਾਰ ਜਸਜੀਤ ਸਿੰਘ ਸਮੁੰਦਰੀ ਅਤੇ ਹਾਲੈਂਡ ਤੋਂ ਸਰਦਾਰ ਹਰਜਿੰਦਰ ਸਿੰਘ ਸੰਧੂ ਨੇ ਸਾਡੇ ਨਾਇਕਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ।

ਅੰਮ੍ਰਿਤਸਰ ਵਿਕਾਸ ਮੰਚ ਦੇ ਡਾ. ਚਰਨਜੀਤ ਸਿੰਘ ਗੁਮਟਾਲਾ,ਪੰਜਾਬ ਸਟੇਟ ਫਰੀਡਮ ਫਾਈਟਰਜ਼ ਸਕਸੈਸਰਜ਼ ਆਰਗੇਨਈਜੇਸ਼ਨ ਦੇ ਪ੍ਰਧਾਨ ਗਿਆਨ ਸਿੰਘ ਸੱਗੂ, ਮਾਸਟਰ ਸੰਤੋਖ ਸਿੰਘ, ਜਥੇਦਾਰ ਦਿਲਬਾਗ ਸਿੰਘ, ਮਨਪ੍ਰੀਤ ਸਿੰਘ ਮਾਹਲ, ਪ੍ਰਨਾਮ ਸਿੰਘ ਕਿਸਾਨ ਯੂਨੀਅਨ, ਸਰਬਜੀਤ ਸਿੰਘ ਗੁਮਟਾਲਾ, ਡਾ. ਅਮਨਦੀਪ ਸਿੰਘ ਸੋਢੀ, ਬਰੁੱਕ ਇੰਡੀਆ ਐਸੋਸੀਏਸ਼ਨ ਤੋਂ ਡਾ. ਸੁਖਦੀਪ ਕੌਰ, ਕਮਾਂਡੈਂਟ ਜਸਕਰਨ ਸਿੰਘ, ਸ੍ਰੀ ਅਨਿਲ ਕੁਮਾਰ ਜ਼ਿਲ੍ਹਾ ਕਮਾਂਡੈਂਟ, ਪੰਜਾਬ ਪੁਲਿਸ ਹੋਮ ਗਾਰਡਜ਼, ਚਰਨਜੀਤ ਸਿੰਘ ਰਾਣਾ-ਗੁਰਦੁਆਰਾ ਅਟਾਰੀ ਸਾਹਿਬ ਤੋਂ ਪ੍ਰਿੰਸੀਪਲ ਸੂਬਾ ਸਿੰਘ ਆਦਿ ਹਾਜ਼ਰ ਸਨ।

**- ਡਾ. ਚਰਨਜੀਤ ਸਿੰਘ ਗੁਮਟਾਲਾ ਦੀ ਰਿਪੋਰਟ**
**91-9417533060**

# ਸਾਹਿਤਕਾਰਾ ਦਵਿੰਦਰ ਖੁਸ਼ ਧਾਲੀਵਾਲ ਦਾ ਸਲਾਬਤਪੁਰਾ ਹਾਈ ਸਕੂਲ ਵਿਖੇ ਵਿਸ਼ੇਸ਼ ਸਨਮਾਨ



**ਚੰਡੀਗੜ (ਪ੍ਰੀਤਮ ਲੁਧਿਆਣਵੀ)-** ਸਾਹਿਤਕ, ਸੱਭਿਆਚਾਰਕ, ਸਮਾਜ-ਸੇਵੀ ਤੇ ਵਿੱਦਿਅਕ ਖੇਤਰ ਵਿਚ ਦਵਿੰਦਰ ਖੁਸ਼ ਧਾਲੀਵਾਲ ਇਕ ਐਸਾ ਜਾਣਿਆ-ਪਛਾਣਿਆ ਤੇ ਦੇਸ਼-ਵਿਦੇਸ਼ ਤੋਂ ਅਨੇਕਾਂ ਮਾਨ-ਸਨਮਾਨ ਹਾਸਲ ਕਰ ਚੁੱਕਾ ਸਿਰਮੌਰ ਹਸਤਾਖਰ ਹੈ ਜਿਨਾਂ ਦੇ ਕੀਤੇ ਹੋਏ ਕਾਰਜ ਮੂੰਹ ਚੜ ਬੋਲਦੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਸਿਰ ਉੱਚਾ ਕਰਦੇ ਹਨ। ਉਹ ਜਿੱਧਰ-ਕਿੱਧਰ ਵੀ ਜਾਂਦੇ ਹਨ, ਕਲਾ ਦੇ ਕਦਰਦਾਨ ਤੇ ਸੂਝਵਾਨ ਉਨਾਂ ਦੀ ਅਗਾਹ-ਵਧੂ ਤੇ ਸੇਧਆਤਮਕ ਸੋਚ ਨੂੰ ਸਲਾਮ ਕਰਦਿਆਂ ਉਸਦਾ ਮੁੱਲ ਪਾਉਣਾ ਆਪਣੀ ਖੁਸ਼ੀ ਮਹਿਸੂਸ ਕਰਦੇ ਹਨ। ''ਆਪਣੀ ਮਿਹਨਤ, ਲਗਨ ਅਤੇ ਦ੍ਰਿੜ ਇਰਾਦੇ ਨਾਲ ਮੰਜਿਲਾਂ 'ਤੇ ਪਹੁੰਚਣ ਵਾਲੇ ਆਪਣੇ ਮਾਪਿਆਂ ਅਤੇ ਪਿੰਡ ਦਾ ਹੀ ਨਹੀਂ, ਬਲਕਿ ਸਕੂਲ ਦਾ ਨਾਂਅ ਵੀ ਰੋਸ਼ਨ ਕਰਦੇ ਹਨ। ਇਹ ਵਿਚਾਰ ਸਲਾਬਤਪੁਰਾ ਹਾਈ ਸਕੂਲ ਵਿਖੇ ਸਕੂਲ ਦੇ ਸਮੁੱਚੇ ਸਟਾਫ਼ ਵੱਲੋਂ ਪ੍ਰਸਿੱਧ ਸਾਹਿਤਕਾਰ ਅਤੇ ਕਵਿੱਤਰੀ ਦਵਿੰਦਰ ਖੁਸ਼ ਧਾਲੀਵਾਲ ਦੇ ਵਿਸ਼ੇਸ਼ ਸਨਮਾਨ ਮੌਕੇ ਕਰਵਾਏ ਸਮਾਗਮ ਦੌਰਾਨ ਗੁਰਵਿੰਦਰ ਸਿੰਘ ਕਾਂਗੜ ਅਤੇ ਮੈਡਮ ਪਰਵੀਨ ਬਾਲਾ ਨੇ ਹਾਜਰ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।'' ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਦਵਿੰਦਰ ਖੁਸ਼ ਧਾਲੀਵਾਲ ਨੇ ਦੱਸਿਆ ਕਿ ਤੀਹ ਵਰੇ ਪਹਿਲਾਂ ਉਨਾਂ ਇਸੇ ਸਕੂਲ ਤੋਂ ਵਿਦਿਆ ਪ੍ਰਾਪਤ ਕੀਤੀ ਸੀ ਅਤੇ ਹੁਣ ਦੇਸ਼-ਵਿਦੇਸ਼ ਦੀਆਂ ਅਖਬਾਰਾਂ ਤੇ ਮੈਗਜੀਨਾਂ ਵਿੱਚ ਆਏ ਦਿਨ ਛਪਣ ਕਾਰਨ ਪਿੰਡ ਵਾਸੀਆਂ ਅਤੇ ਸਕੂਲ ਵੱਲੋਂ ਉਨਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਭੇਜ ਕੇ ਸਨਮਾਨਿਤ ਕੀਤਾ ਗਿਆ। ਬੱਚਿਆਂ ਦੇ ਰੂਬਰੂ ਹੁੰਦਿਆਂ ਉਨਾਂ ਦੱਸਿਆ ਕਿ ਤੀਹ ਵਰਿਆਂ ਮਗਰੋਂ ਉਹ ਮਾਣ ਨਾਲ ਆਪਣੇ ਇਸ ਸਕੂਲ ਦੀ ਦਹਿਲੀਜ ਤੇ ਪੈਰ ਰੱਖ ਰਹੇ ਹਨ। ਇਸ ਮੌਕੇ ਉਨਾਂ ਸਕੂਲ ਵਿੱਚ ਬਿਤਾਏ ਪਲਾਂ ਨੂੰ ਭਾਵੁਕਤਾ ਨਾਲ ਚੇਤੇ ਕਰਦਿਆਂ ਆਪਣੀਆਂ ਯਾਦਾਂ ਬੱਚਿਆਂ ਨਾਲ ਸਾਂਝੀਆਂ ਕੀਤੀਆਂ ਅਤੇ ਨਾਲ ਹੀ ਸਕੂਲ ਦੇ ਅਧਿਆਪਕਾਂ ਵੱਲੋਂ ਉਨਾਂ ਦੇ ਇਸ ਖੇਤਰ ਵਿੱਚ ਆਉਣ ਲਈ ਦਿੱਤੇ ਉਤਸ਼ਾਹ ਸਬੰਧੀ ਵੀ ਬੱਚਿਆਂ ਨੂੰ ਪ੍ਰੇਰਣਾਦਾਇਕ ਸਿੱਖਿਆਵਾਂ ਦਿੱਤੀਆਂ। ਉਨਾਂ ਸਾਹਿਤਕ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਦਾ ਸਿਹਰਾ ਆਪਣੇ ਮਾਪਿਆਂ ਅਤੇ ਅਧਿਆਪਕਾਂ ਨੂੰ ਦਿੰਦਿਆਂ ਕਿਹਾ ਕਿ ਜੇਕਰ ਸਹੀ ਸਮੇਂ 'ਤੇ ਉਨਾਂ ਨੂੰ ਸਹੀ ਸੇਧ ਨਾ ਮਿਲਦੀ ਤਾਂ ਉਨਾਂ ਨੇ ਵੀ ਅੱਜ ਦੁਨੀਆਂ ਦੀ ਭੀੜ ਵਿੱਚ ਗੁੰਮ ਹੋ ਜਾਣਾ ਸੀ।

ਇਸ ਸਮਾਗਮ ਦੌਰਾਨ ਦਵਿੰਦਰ ਖੁਸ਼ ਧਾਲੀਵਾਲ ਨੇ ਆਪਣੀਆਂ ਪੁਸਤਕਾਂ ਦਾ ਸੈਟ ਵੀ ਸਕੂਲ ਦੀ ਲਾਇਬ੍ਰੇਰੀ ਲਈ ਭੇਂਟ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਦੀਪ ਕੁਮਾਰ, ਮਨਪ੍ਰੀਤ ਸਿੰਘ, ਮਨਦੀਪ ਕੌਰ, ਕਰਮਜੀਤ ਕੌਰ, ਪਰਮਜੀਤ ਕੌਰ, ਕਮਲਪ੍ਰੀਤ ਕੌਰ, ਪਰਦੀਪ ਸਿੰਘ, ਪੁਨੀਤ ਬਾਲਾ ਤੇ ਸੁਰਜੀਤ ਕੌਰ ਸਮੇਤ ਸਕੂਲ ਦੇ ਸਮੂਹ ਸਟਾਫ਼ ਮੈਂਬਰ ਅਤੇ ਪਿੰਡ ਦੇ ਮੋਹਤਬਰ ਹਾਜ਼ਰ ਸਨ।

# ਸਾਹਿਤ ਤੇ ਸਮਾਜ ਲਈ ਮਾਰਗ-ਦਰਸ਼ਕ ਬਣੇ ਸੁਭਾਸ਼ ਪਾਰਸ ਦੀ ਕਿਤਾਬ 'ਫਰਿਸ਼ਤੇ' ਦਾ ਲੋਕ ਅਰਪਣ

**ਚੰਡੀਗੜ (ਪ੍ਰੀਤਮ ਲੁਧਿਆਣਵੀ), 19 ਨਵੰਬਰ, 2022 :** ਰੇਡਿਉ ਰੰਗ ਐਫ ਐਮ ਦੇ ਬੁਲਾਰੇ ਸਹਿਬਾਜ ਖਾਨ, ਮੁਨੱਜਾ ਇਰਸ਼ਾਦ ਤੇ ਸਮੁੱਚੀ ਟੀਮ ਵੱਲੋਂ ਸੁਭਾਸ਼ ਪਾਰਸ (8894945588) ਦੇ ਪਲੇਠੇ ਹਿੰਦੀ ਗ਼ਜ਼ਲ ਸੰਗ੍ਰਹਿ 'ਫਰਿਸ਼ਤੇ' ਦੇ ਲੋਕ ਅਰਪਣ ਸਮਾਗਮ ਲਈ ਜਿਲਾ ਕਪੂਰਥਲਾ, ਪੰਜਾਬ ਤੋਂ ਉਹਨਾਂ ਦੇ ਪਿੰਡ ਸਲੋਹ ਜਿਲਾ ਊਨਾ ਹਿਮਾਚਲ ਪ੍ਰਦੇਸ ਪਹੁੰਚੀ। ਕਿਤਾਬ 'ਫਰਿਸ਼ਤੇ ਦਾ ਮੁੱਖ ਬੰਦ ਸ੍ਰੀ ਧਰਮਪਾਲ



ਸਾਹਿਲ (ਰਾਸ਼ਟਰਪਤੀ ਐਵਾਰਡ ਨਾਲ ਸਨਮਾਨਿਤ ਸਾਹਿਤਕਾਰ) ਜਿਲਾ ਹੁਸ਼ਿਆਰਪੁਰ ਨੇ ਲਿਖਿਆ ਹੈ। ਜਿਕਰਯੋਗ ਹੈ ਕਿ ਸੁਭਾਸ਼ ਪਾਰਸ (8894945588) ਪੰਜਾਬੀ, ਹਿੰਦੀ ਅਤੇ ਉਰਦੂ ਦੇ ਸਿਰਮੌਰ ਲਿਖਾਰੀ ਹਨ ਤੇ ਸਰੀਰਕ ਪੱਖੋਂ ਪਿਛਲੇ ਤਿੰਨ ਦਹਾਕਿਆਂ ਤੋਂ ਅਪਾਹਜ ਹਨ। ਘਰ ਦੇ ਇਕ ਕਮਰੇ ਵਿਚ ਮੰਜੇ ਤੇ ਹੀ ਜਿਉਂਣ ਲਈ ਮਜਬੂਰ ਹਨ।

ਇਸ ਮੌਕੇ ਇਸ ਗ਼ਜ਼ਲ ਸੰਗ੍ਰਹਿ ਦੇ ਸੰਪਾਦਕ ਸਹਿਬਾਜ ਖਾਨ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ, ''ਕੋਈ ਵਿਰਲਾ ਇਨਸਾਨ ਹੀ ਅਜਿਹੇ ਅਣਸੁਖਾਵੇਂ ਹਾਲਾਤ ਨਾਲ ਲੜਦਿਆਂ ਸਾਥ ਸਹਿਯੋਗ ਤੋਂ ਵਗੈਰ ਸਾਹਿਤ ਦੀ ਸਿਰਜਣਾ ਲਈ ਹਿੰਮਤ, ਸੰਘਰਸ਼ ਤੇ ਤਪੱਸਿਆ ਕਰ ਸਕਦਾ ਹੈ। ਦਿਰੜ ਤੇ ਮਜ਼ਬੂਤ ਇਰਾਦੇ ਵਾਲੇ ਸੁਭਾਸ਼ ਪਾਰਸ ਜੀ ਜਿੰਦਗੀ ਨਾਲ ਜੂਝਣ ਦਾ ਤੇ ਸਾਹਿਤ ਸਿਰਜਣਾ ਦਾ ਜਜਬਾ ਤੇ ਜਨੂੰਨ ਰੱਖਦੇ ਹਨ। ਸਾਹਿਤ ਤੇ ਸਮਾਜ ਲਈ ਮਾਰਗ-ਦਰਸ਼ਕ ਬਣੇ ਸੁਭਾਸ਼ ਪਾਰਸ ਦੀ ਕਲਮ ਅਤੇ ਉਸਦੀ ਸੋਚ ਨਿਰੰਤਰ ਹੀ ਵਧੀਆ ਲੇਖਣੀ ਅਤੇ ਕਿਤਾਬਾਂ ਪ੍ਰਤੀ ਆਕਰਸ਼ਿਤ ਹੈ।''

ਪ੍ਰਿੰਸੀਪਲ ਪ੍ਰੋਮਿਲਾ ਅਰੋੜਾ ਜੀ ਨੇ ਇਸ ਗ਼ਜ਼ਲ ਸੰਗ੍ਰਹਿ ਬਾਰੇ ਜਾਣਕਾਰੀ ਦਿੰਦਿਆਂ ਕਿਹਾ, ''ਸੁਭਾਸ ਪਾਰਸ ਦੀਆਂ ਗ਼ਜ਼ਲਾਂ ਵਿੱਚ ਸਮਾਜ ਪ੍ਰਤੀ ਫਿਕਰਮੰਦੀ, ਇਨਸਾਨੀ ਰਿਸ਼ਤੇ ਅਤੇ ਹੋਰ ਕਈ ਅਹਿਮ ਮੁੱਦੇ ਸਾਫ ਨਜਰ ਆਉਂਦੇ ਹਨ।''

ਇਸ ਮੌਕੇ ਤੇ ਸਹਿਬਾਜ ਖਾਨ, ਮੁਨੱਜਾ ਇਰਸ਼ਾਦ ਤੇ ਪ੍ਰਿੰਸੀਪਲ ਪ੍ਰੋਮਿਲਾ ਅਰੋੜਾ ਜੀ ਨੇ ਸ੍ਰੀ ਸੁਭਾਸ਼ ਪਾਰਸ ਜੀ ਨੂੰ ਸ਼ਾਲ ਤੇ ਸਨਮਾਨ ਚਿੰਨ ਨਾਲ ਨਿਵਾਜਦਿਆਂ ਖੁਸ਼ੀ ਮਹਿਸੂਸ ਕੀਤੀ। ਸੁਭਾਸ ਪਾਰਸ ਜੀ ਨੇ ਸਹਿਯੋਗੀ ਸੱਜਣਾਂ, ਰੰਗ ਐਫ ਐਮ ਰੇਡੀਓ ਦੇ ਮੁੱਖੀ ਬਲਦੀਪ ਸੰਧੂ, ਪੁਸਤਕ ਨੂੰ ਨਿਵੇਕਲਾ ਰੰਗ ਰੂਪ ਦੇਣ ਵਾਲੇ ਕੌਮਾਂਤਰੀ ਕਲਾਕਾਰ ਕੀਕੂ ਪਰਵਿੰਦਰ ਜੀ, ਕਿਤਾਬ 'ਫਰਿਸ਼ਤੇ' ਦੇ ਪ੍ਰਕਾਸ਼ਨ ਦੇ ਕਾਰਜ ਨੂੰ ਨੇਪਰੇ ਚਾੜਨ ਵਾਲੇ ਸਹਿਬਾਜ ਖਾਨ ਜੀ ਦਾ ਵਿਸ਼ੇਸ ਤੌਰ ਤੇ ਤਹਿ ਦਿਲੋਂ ਧੰਨਵਾਦ ਕੀਤਾ।

# 66ਵੀਆਂ ਜਿਲ੍ਹਾਂ ਪੱਧਰ ਦੇ ਯੋਗ ਮੁਕਾਬਲੇ 22 ਤੋਂ 26 ਨਵੰਬਰ ਤੱਕ



**ਪਠਾਨਕੋਟ, ਨਵੰਬਰ (ਰਾਜਿੰਦਰ ਸਿੰਘ ਰਾਜਨ)-** ਸਕੂਲ ਸਿੱਖਿਆ ਵਿਭਾਗ ਵੱਲੋਂ 66ਵੀਆਂ ਜਿਲ੍ਹਾਂ ਪੱਧਰ ਦੇ ਯੋਗ ਮੁਕਾਬਲੇ ਅੰਡਰ 14, 17 ਅਤੇ 18 ਵਰਗ ਲੜਕੇ, ਲੜਕੀਆ 22 ਤੋਂ 26 ਨਵੰਬਰ ਤੱਕ ਕਰਾਏ ਜਾਣਗੇ ਜਿਸ ਦਾ ਫੈਸਲਾ ਜਿਲ੍ਹਾਂ ਪੱਧਰ ਦੀ ਵਿਸ਼ੇਸ਼ ਇਕੱਤਰਤਾ ਵਿੱਚ ਲਿਆ ਗਿਆ ਹੈ। ਇਸ ਇਕੱਤਰਤਾ ਮੌਕੇ ਸਕੂਲ ਮੁੱਖੀ,ਸਰੀਰਕ ਸਿੱਖਿਆ ਨਾਲ ਸਬੰਧਤ ਅਧਿਆਪਕ ਸ਼ਾਮਲ ਸਨ। ਇਹ ਇਕੱਤਰਤਾ ਜਿਲ੍ਹਾਂ ਸਿੱਖਿਆ ਅਫ਼ਸਰ ਜਸਵੰਤ ਸਿੰਘ ਦੇ ਨਿਰਦੇਸ਼ਾ ਹੇਠ ਆਰੀਆ ਕਾਲਜ ਪਠਾਨਕੋਟ ਵਿੱਖੇ ਹੋਈ ਜਿਸ ਵਿੱਚ ਟੀਮਾ ਦਾ ਗਠਨ ਕਰਕੇ ਡਿਊਟੀਆ ਲਗਾਇਆ ਗਈਆ ਹਨ ਤਾਂ ਜੋ ਜਿਲ੍ਹਾਂ ਪੱਧਰ ਦੇ ਮੁਕਾਬਲੇ ਸਫਲਤਾਪੂਰਵਕ ਢੰਗ ਨਾਲ ਨੇਪਰੇ ਚੜ੍ਹ ਸੱਕਣ।

# ਮੁੱਖ ਮੰਤਰੀ ਦੀ ਕੋਠੀ ਦਾ ਕੁੰਡਾ ਖੜਕਾਉਣ ਲਈ 30 ਨਵੰਬਰ ਨੂੰ ਸੰਗਰੂਰ ਪਹੁੰਚਣ ਦਾ ਸੱਦਾ







**ਸੰਗਰੂਰ/ਭਵਾਨੀਗੜ੍ਹ (ਦਲਜੀਤ ਕੌਰ)–** ਦਲਿਤ ਮਜਦੂਰਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪਿੰਡ ਝਨੇੜੀ ਅਤੇ ਘਰਾਚੋਂ ਵਿਚ ਮੀਟਿੰਗ ਕਰਕੇ 30 ਨਵੰਬਰ ਨੂੰ ਮੁੱਖ ਮੰਤਰੀ ਦੀ ਕੋਠੀ ਦਾ ਕੁੰਡਾ ਖੜਕਾਉਣ ਦਾ ਸੱਦਾ ਦਿੱਤਾ ਗਿਆ।

ਇਸ ਮੌਕੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬਲਾਕ ਆਗੂ ਗੁਰਚਰਨ ਸਿੰਘ ਘਰਾਚੋਂ ਅਤੇ ਸੁਖਵਿੰਦਰ ਸਿੰਘ ਬਟੜਿਆਣਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਲਿਤਾਂ ਦੇ ਹਿੱਸੇ ਦੀ ਪੰਚਾਇਤੀ ਜਮੀਨ ਦੇ ਪੱਕੇ ਹੱਲ ਲਈ ਨਵਾਂ ਕਾਨੂੰਨ ਬਣਾਉਣ ਅਤੇ ਸਹਿਕਾਰੀ ਸੁਸਾਇਟੀ ਵਿੱਚ 33 ਫੀਸਦੀ ਦਲਿਤਾਂ ਦੀ ਮੈਂਬਰਸ਼ਿਪ ਲਾਜ਼ਮੀ ਕਰਕੇ ਬਿਨਾ ਕਿਸੇ ਗਰੰਟੀ ਦੇ ਕਰਜੇ ਦਾ ਪ੍ਰਬੰਧ ਕਰਨ ਅਤੇ ਸਭਾ ਦੀ ਚੋਣ ਵਿੱਚ ਵੋਟ ਦੇ ਅਧਿਕਾਰ ਸਮੇਤ ਬਣਦੀਆਂ ਸਹੂਲਤਾਂ ਨੂੰ ਅਮਲੀ ਰੂਪ ਵਿੱਚ ਲਾਗੂ ਕਰਵਾਉਣ ਅਤੇ ਸੰਘਰਸ਼ ਦਰਮਿਆਨ ਦਰਜ ਸਾਰੇ ਪਰਚੇ ਰੱਦ ਕਰਨ ਸਮੇਤ ਦਰਜਨਾਂ ਮੰਗਾਂ ਮੁੱਖ ਮੰਤਰੀ ਪੰਜਾਬ ਵੱਲੋਂ ਜਥੇਬੰਦੀ ਦੇ ਆਗੂਆਂ ਨਾਲ ਹੋਈ ਮੀਟਿੰਗ ਵਿੱਚ ਮੰਨੀਆਂ ਗਈਆਂ ਸਨ ਪ੍ਰੰਤੂ ਹੁਣ ਤੱਕ ਲਾਗੂ ਨਹੀਂ ਹੋਈਆਂ।

ਆਗੂਆਂ ਨੇ ਕਿਹਾ ਕਿ ਇਸ ਸੰਬੰਧੀ ਪਿਛਲੇ ਦਿਨੀ ਮਜਦੂਰਾਂ ਵੱਲੋਂ ਕੀਤੇ ਰੋਸ ਪ੍ਰਦਰਸ਼ਨਾਂ ਤੋਂ ਬਾਅਦ ਮੁੱਖ ਮੰਤਰੀ ਮੀਟਿੰਗ ਦਾ ਸਮਾਂ ਤਹਿ ਕਰਕੇ ਵੀ ਵਾਰ ਵਾਰ ਮੁਕਰੇ ਹਨ ਜਿਸ ਕਾਰਨ ਦਲਿਤ ਮਜਦੂਰਾਂ ਅੰਦਰ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਅਕਾਲੀ ਤੇ ਕਾਂਗਰਸੀਆਂ ਵਾਂਗ ਆਮ ਆਦਮੀ ਪਾਰਟੀ ਦੀ ਸਰਕਾਰ ਮਜ਼ਦੂਰ ਵਿਰੋਧੀ ਸਾਬਤ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਮਜ਼ਦੂਰ ਵਿਰੋਧੀ ਰਵੱਈਏ ਖਿਲਾਫ ਪੰਜਾਬ ਭਰ ਚੋਂ ਮਜ਼ਦੂਰ ਮੁੱਖ ਮੰਤਰੀ ਦੀ ਸੰਗਰੂਰ ਸਥਿਤ ਕੋਠੀ ਦਾ ਕੁੰਡਾ ਖੜਕਾਉਣ ਪਹੁੰਚ ਰਹੇ ਹਨ।

ਇਸ ਮੌਕੇ ਇਕਾਈ ਆਗੂ ਚਮਕੌਰ ਸਿੰਘ ਝਨੇੜੀ, ਹਰਜਿੰਦਰ ਸਿੰਘ, ਗੁਰਤੇਜ ਸਿੰਘ, ਬਲਵੀਰ ਸਿੰਘ, ਭਜਨ ਕੌਰ ਆਦਿ ਦੀ ਅਗਵਾਈ ਹੇਠ ਸੈਂਕੜੇ ਮਜਦੂਰਾਂ ਵੱਲੋਂ ਇਸ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਗਿਆ।

***

## ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਲਈ 30 ਨਵੰਬਰ ਤੱਕ ਅਰਜ਼ੀਆਂ ਦੀ ਮੰਗ

**ਸੰਗਰੂਰ, (ਦਲਜੀਤ ਕੌਰ)–** ਪੰਜਾਬ ਸਰਕਾਰ ਦੁਆਰਾ ਸ਼ਹੀਦ–ਏ–ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2021–22 ਲਈ ਯੋਗ ਉਮੀਦਵਾਰਾਂ ਤੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਪੁਰਸਕਾਰ ਲਈ ਚੁਣੇ ਗਏ ਨੌਜਵਾਨਾਂ ਨੂੰ ਮੈਡਲ, ਸਕਰੌਲ ਸਰਟੀਫਿਕੇਟ ਤੇ 51 ਹਜ਼ਾਰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਸ਼੍ਰੀ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਹ ਜਾਣਕਾਰੀ ਦਿੰਦਿਆਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸ਼੍ਰੀ ਅਰੁਣ ਕੁਮਾਰ ਨੇ ਕਿਹਾ ਕਿ ਸ਼ਹੀਦ–ਏ–ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਯੁਵਕ ਗਤੀਵਿਧੀਆਂ ਵਿੱਚ ਉੱਘਾ ਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਦਿੱਤਾ ਜਾਂਦਾ ਹੈ। ਉਨਾਂ ਕਿਹਾ ਕਿ ਪੁਰਸਕਾਰ ਲਈ ਨੌਜਵਾਨ ਪਿਛਲੇ ਸਾਲਾਂ ਤੋਂ ਵੱਖ–ਵੱਖ ਯੁਵਕ ਗਤੀਵਿਧੀਆਂ ਜਿਵੇਂ ਯੁਵਕ ਭਲਾਈ ਗਤੀਵਿਧੀਆਂ, ਕੌਮੀ ਸੇਵਾ ਯੋਜਨਾ, ਐਨ.ਸੀ.ਸੀ., ਸੱਭਿਆਚਾਰਕ ਗਤੀਵਿਧੀਆਂ, ਪਰਬਤ ਰੋਹਣ, ਹਾਈਕਿੰਗ ਟਰੈਕਿੰਗ, ਖੇਡਾਂ, ਸਮਾਜ ਸੇਵਾ, ਰਾਸ਼ਟਰੀ ਏਕਤਾ, ਖੂਨਦਾਨ, ਨਸ਼ਿਆ ਵਿਰੁੱਧ ਜਾਗਰੂਕਤਾ, ਵਿੱਦਿਅਕ ਯੋਗਤਾ, ਬਹਾਦਰੀ ਦੇ ਕਾਰਨਾਮੇ, ਸਕਾਊਟਿੰਗ ਅਤੇ ਗਾਈਡਿੰਗ ਅਤੇ ਸਾਹਸੀ ਗਤੀਵਿਧੀਆਂ ਵਿਚ ਹਿੱਸਾ ਲੈਂਦਾ ਰਿਹਾ ਹੋਵੇ।

ਉਨਾਂ ਦੱਸਿਆ ਕਿ ਇਹ ਪੁਰਸਕਾਰ ਸਿਰਫ਼ ਪੰਜਾਬ ਦੇ ਨੌਜਵਾਨਾਂ ਲਈ ਹੈ ਤੇ ਉਮੀਦਵਾਰ ਦੀ ਉਮਰ ਮਿਤੀ 31 ਮਾਰਚ 2022 ਨੂੰ 15 ਸਾਲ ਤੋਂ ਘੱਟ ਅਤੇ 35 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਉਨਾਂ ਕਿਹਾ ਕਿ ਉਮੀਦਵਾਰ ਯੁਵਕ ਭਲਾਈ ਗਤੀਵਿਧੀਆਂ ਜਾਂ ਸਮਾਜ ਸੇਵਾ ਵਿੱਚ ਸ਼ਾਮਿਲ ਹੁੰਦਾ ਰਿਹਾ ਹੋਵੇ ਅਤੇ ਪੁਰਸਕਾਰ ਪ੍ਰਾਪਤ ਹੋਣ ਉਪਰੰਤ ਵੀ 2 ਸਾਲ ਬਾਅਦ ਇਨਾਂ ਗਤੀਵਿਧੀਆਂ ਨੂੰ ਚਾਲੂ ਰੱਖਣ ਦਾ ਇਛੁੱਕ ਹੋਵੇ ਤੇ ਇਹ ਗਤੀਵਿਧੀਆਂ ਸਮਾਜ ਸੇਵਾ ਅਤੇ ਨੌਜਵਾਨਾਂ ਦੇ ਵਿਕਾਸ ਵਿੱਚ ਸਹਾਈ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਇਸ ਪੁਰਸਕਾਰ ਲਈ ਚੋਣ ਉਸ ਦੀ ਸਮਾਜ ਸੁਧਾਰ ਵਿੱਚ ਅਸਲ ਇੱਛਾ ਅਤੇ ਪ੍ਰਤੀਨਿਧਤਾ ਦੇ ਅਧਾਰ ’ਤੇ ਕੀਤੀ ਜਾਵੇਗੀ।

ਉਨਾਂ ਕਿਹਾ ਕਿ ਇਸ ਪੁਰਸਕਾਰ ਲਈ ਯੋਗ ਉਮੀਦਵਾਰ ਆਪਣੀਆਂ ਅਰਜ਼ੀਆਂ ਅਤੇ ਪ੍ਰਾਪਤੀ ਸਬੰਧੀ ਆਪਣੀ ਪ੍ਰਤੀ ਬੇਨਤੀ (ਦਸਤਾਵੇਜ਼) ਦੀ ਫਾਇਲ ਸਬੰਧਿਤ ਜ਼ਿਲੇ ਦੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੇ ਦਫ਼ਤਰ, ਯੂਥ ਹੋਸਟਲ ਨੇੜੇ ਪੰਚਾਇਤ ਭਵਨ ਪਟਿਆਲਾ ਗੇਟ ਸੰਗਰੂਰ ਵਿਖੇ 30 ਨਵੰਬਰ 2022 ਤੱਕ ਭੇਜ ਸਕਦੇ ਹਨ।

## ਮੱਛੀ ਪਾਲਣ ਦੇ ਕਿੱਤੇ ਨੂੰ ਪ੍ਰਫੁੱਲਿਤ ਕਰਨ ਲਈ ਤਿੰਨ ਰੋਜ਼ਾ ਸਿਖਲਾਈ ਪ੍ਰੋਗਰਾਮ 23 ਨਵੰਬਰ ਤੋਂ ਹੋਵੇਗਾ ਸ਼ੁਰੂ

**ਸੰਗਰੂਰ (ਦਲਜੀਤ ਕੌਰ)–** ਮੱਛੀ ਪਾਲਣ ਵਿਭਾਗ ਸੰਗਰੂਰ ਦੇ ਮੁੱਖ ਕਾਰਜਕਾਰੀ ਅਫ਼ਸਰ ਸ੍ਰੀ ਰਾਕੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਗਰੂਰ ਸ਼ਹਿਰ ਵਿਖੇ 23 ਤੋਂ 25 ਨਵੰਬਰ ਤੱਕ ਮੱਛੀ ਪਾਲਕਾਂ ਲਈ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਮੱਛੀ ਪਾਲਣ ਵਿਕਾਸ ਬੋਰਡ ਦੀ ਸਹਾਇਤਾ ਨਾਲ ਸੂਬੇ ਦੇ 17 ਜ਼ਿਲਿਆਂ ਵਿੱਚ ਅਜਿਹੇ ਸਿਖਲਾਈ ਪ੍ਰੋਗਰਾਮ ਉਲੀਕੇ ਗਏ ਹਨ ਤਾਂ ਜੋ ਮੱਛੀ ਪਾਲਣ ਦੇ ਧੰਦੇ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਸੰਗਰੂਰ, ਮਲੇਰਕੋਟਲਾ ਅਤੇ ਬਰਨਾਲਾ ਦੇ ਲਗਭਗ 50 ਮੱਛੀ ਪਾਲਕ ਇਸ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣਗੇ ਅਤੇ ਇਸ ਕਿੱਤੇ ਸਬੰਧੀ ਤਕਨੀਕੀ ਅਤੇ ਪ੍ਰਯੋਗੀ ਜਾਣਕਾਰੀ ਹਾਸਿਲ ਕਰਨਗੇ ਜਿਸ ਨਾਲ ਨੇੜ ਭਵਿੱਖ ਵਿੱਚ ਉਹ ਇਸ ਕਿੱਤੇ ਨੂੰ ਹੋਰ ਬਿਹਤਰੀਨ ਢੰਗ ਨਾਲ ਪ੍ਰਫੁੱਲਿਤ ਕਰ ਸਕਣ।

## ਸੰਘਰਸ਼ੀ ਅਧਿਆਪਕ ਆਗੂਆਂ ਦੀਆਂ ਬਦਲੀਆਂ ਹੋਈਆਂ ਰੱਦ

**ਸੰਗਰੂਰ, (ਦਲਜੀਤ ਕੌਰ)–** ਜ਼ਿਲ੍ਹਾ ਸਿੱਖਿਆ ਅਫਸਰ (ਸ.ਸ.) ਸੰਗਰੂਰ ਵੱਲੋਂ ਸ਼ਿਕਾਇਤ ਦੇ ਆਧਾਰ 'ਤੇ ਸੰਘਰਸ਼ੀ ਅਧਿਆਪਕ ਆਗੂਆਂ ਖਿਲਾਫ਼ ਮਾਮਲਾ ਦਰਜ਼ ਕਰਨ ਅਤੇ ਬਿਨ੍ਹਾਂ ਜਾਂਚ ਪੜ੍ਹਤਾਲ ਕੀਤੇ ਉਨ੍ਹਾਂ ਦੀਆਂ ਦੂਰ ਦੁਰਾਡੇ ਕੀਤੀਆਂ ਬਦਲੀਆਂ ਅਧਿਆਪਕਾਂ ਤੇ ਜਮਹੂਰੀ ਜਨਤਕ ਜਥੇਬੰਦੀਆਂ ਦੇ ਏਕੇ ਤੇ ਲਗਾਤਾਰ ਹੋਏ ਸੰਘਰਸ਼ਾਂ ਕਾਰਨ ਸਿੱਖਿਆ ਵਿਭਾਗ ਵੱਲੋਂ ਰੱਦ ਕਰ ਦਿੱਤੀਆਂ ਗਈਆਂ ਹਨ।



ਦੱਸਣਯੋਗ ਹੈ ਕਿ ਅਧਿਆਪਕਾਂ ਦੀ ਜੱਥੇਬੰਦੀ ਡੀ.ਟੀ.ਐਫ. ਸੰਗਰੂਰ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਸੰਗਰੂਰ ਪਾਸੋਂ ਵਿਦਿਆਰਥੀਆਂ ਦੇ ਵਿੱਦਿਅਕ ਟੂਰਾਂ ਦੀ ਪ੍ਰਵਾਨਗੀ ਲਈ ਲਗਾਤਾਰ ਯਤਨਸ਼ੀਲ ਸੀ। ਭਾਵੇਂ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਜਥੇਬੰਦੀ ਦੇ ਦਬਾਅ ਸਦਕਾ ਵਿੱਦਿਅਕ ਟੂਰਾਂ ਦੀਆਂ ਪ੍ਰਵਾਨਗੀਆਂ ਤਾਂ ਦੇ ਦਿੱਤੀਆਂ ਪਰੰਤੂ ਅਧਿਆਪਕ ਆਗੂਆਂ ਡੀ.ਟੀ.ਐਫ. ਦੇ ਜ਼ਿਲ੍ਹਾ ਪ੍ਰਧਾਨ ਬਲਵੀਰ ਚੰਦ, ਜ਼ਿਲ੍ਹਾ ਮੀਤ ਪ੍ਰਧਾਨ ਦਾਤਾ ਸਿੰਘ ਯਾ- ਦਵਿੰਦਰ ਸਿੰਘ ਧੂਰੀ, ਪਰਮਿੰਦਰ ਸਿੰਘ ਕੰਪਿਊਟਰ ਅਧਿਆਪਕ ਅਤੇ ਗੁਰਪ੍ਰੀਤ ਸਿੰਘ ਬੱਬੀ ਤੇ ਵੱਖ-ਵੱਖ ਧਾਰਾਵਾਂ ਅਧੀਨ ਐੱਫ. ਆਈ. ਆਰ. ਦਰਜ਼ ਕਰਵਾ ਦਿੱਤੀ। ਇਸਦਾ ਹਵਾਲਾ ਦੇ ਕੇ ਡੀ.ਪੀ.ਆਈ ਸੈਕੰਡਰੀ ਤੋਂ ਇਹਨਾਂ ਦੀਆਂ ਬਦਲੀਆਂ ਦੂਰ-ਦੁਰਾਡੇ ਕਰਵਾ ਦਿੱਤੀ। ਇਸ ਦੇ ਪ੍ਰਤੀ ਰੋਸ਼ ਵਜੋਂ ਇਨ੍ਹਾਂ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ, ਮਜ਼ਦੂਰ ਕਿਸਾਨ ਅਤੇ ਵਿਦਿਆਰਥੀ ਜਥੇਬੰਦੀਆਂ ਨੇ ਸਕੂਲ ਦੇ ਗੇਟ ਅੱਗੇ ਧਰਨੇ ਲਗਾ ਦੇ ਕੇ ਪ੍ਰਦਸ਼ਨ ਕੀਤੇ ਗਏ ਸਨ। ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਅਤੇ ਸੂਬਾ ਸਕੱਤਰ ਸਰਵਣ ਸਿੰਘ ਔਜਲਾ ਨੇ ਕਿਹਾ ਕਿ ਜਿਲ੍ਹਾ ਸੰਗਰੂਰ ਦੇ ਆਗੂਆਂ ਖਿਲਾਫ਼ ਪਰਚੇ ਦਰਜ ਕਰਨ ਤੇ ਬਦਲੀਆਂ ਕਰਨ ਦੀ ਕਾਰਵਾਈ ਖਿਲਾਫ਼ ਲੋਕਾਂ ਦੇ ਪੈਰ ਗੱਡਵੇਂ ਸੰਘਰਸ਼ ਨੇ ਸਰਕਾਰ ਤੇ ਬੁਖਲਾਹਟ 'ਚ ਆਏ ਜਿਲ੍ਹਾ ਪ੍ਰਸਾਸ਼ਨ ਤੇ ਸਿੱਖਿਆ ਅਧਿਕਾਰੀਆਂ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਹੈ। ਇੱਕ ਵਾਰ ਫੇਰ ਲੋਕ ਤਾਕਤ ਦੇ ਜੁੜੇ ਸਿਰਾਂ ਨੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਬਹਾਲ ਕਰਵਾਇਆ ਹੈ। ਇਹ ਜਿੱਤ ਸਮੂਹ ਸੰਘਰਸ਼ ਕਰਨ ਵਾਲੇ ਲੋਕਾਂ ਦੀ ਜਿੱਤ ਹੈ।

## ਰਿਸ਼ਤਿਆਂ ਵਿੱਚ ਭਰੋਸਾ

ਰਿਸ਼ਤਿਆਂ ਵਿੱਚ ਜਦ ਭਰੋਸਾ ਨਾ ਰਹੇ
ਕਿਸ ਤਰ੍ਹਾਂ ਤਦ ਆਪਣਾ ਕੋਈ ਕਹੇ।

ਦੁਸ਼ਮਣਾਂ ਦੀ ਲੋੜ ਓਦੋਂ ਕੀ ਭਲਾ
ਜਦ ਜੜਾਂ ਵਿਚ ਯਾਰ ਕੋਈ ਆ ਬਹੇ।

ਜੋ ਨਾ ਮੰਨਦਾ ਗੱਲ ਪਹਿਲਾਂ ਸੀ ਕੋਈ
ਯਾਰ ਦੀ ਹੁਣ ਹਰ ਅੜੀ ਬੰਦਾ ਸਹੇ।

ਓਸ ਵੇਲੇ ਹਾਲ ਮੇਰਾ ਪੁੱਛ ਨਾ ਜਦ
ਗੱਲ੍ਹ ਦੇ ਸੰਗ ਜ਼ੁਲਫ ਤੇਰੀ ਆ ਖਹੇ।

ਕੌਣ ਪੁੱਛਦਾ ਭੋਲਿਆਂ ਦੀ ਬਾਤ ਹੈ
ਫਿਰ ਰਹੇ ਹਨ ਲੱਖ ਏਥੇ ਮੈਂ ਜਹੇ।

ਪਹੁੰਚ ਸਭ ਦੀ ਹਰ ਜਗ੍ਹਾ ਹੀ ਹੋ ਗਈ
ਵਾਂਗ ਮੰਜੇ ਹਰ ਜਗ੍ਹਾ ਤੇ ਜੋ ਡਹੇ।

ਹੌਂਸਲੇ ਬਿਨ ਆਦਮੀ ਦੀ ਮੌਤ ਹੈ
ਹੌਂਸਲਾ ਨਾ ਬਸ ਕਿਸੇ ਦਾ ਵੀ ਢਹੇ।

ਦੁੱਖ ਪਲਾਂ ਵਿੱਚ ਟੁੱਟ ਜਾਂਦੇ ਸਭ ਉਦੋਂ
ਯਾਰ ਜਦ ਵੀ ਆਣ ਕੋਲੇ ਪਲ ਬਹੇ।

ਦਿਲ ਚੋਂ ਨਫ਼ਰਤ ਦਾ ਹਨੇਰਾ ਮੁੱਕਦਾ
ਪਿਆਰ ਚਾਨਣ ਜਦ ਮਨਾਂ ਦੇ ਵਿਚ ਲਹੇ।

**– ਹਰਦੀਪ ਬਿਰਦੀ**

**91-90416 00900**



## ਭੁਚਾਲ: ਇੰਡੋਨੇਸ਼ੀਆ ਵਿੱਚ ਮ੍ਰਿਤਕਾਂ ਦੀ ਗਿਣਤੀ 268 ਹੋਈ, 151 ਲਾਪਤਾ

**ਸਿਆਂਜੁਰ (ਇੰਡੋਨੇਸ਼ੀਆ)–** ਇੰਡੋਨੇਸ਼ੀਆ ਦੇ ਜਾਵਾ ਟਾਪੂ ’ਤੇ ਆਏ ਭੁਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ ਅੱਜ ਵਧ ਕੇ 268 ਹੋ ਗਈ ਹੈ। ਮਲਬੇ ਵਿੱਚੋਂ ਲਾਸ਼ਾਂ ਨੂੰ ਕੱਢਿਆ ਜਾ ਰਿਹਾ ਹੈ। 151 ਜਣੇ ਹਾਲੇ ਵੀ ਲਾਪਤਾ ਹਨ। ਇਹ ਜਾਣਕਾਰੀ ਕੌਮੀ ਆਫਤ ਰਾਹਤ ਏਜੰਸੀ ਨੇ ਦਿੱਤੀ। ਏਜੰਸੀ ਦੇ ਮੁਖੀ ਸੁਹਾਰਯੰਤੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਿਆਂਜੁਰ ਸ਼ਹਿਰ ਕੋਲ ਸੋਮਵਾਰ ਦੁਪਹਿਰ ਨੂੰ ਆਏ 5.6 ਸ਼ਿੱਦਤ ਦੇ ਭੁਚਾਲ ਵਿੱਚ 1,083 ਲੋਕ ਜ਼ਖ਼ਮੀ ਹੋ ਗਏ। ਭੁਚਾਲ ਤੋਂ ਡਰ ਕੇ ਲੋਕ ਸੜਕਾਂ ’ਤੇ ਆ ਗਏ। ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ ਤੋਂ ਇਲਾਵਾ 300 ਤੋਂ ਵੱਧ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ ਅਤੇ ਘੱਟ ਤੋਂ ਘੱਟ 600 ਤੋਂ ਵੱਧ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਕੌਮੀ ਖੋਜ ਤੇ ਬਚਾਅ ਏਜੰਸੀ ਦੇ ਮੁਖੀ ਹੈਨਰੀ ਅਲਫਿਐਂਡੀ ਨੇ ਕਿਹਾ ਕਿ ਸਿਆਂਜੁਰ ਦੇ ਉੱਤਰ-ਪੱਛਮ ਸਥਿਤ ਸਿਜੇਡਿਲ ਪਿੰਡ ਵਿੱਚ ਭੁਚਾਲ ਕਾਰਨ ਢਿੱਗਾਂ ਡਿੱਗ ਗਈਆਂ ਹਨ।



## ਤਰਲੇ ਤੱਕੜੀ ਦੇ

ਮਸਲੇ ਕਈ ਉਠਾ ਕੇ ਦੇਖ ਲਏ ਨੇ
ਪੈਰ ਉੱਖੜੇ ਫੇਰ ਜਮਾਉਣ ਦੇ ਲਈ।
ਬੰਦੀ ਸਿੰਘਾਂ ਦੀ ਵੇਦਨਾ ਬੜੀ ਗਾਈ
ਸਿੱਖ ਵੋਟਰਾਂ ਤਾਈਂ ਭ੍ਰਮਾਉਣ ਦੇ ਲਈ।
ਮੈਂਬਰ ‘ਸਾਂਭ ਕੇ’ ‘ਸ਼੍ਰੋਮਣੀ’ ਜੇਬ੍ਹ ਪਾਈ
‘ਤਾਣ’ ਆਪਣਾ ਜਰਾ ਦਿਖਾਉਣ ਦੇ ਲਈ।
ਗੁਪਤੀ ‘ਪਾਪੜ’ ਵੀ ਵੇਲਦੇ ਸੁਣੀ ਦੇ ਨੇ
ਫਿਰ ਪੰਜਾਬ ਨੂੰ ਬੁੱਧੂ ਬਣਾਉਣ ਦੇ ਲਈ।
‘ਪਤੀ’ ਸਾਬਕਾ ਨਾਂਹ ਹੀ ਕਰੀ ਜਾਂਦਾ
ਹੋਂਦ ਆਪਣੀ ਬੜੀ ਜਚਾਉਣ ਦੇ ਲਈ।
ਤਰਲੇ ਕਰਦੀ ਐ ‘ਤੱਕੜੀ’ ਫੇਰ ਮੁੜਕੇ
ਨਾ.ਲ ਕਮਲ ਦੇ ਯਾਰੀਆਂ ਲਾਉਣ ਦੇ ਲਈ।

**–ਤਰਲੋਚਨ ਸਿੰਘ**
**‘ਦੁਪਾਲ ਪੁਰ’**

**91-78146 92724**



# ਜੱਥੇਦਾਰ ਸਾਹਿਬ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਦੇ ਨਾਂ ਖਤ

**ਗਿਆਨੀ ਹਰਪ੍ਰੀਤ ਸਿੰਘ ਜੀ,**
**ਕਾਰਜਕਾਰੀ ਜੱਥੇਦਾਰ ਸਾਹਿਬ**
**ਅਕਾਲ ਤਖਤ ਸਾਹਿਬ, ਅੰਮ੍ਰਿਤਸਰ।**
**ਵਾਹਿਗੁਰੂ ਜੀ ਕਾ ਖਾਲਸਾ।**
**ਵਾਹਿਗੁਰੂ ਜੀ ਕੀ ਫ਼ਤਿਹ।**

ਵਿਸ਼ਾ:- ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ।

ਸਤਿਕਾਰ ਯੋਗ ਗਿਆਨੀ ਹਰਪ੍ਰੀਤ ਸਿੰਘ ਜੀ, ਆਪ ਜੀ ਵੱਲੋਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਲਿਖਿਆ ਗਿਆ ਪੱਤਰ ਅਖ਼ਬਾਰਾਂ ਦੀਆਂ ਸੁਰਖੀਆਂਦਾ ਸ਼ਿੰਗਾਰਬਣਿਆ ਹੋਇਆ ਹੈ। ਆਪ ਜੀ ਦੀ ਚਿੰਤਾ ਦਾ ਕਾਰਨ ਹੈ ਕਿ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ,ਜੋ ਹਰ ਸਾਲ 13 ਪੋਹ ਨੂੰ ਮਨਾਇਆ ਜਾਂਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਇਸ ਸਾਲ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ 14 ਪੋਹ ਨੂੰ ਆ ਰਿਹਾ ਹੈ। ਸ਼ਹੀਦੀ ਹਫ਼ਤੇ ਵਿਚ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਨਗਰ ਕੀਰਤਨਨਹੀਂ ਕੱਢੇ ਜਾ ਸਕਦੇ। ਇਸ ਸਬੰਧੀ ਆਪ ਜੀ ਦੀ ਚਿੰਤਾ ਜਾਇਜ਼ ਹੈ। ਇਸ ਲਈ ਆਪ ਜੀ ਨੇ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਲਿਖ ਕੇ ਆਦੇਸ਼ ਦਿੱਤਾ ਹੈ ਕਿ ਵਿਦਵਾਨਾਂ ਦੀ ਰਾਏ ਨਾਲ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ।

ਜਥੇਦਾਰ ਜੀ, ਆਪ ਜੀ ਦੇ ਧਿਆਨ ਹਿਤ ਬੇਨਤੀ ਹੈ ਕਿ ਜਿਹੜੀ ਸਮੱਸਿਆ ਅੱਜ ਆਈ ਹੈ ਇਹ ਅਤੇ ਕੈਲੰਡਰ ਸਬੰਧੀ ਅਜੇਹੀਆਂ ਹੋਰ ਸਮੱਸਿਆਵਾਂ ਦਾ ਹੱਲ ਤਾਂ ਵਿਦਵਾਨਾਂ ਨੇ 2003 ਈ: ਵਿੱਚ ਹੀ ਕਰ ਦਿੱਤਾ ਸੀ। ਪਰ ਸ਼੍ਰੋਮਣੀ ਗੁਰ-ਦਵਾਰਾ ਪ੍ਰਬੰਧਕ ਕਮੇਟੀ ਨੇ ਇਕ ਸਿਆਸੀ ਧਿਰ ਅਤੇ ਸੰਤ ਸਮਾਜ ਦੇ ਹਿੱਤਾਂ ਨੂੰ ਮੁੱਖ ਰੱਖ ਕੇ2010 ਈ: ਵਿਚ, ਦੋ ਮੈਂਬਰੀ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਮੰਨਦੇ ਹੋਏ, ਬਿਕ੍ਰਮੀ ਕੈਲੰਡਰ ਲਾਗੂ ਕਰ ਦਿੱਤਾ ਸੀ।ਜਿਸ ਕਾਰਨ ਹਰ ਸਾਲ ਕਿਸੇ-ਨਾ ਕਿਸੇ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾਹੈ। ਇਨ੍ਹਾਂ ਸਮੱਸਿਆਵਾਂ ਲਈ ਖੁਦ ਸ਼੍ਰੋਮਣੀ ਕਮੇਟੀ ਹੀ ਜ਼ਿੰਮੇਵਾਰ ਹੈ। ਕੀ ਸ਼੍ਰੋਮਣੀ ਕਮੇਟੀ ਇਸ ਸਵਾਲ ਦਾ ਜਵਾਬ ਦੇਵੇਗੀ ਕਿਜੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾਹਰ ਸਾਲ 8 ਪੋਹ ਅਤੇ ਵੱਡੇ ਸਾਹਿਬਜ਼ਾ-ਦਿਆਂਦਾ ਸ਼ਹੀਦੀ ਦਿਹਾੜਾ 13 ਪੋਹ ਨੂੰ ਮਨਾਇਆ ਜਾ ਸਕਦਾ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ ਨੂੰ ਕਿਉਂ ਨਹੀਂ ਮਨਾਇਆ ਜਾ ਸਕਦਾ?

ਜਥੇਦਾਰ ਜੀ, ਸ਼੍ਰੋਮਣੀ ਕਮੇਟੀ ਨੂੰ ਸੰਮਤ 546 ਨਾਨਕਸ਼ਾਹੀ (2014 ਈ:) ਵਿੱਚ ਵੀ ਅਜੇਹੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਸੀ। ਉਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 13 ਪੋਹ ਨੂੰ ਆਇਆ ਸੀ। ਉਸ ਵੇਲੇ ਵੀ ਇਸ ਵਿਸ਼ੇ ਤੇ ਕਾਫੀ ਚਰਚਾ ਹੋਈ ਸੀ।ਸੰਮਤ 549 ਨਾਨਕਸ਼ਾਹੀ (2017 ਈ:) ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਹੀਦੀ ਹਫ਼ਤੇ ਦੇ ਵਿਚਕਾਰ ਭਾਵ 11 ਪੋਹ ਨੂੰ ਆਇਆ ਸੀ। ਇਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 14 ਪੋਹ ਨੂੰ ਆ ਰਿਹਾ ਹੈ। ਜੇ ਅਜੇ ਵੀ ਕੋਈ ਪੱਕਾ ਹੱਲ ਨਾ ਕੀਤਾ ਗਿਆ ਤਾਂ ਸੰਮਤ 557 ਨਾਨਕਸ਼ਾਹੀ (2025 ਈ:) ਵਿਚ ਫੇਰ ਇਸੇ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ। ਉਸ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 13 ਪੋਹ ਨੂੰ ਆਵੇਗਾ। ਸੰਮਤ 560 ਨਾਨਕਸ਼ਾਹੀ (2028 ਈ:) ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਹੀਦੀ ਹਫ਼ਤੇ ਦੇ ਵਿਚਕਾਰ ਭਾਵ 9 ਪੋਹ ਨੂੰ ਆਵੇਗਾ। ਅਤੇ ਇਸ ਸਿ-ਲਸਿਲਾ ਅੱਗੋਂ ਵੀ ਇਸੇ ਤਰ੍ਹਾਂ ਜਾਰੀ ਰਹੇਗਾ।

**ਹੇਠ ਲਿਖਿਆ ਟੇਬਲ ਵੇਖੋ**

| ਸੰਮਤ ਨਾਨਕਸ਼ਾਹੀ | ਈ: ਸਾਲ | ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ | ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ | ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ |
|---|---|---|---|---|
| 554 | 2022 | 8 ਪੋਹ | 13 ਪੋਹ | 14 ਪੋਹ |
| 557 | 2025 | 8 ਪੋਹ | 13 ਪੋਹ | 13 ਪੋਹ |
| 560 | 2028 | 8 ਪੋਹ | 13 ਪੋਹ | 9 ਪੋਹ |
| 562 | 2030 | 8 ਪੋਹ | 13 ਪੋਹ | 15 ਪੋਹ |
| 565 | 2033 | 8 ਪੋਹ | 13 ਪੋਹ | 14 ਪੋਹ |
| 568 | 2036 | 8 ਪੋਹ | 13 ਪੋਹ | 11 ਪੋਹ |
| 573 | 2041 | 8 ਪੋਹ | 13 ਪੋਹ | 15 ਪੋਹ |
| 576 | 2044 | 8 ਪੋਹ | 13 ਪੋਹ | 12 ਪੋਹ |
| 579 | 2047 | 8 ਪੋਹ | 13 ਪੋਹ | 8 ਪੋਹ |
| 584 | 2052 | 8 ਪੋਹ | 13 ਪੋਹ | 14 ਪੋਹ |


ਸਰਵਜੀਤ ਸਿੰਘ ਸੈਕਰਾਮੈਂਟੋ

ਜਥੇਦਾਰ ਜੀ, ਆਪ ਜੀ ਵੱਲੋਂ ਮੰਗੇ ਗਏ ਸੁਝਾਓ ਸਬੰਧੀ ਬੇਨਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾਵੀ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਦੀ ਤਰ੍ਹਾਂਹਰ ਸਾਲ ਪ੍ਰਵਿਸ਼ਟਿਆਂ ਮੁਤਾਬਕ, 23 ਪੋਹ ਨੂੰ ਮਨਾਇਆ ਜਾਵੇ। ਇਹ ਹੀ ਇਸ ਸਮੱਸਿਆ ਦਾ ਸਦੀਵੀ ਹੱਲ ਹੈ। ਵੱਡੇ ਸਾਹਿ-ਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ, ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ ਨੂੰ ਮਨਾਇਆ ਜਾਵੇ, ਇਸ ਤਰ੍ਹਾਂ ਕਦੇ ਵੀ ਅਜੇਹੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਆਸ ਹੈ ਕਿ ਆਪ ਜੀ ਇਸ ਸੁਝਾਓ ਤੇ ਗੌਰ ਕਰੋਗੇ।

**ਸਤਿਕਾਰ ਸਹਿਤ**
**ਸਰਵਜੀਤ ਸਿੰਘ ਸੈਕਰਾਮੈਂਟੋ**
**10 ਮੱਘਰ, ਸੰਮਤ 554 ਨਾਨਕਸ਼ਾਹੀ**
**(23 ਨਵੰਬਰ 2022)**

# ਹਰ 11 ਮਿੰਟ ਅੰਦਰ ਇੱਕ ਲੜਕੀ ਦਾ ਹੋ ਰਿਹੈ ਕਤਲ: ਗੁਟੇਰੇਜ਼

**ਸੰਯੁਕਤ ਰਾਸ਼ਟਰ-** ਸੰਯੁਕਤ ਰਾਸ਼ਟਰ ਦੇ ਮੁਖੀ ਐਂਤੋਨੀਓ ਗੁਟੇਰੇਜ਼ ਨੇ ਕਿਹਾ ਕਿ ਹਰ 11 ਮਿੰਟ ਅੰਦਰ ਇੱਕ ਮਹਿਲਾ ਜਾਂ ਲੜਕੀ ਦੀ ਉਸ ਦੇ ਕਰੀਬੀ ਸਾਥੀ ਜਾਂ ਪਰਿਵਾਰ ਦੇ ਮੈਂਬਰ ਵੱਲੋਂ ਹੱਤਿਆ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਖ਼ਿਲਾਫ਼ ਹਿੰਸਾ ਦੁਨੀਆ ਵਿੱਚ 'ਮਨੁੱਖੀ ਅਧਿਕਾਰਾਂ ਦੀ ਸਭ ਤੋਂ ਵੱਡੀ ਉਲੰਘਣਾ' ਹੈ ਤੇ ਉਨ੍ਹਾਂ ਸਰਕਾਰਾਂ ਨੂੰ ਸੱਦਾ ਦਿੱਤਾ ਕਿ ਇਸ ਅਲਾਮਤ ਨਾਲ ਨਜਿੱਠਣ ਲਈ ਕੌਮੀ ਐਕਸ਼ਨ ਪਲਾਨ ਲਾਗੂ ਕੀਤਾ ਜਾਵੇ। ਉਹ 25 ਨਵੰਬਰ ਨੂੰ ਮਨਾਏ ਜਾਂਦੇ 'ਮਹਿਲਾਵਾਂ ਖ਼ਿਲਾਫ਼ ਹਿੰਸਾ ਦਾ ਖਾਤਮਾ' ਦਿਵਸ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਗੁਟੇਰੇਜ਼ ਨੇ ਕਿਹਾ, 'ਦੁਨੀਆ 'ਚ ਮਹਿਲਾਵਾਂ ਤੇ ਲੜਕੀਆਂ ਖ਼ਿਲਾਫ਼ ਹਿੰਸਾ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਵੱਡੀ ਉਲੰਘਣਾ ਹੈ।



ਹਰ 11 ਮਿੰਟ 'ਚ ਇੱਕ ਮਹਿਲਾ ਜਾਂ ਲੜਕੀ ਦੀ ਉਸ ਦੇ ਕਰੀਬੀ ਸਾਥੀ ਜਾਂ ਪਰਿਵਾਰ ਦੇ ਮੈਂਬਰ ਵੱਲੋਂ ਹੱਤਿਆ ਕਰ ਦਿੱਤੀ ਜਾਂਦੀ ਹੈ ਅਤੇ ਅਸੀਂ ਜਾਣਦੇ ਹਾਂ ਕਿ ਕੋਵਿਡ-19 ਮਹਾਮਾਰੀ ਤੋਂ ਲੈ ਕੇ ਆਰਥਿਕ ਉਥਲ-ਪੁਥਲ ਤੱਕ ਹੋਰ ਪ੍ਰੇਸ਼ਾਨੀਆਂ ਕਾਰਨ ਵੀ ਸਰੀਰਕ ਤੇ ਜ਼ੁਬਾਨੀ ਦੁਰਵਿਹਾਰ 'ਚ ਵਾਧਾ ਹੋਇਆ ਹੈ।' ਗੁਟੇਰੇਜ਼ ਦੀਆਂ ਟਿੱਪਣੀਆਂ ਹਾਲ ਹੀ 'ਚ ਭਾਰਤ ਵਿੱਚ ਸ਼ਰਧਾ ਵਾਲਕਰ ਦੀ ਹੱਤਿਆ ਮਾਮਲੇ ਦੀ ਪਿੱਠ-ਭੂਮੀ 'ਚ ਆਈ ਹੈ ਜਿਸ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ।

# ਭਾਰਤ-ਅਮਰੀਕਾ ਸਬੰਧ 2022 'ਚ ਹੋਰ ਮਜ਼ਬੂਤ ਹੋਏ: ਵ੍ਹਾਈਟ ਹਾਊਸ

**ਵਾਸ਼ਿੰਗਟਨ-** ਵ੍ਹਾਈਟ ਹਾਊਸ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਅਮਰੀਕਾ-ਭਾਰਤ ਸਬੰਧਾਂ ਦੇ ਇਤਿਹਾਸ 'ਚ 2022 ਵੱਡਾ ਸਾਲ ਰਿਹਾ ਹੈ ਅਤੇ ਆਉਂਦਾ ਵਰ੍ਹਾ 2023 ਹੋਰ ਵੀ ਵੱਡਾ ਰਹੇਗਾ। ਪ੍ਰਧਾਨ ਉਪ ਕੌਮੀ ਸੁਰੱਖਿਆ ਸਲਾਹਕਾਰ ਜੌਨ ਫਾਈਨਰ ਨੇ ਜੀ-20 ਸਿਖਰ ਸੰਮੇਲਨ ਦੌਰਾਨ ਇਕ ਸਾਂਝੇ ਬਿਆਨ 'ਤੇ ਆਮ ਸਹਿਮਤੀ ਬਣਾਉਣ 'ਚ ਅਹਿਮ ਭੂਮਿਕਾ ਨਿਭਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਵੀ ਕੀਤੀ। ਵਾਸ਼ਿੰਗਟਨ 'ਚ ਭਾਰਤੀ-ਅਮਰੀਕੀਆਂ ਦੇ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਫਾਈਨਰ ਨੇ ਕਿਹਾ,''ਅਮਰੀਕਾ ਅਤੇ ਉਸ ਦੇ ਰਾਸ਼ਟਰਪਤੀ ਜੋਅ ਬਾਇਡਨ ਜਦੋਂ ਦੁਨੀਆ ਭਰ



'ਚ ਅਜਿਹੇ ਭਾਈਵਾਲਾਂ ਦੀ ਤਲਾਸ਼ ਕਰਦੇ ਹਨ ਜੋ ਹਕੀਕਤ 'ਚ ਜ਼ਿੰਮੇਵਾਰੀਆਂ ਦਾ ਭਾਰ ਉਠਾਉਣ 'ਚ ਸਹਾਇਤਾ ਕਰ ਸਕਦੇ ਹਨ, ਜੋ ਅਸਲ 'ਚ ਆਲਮੀ ਏਜੰਡੇ ਨੂੰ ਅੱਗੇ ਵਧਾਉਣ 'ਚ ਸਹਾਇਕ ਹੋ ਸਕਦੇ ਹਨ ਤਾਂ ਭਾਰਤ ਅਤੇ ਉਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੂਚੀ 'ਚ ਕਾਫੀ ਉਪਰ ਮਿਲਦੇ ਹਨ।'' ਇਸ ਦੌਰਾਨ ਅਮਰੀਕਾ 'ਚ ਭਾਰਤ ਦੇ ਸਫ਼ੀਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਬਾਇਡਨ ਭਾਰਤ-ਅਮਰੀਕਾ ਸਬੰਧਾਂ ਨੂੰ ਰਫ਼ਤਾਰ ਦੇ ਰਹੇ ਹਨ ਜਿਨ੍ਹਾਂ ਵਿਚਕਾਰ 15 ਤੋਂ ਜ਼ਿਆਦਾ ਵਾਰ ਮੁਲਾਕਾਤ ਹੋ ਚੁੱਕੀ ਹੈ। ਭਾਰਤੀ ਦੂਤਘਰ ਵੱਲੋਂ ਕਰਵਾਏ ਗਏ ਪ੍ਰੋਗਰਾਮ 'ਚ ਭਾਰਤੀ ਸੱਭਿਆਚਾਰ ਨੂੰ ਪ੍ਰਦਰਸ਼ਿਤ ਕੀਤਾ ਗਿਆ। ਪ੍ਰੋਗਰਾਮ 'ਚ ਦੀਵਾਲੀ ਤੋਂ ਲੈ ਕੇ ਹਨੁਕਾ ਤੱਕ, ਈਦ ਤੋਂ ਲੈ ਕੇ ਬੋਧੀ ਦਿਵਸ ਅਤੇ ਗੁਰਪੁਰਬ ਤੋਂ ਲੈ ਕੇ ਕ੍ਰਿਸਮਸ ਤੱਕ ਵੱਖ ਵੱਖ ਧਰਮਾਂ ਦੇ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਏ ਗਏ। ਇਸ ਮੌਕੇ ਬਾਇਡਨ ਸਰਕਾਰ 'ਚ ਰਾਸ਼ਟਰਪਤੀ ਦੇ ਸੀਨੀਅਰ ਸਲਾਹਕਾਰ ਨੀਰਾ ਟੰਡਨ ਅਤੇ ਸਰਜਨ ਜਨਰਲ ਡਾਕਟਰ ਵਿਵੇਕ ਮੂਰਤੀ ਸਮੇਤ ਹੋਰ ਸਿਖਰਲੇ ਅਧਿਕਾਰੀਆਂ ਨੇ ਭਾਰਤ ਦੇ 'ਅਨੇਕਤਾ 'ਚ ਏਕਤਾ' ਦੇ ਸੁਨੇਹੇ ਦਾ ਜ਼ਿਕਰ ਵੀ ਕੀਤਾ।

# ਪੰਜਾਬ ਦੇ ਗਰੀਬ ਕੈਂਸਰ ਮਰੀਜ਼ਾਂ ਲਈ 'ਮੁੱਖ ਮੰਤਰੀ ਕੈਂਸਰ ਰਾਹਤ ਕੋਸ਼' ਬਣਿਆ ਵਰਦਾਨ

**ਚੰਡੀਗੜ੍ਹ-** ਸੂਬੇ ਦੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਤਰਜੀਹ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਕੈਂਸਰ ਦੇ ਮਰੀਜ਼ਾਂ ਨੂੰ 13.54 ਕਰੋੜ ਰੁਪਏ ਦੀਆਂ ਮੁਫ਼ਤ ਇਲਾਜ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ। ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ 'ਮੁੱਖ ਮੰਤਰੀ ਕੈਂਸਰ ਰਾਹਤ ਕੋਸ਼' ਤਹਿਤ ਪੰਜਾਬ ਸਰਕਾਰ ਦੇ ਸੂਚੀਬੱਧ ਹਸਪਤਾਲਾਂ ਵਿੱਚ 1265 ਤੋਂ ਵੱਧ ਕੈਂਸਰ ਪੀੜਤਾਂ ਨੂੰ 13.54 ਕਰੋੜ ਰੁਪਏ ਦੀਆਂ ਮੁਫ਼ਤ ਇਲਾਜ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਿਹਤ ਅਧਿਕਾਰੀਆਂ ਨੂੰ ਸਰਕਾਰ ਦੀਆਂ ਸਿਹਤ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿੱਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ ਤਾਂ ਜੋ ਆਮ ਲੋਕ ਅਜਿਹੇ ਉਪਰਾਲਿਆਂ ਦਾ ਵੱਧ ਤੋਂ ਵੱਧ ਲਾਹਾ ਲੈ ਸਕਣ।



ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਪੰਜਾਬ ਵਿੱਚ ਕੈਂਸਰ ਦਾ ਪ੍ਰਕੋਪ ਬਹੁਤ ਜ਼ਿਆਦਾ ਹੈ ਅਤੇ ਇਸ ਦੇ ਇਲਾਜ ਵਿੱਚ ਬਹੁਤ ਜ਼ਿਆਦਾ ਖ਼ਰਚਾ ਆਉਂਦਾ ਹੈ ਅਤੇ ਸਾਡੇ ਸਮਾਜ ਦੇ ਗਰੀਬ ਵਰਗ ਦੇ ਮਰੀਜ਼ ਇਹ ਇਲਾਜ ਕਰਵਾਉਣ ਦੇ ਸਮਰੱਥ ਨਹੀਂ ਹਨ। ਉਨ੍ਹਾਂ ਦੱਸਿਆ ਕਿ ਗਰੀਬ ਵਰਗ ਦੇ ਮਰੀਜ਼ਾਂ ਦੀ ਜਾਨ ਬਚਾਉਣ ਲਈ ਇਹ ਸਕੀਮ ਵਰਦਾਨ ਸਾਬਤ ਹੋਈ ਹੈ ਕਿਉਂਕਿ ਇਹ ਮਰੀਜ਼ ਏਮਜ਼ ਦਿੱਲੀ, ਕੈਂਸਰ ਹਸਪਤਾਲ ਬੀਕਾਨੇਰ, ਪੀਜੀਆਈ ਚੰਡੀਗੜ੍ਹ, ਹੋਮੀ ਭਾਭਾ ਕੈਂਸਰ ਹਸਪਤਾਲ ਸੰਗਰੂਰ ਵਰਗੀਆਂ ਵੱਕਾਰੀ ਸੰਸਥਾਵਾਂ ਸਮੇਤ ਸੂਬਾ ਸਰਕਾਰ ਦੇ ਸੂਚੀਬੱਧ 19 ਹਸਪਤਾਲਾਂ ਵਿੱਚੋਂ ਕਿਸੇ ਵੀ ਹਸਪਤਾਲ ਵਿੱਚ 1.5 ਲੱਖ ਰੁਪਏ ਤੱਕ ਮੁਫ਼ਤ ਇਲਾਜ ਕਰਵਾ ਸਕਦੇ ਹਨ। ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਦਾ ਕੋਈ ਵੀ ਕੈਂਸਰ ਪੀੜਤ ਵਸਨੀਕ ਇਸ ਸਕੀਮ ਲਈ ਸਬੰਧਤ ਸਿਵਲ ਸਰਜਨ ਦੇ ਦਫ਼ਤਰ ਵਿਖੇ ਬਿਨੈ ਕਰ ਸਕਦਾ ਹੈ ਅਤੇ ਹੁਣ ਅਜਿਹੇ ਕੇਸਾਂ ਨੂੰ ਮਨਜ਼ੂਰੀ ਦੇਣ ਦੀ ਪ੍ਰਕਿਰਿਆ ਨੂੰ ਡਿਜੀਟਲ ਕਰ ਦਿੱਤਾ ਗਿਆ ਹੈ। ਲਾਭਪਾਤਰੀ ਆਪਣੀ ਅਰਜ਼ੀ ਦੀ ਸਥਿਤੀ ਨੂੰ ਆਨਲਾਈਨ ਟਰੈਕ ਕਰਨ ਲਈ www.mmpcrk.gov.in 'ਤੇ ਲਾਗਇਨ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕੈਂਸਰ ਦੇ ਮਰੀਜ਼ਾਂ ਨੂੰ ਇਲਾਜ ਕਰਵਾਉਣ ਲਈ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਮੁਫ਼ਤ ਯਾਤਰਾ ਦੀ ਸਹੂਲਤ ਦਿੱਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਹ ਸਕੀਮ ਸਰਕਾਰੀ ਕਰਮਚਾਰੀਆਂ, ਈਐਸਆਈ ਕਰਮਚਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ, ਕਿਸੇ ਵੀ ਕਿਸਮ ਦੀ ਮੈਡੀਕਲ ਰੀਇੰਬਰਸਮੈਂਟ ਵਾਲੇ ਮਰੀਜ਼ਾਂ ਜਾਂ ਕੈਂਸਰ ਕਵਰ ਵਾਲੇ ਸਿਹਤ ਬੀਮਾ ਧਾਰਕ ਮਰੀਜ਼ਾਂ 'ਤੇ ਲਾਗੂ ਨਹੀਂ ਹੋਵੇਗੀ।

# ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਅਤੇ ਸ਼੍ਰੋਮਣੀ ਗੁਰਸਿੱਖ ਕਵੀ ਸਭਾ ਵੱਲੋਂ ਪਿੰਡ ਕੋਟਲਾ ਮੱਝੇਵਾਲ ਵਿਖੇ ਯਾਦਗਾਰੀ ਕਵੀ ਦਰਬਾਰ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ), 23 ਨਵੰਬਰ, 2022 :** ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਅਤੇ ਸ਼੍ਰੋਮਣੀ ਗੁਰਸਿੱਖ ਕਵੀ ਸਭਾ ਦੇ ਸਾਂਝੇ ਉਪਰਾਲੇ ਨਾਲ ਪਿੰਡ ਕੋਟਲਾ ਮੱਝੇਵਾਲ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮ-ਰਪਿਤ ਪਹਿਲਾ ਮਹਾਨ ਕਵੀ ਦਰਬਾਰ ਕਰਵਾਇਆ ਗਿਆ। ਜਲੰਧਰ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਪ੍ਰਧਾਨ ਗੁਰਸਿੱਖ ਕਵੀ ਸਭਾ ਦੇ ਪ੍ਰੋਫੈਸਰ ਦਲਬੀਰ ਸਿੰਘ ਰਿਆੜ ਜੀ ਨੇ ਸਟੇਜ ਸੰਚਾਲਨ ਬਹੁਤ ਹੀ ਖੂਬ-ਸੂਰਤ ਢੰਗ ਨਾਲ ਕੀਤਾ। ਪਹੁੰਚੇ ਕਵੀਆਂ



ਜਾਪ ਕਰਾਕੇ ਕਵੀ ਦਰਬਾਰ ਦੀ ਅਰੰਭਤਾ ਕਰਵਾਈ ਗਈ। ਸਮੁੱਚੇ ਨਗਰ ਦੀ ਸੰਗਤ ਨੇ ਤਨ ਮਨ ਧੰਨ ਨਾਲ ਸਹਿਯੋਗ ਦਿੱਤਾ। ਪਿੰਡ ਦੇ ਨੌਜਵਾਨ ਕੁਲਵਿੰਦਰ ਸਿੰਘ, ਗੁਰਵਿੰਦਰ ਸਿੰਘ, ਗਗਨਦੀਪ ਸਿੰਘ, ਮਲਕੀਤ ਸਿੰਘ, ਸੁਖਵਿੰਦਰ ਸਿੰਘ, ਅਵਤਾਰ ਸਿੰਘ ਪੰਜਾਬ ਸਿੰਘ, ਕੇਵਲ ਸਿੰਘ, ਅਮਰਜੀਤ ਸਿੰਘ, ਸਿਮਰਜੀਤ ਸਿੰਘ, ਬਲਵਿੰਦਰ ਸਿੰਘ, ਲੱਖਵਿੰਦਰ ਸਿੰਘ ਤੇ

ਵਿੱਚ ਹਰਭਜਨ ਸਿੰਘ ਨਾਹਲ, ਕੁਲਦੀਪ ਸਿੰਘ ਦਰਾਜਕੇ, ਕੁਲਦੀਪ ਸਿੰਘ ਕਾਹਲੋਂ, ਮਲਕੀਤ ਸਿੰਘ ਵਰਪਾਲ, ਮਲਕੀਤ ਸਿੰਘ ਨਿਮਾਣਾ, ਮਲਕੀਤ ਸਿੰਘ ਸ਼ਾਮਨਗਰ, ਸਰਵਣ ਸਿੰਘ ਸ਼ਾਮ ਨਗਰ, ਹਰਦੇਵ ਸਿੰਘ, ਬੀਬੀ ਕੁਲਵੰਤ ਕੌਰ, ਭਾਈ ਰਵਿੰਦਰ ਸਿੰਘ, ਭਾਈ ਦਿਲਬਾਗ ਸਿੰਘ ਭੰਗਾਲੀ, ਹਰਮੀਤ ਕੌਰ ਮੀਤ, ਕੰਵਲਜੀਤ ਕੌਰ, ਸੰਦੀਪ ਸਿੰਘ ਮਹਿਮਾ ਆਦਿ ਨੇ ਖੂਬਸੂਰਤ ਕਵਿਤਾਵਾਂ ਰਾਹੀਂ ਸਮਾਗਮ ਦਾ ਸੁਹਣਾ ਰੰਗ ਬੰਨਿ-ਨ੍ਹਆ। ਇਸ ਮੌਕੇ ਮਲਕੀਤ ਸਿੰਘ ਵਰਪਾਲ ਜੀ ਦੇ ਲਿਖੇ ਦੋ ਕਿਤਾਬਚੇ 'ਸ਼ਹੀਦੀ ਪ੍ਰਵਾਨੇ' ਤੇ 'ਸ਼ਹੀਦੀ ਸਾਕਾ' ਵੀ ਰੀਲੀਜ਼ ਕੀਤੇ ਗਏ। ਪ੍ਰੋਗਰਾਮ ਵਿੱਚ ਗੁਰੂਦਵਾਰਾ ਟਾਹਲੀ ਸਾਹਿਬ ਭੰਗਾਲੀ ਤੋਂ ਮੁੱਖ ਸੇਵਾਦਾਰ ਬਾਬਾ ਜੀ ਮੋਹਣ ਸਿੰਘ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਜਿਨਾ ਨੇ ਸਮੂਹ ਕਵੀਆਂ ਦਾ ਸਨਮਾਨ ਕੀਤਾ।

ਪ੍ਰਧਾਨ ਨਿਰਮਲ ਕੌਰ ਕੋਟਲਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਕਵੀ ਦਰਬਾਰ ਦੀ ਖਾਸੀਅਤ ਇਹ ਰਹੀ ਕਿ ਛੋਟੇ ਬੱਚਿਆਂ ਕੋਲੋਂ ਮੂਲ ਮੰਤਰ ਦੇ ਭੁਪਿੰਦਰ ਸਿੰਘ ਨੇ ਬਾਹਰੋਂ ਆਈਆਂ ਸੰਗਤਾਂ ਦਾ ਸੁਆਗਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਸਭ ਕਵੀਆਂ ਨੂੰ ਸਰੋਪੇ ਅਤੇ ਸਨਮਾਨ ਨਾਲ ਨਿਵਾਜਿਆ ਗਿਆ।

ਕੁੱਲ ਮਿਲਾਕੇ ਆਪਣੀਆਂ ਯਾਦਗਾਰੀ ਪੈੜਾਂ ਛੱਡਦਾ ਹੋਇਆ ਸਮਾਗਮ ਸੰਪਨ ਹੋਇਆ।

# 2 ਰੋਜ਼ਾ '7ਵਾਂ ਖ਼ਾਲਸਾ ਕਾਲਜ ਯੂਥ ਫੈਸਟੀਵਲ-2022' ਅਭੁੱਲ ਯਾਦਾਂ ਛੱਡਦਾ ਹੋਇਆ ਸੰਪੰਨ











**ਅੰਮ੍ਰਿਤਸਰ, 16 ਨਵੰਬਰ–** ਵਿੱਦਿਅਕ ਅਦਾਰਿਆਂ 'ਚ ਕਲਾ ਮੰਚ ਇਕ ਅਜਿਹਾ ਮਹੱਤਵਪੂਰਨ ਸਥਾਨ ਹੈ, ਜੋ ਬੱਚਿਆਂ 'ਚ ਲੁਕੀ ਹੋਈ ਕਾਬਲੀਅਤ ਨੂੰ ਉਜਾਗਰ ਕਰਦਾ ਹੈ ਅਤੇ ਉਨ੍ਹਾਂ ਦੇ ਹੁਨਰ ਨੂੰ ਚਾਰ ਚੰਦ ਲਗਾਉਂਦਾ ਹੈ। ਇਸ ਲਈ ਸੰਸਥਾਵਾਂ 'ਚ ਸਮੇਂ ਸਮੇਂ 'ਤੇ ਵਿਦਿਆਰਥੀਆਂ ਦੀ ਕਲਾ ਦੀ ਪਰਖ ਲਈ ਅਜਿਹੀਆਂ ਪ੍ਰਤੀਯੋਗਤਾਵਾਂ ਅਤਿ ਲੋੜੀਂਦੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਇੱਥੇ ਖ਼ਾਲਸਾ ਕਾਲਜ ਫ਼ਾਰ ਵੂਮੈਨ ਵਿਖੇ 14 ਨਵੰਬਰ ਤੋਂ ਸ਼ੁਰੂ ਹੋਏ 2 ਰੋਜ਼ਾ '7ਵਾਂ ਖ਼ਾਲਸਾ ਕਾਲਜਜ਼ ਯੂਥ ਫੈਸਟੀਵਲ-2022' 'ਚ ਉਚੇਚੇ ਤੌਰ 'ਤੇ ਵਿਦਿਆਰਥੀਆਂ ਦੀ ਹੌਂਸਲਾ ਅਫ਼ਜਾਈ ਕਰਨ ਅਤੇ ਓਵਰ ਆਲ ਟਰਾਫ਼ੀ 'ਤੇ ਕਬਜ਼ਾ ਕਰਨ ਵਾਲੇ ਖ਼ਾਲਸਾ ਕਾਲਜ ਨੂੰ ਟਰਾਫ਼ੀ ਭੇਂਟ ਕਰਨ ਲਈ ਪੁੱਜੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਕੀਤਾ। ਜਦ ਕਿ ਖ਼ਾਲਸਾ ਕਾਲਜ ਫ਼ਾਰ ਵੂਮੈਨ ਫ਼ਸਟ ਰਨ-ਰਅੱਪ ਅਤੇ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੀਨਿਊ ਸੈਕਿੰਡ ਰਨਰਅੱਪ ਰਿਹਾ। ਖ਼ਾਲਸਾ ਕਾਲਜ ਮੈਨੇਜ਼ਮੈਂਟ ਅਧੀਨ ਚਲ ਰਹੇ 13 ਕਾਲਜਾਂ ਤੋਂ ਸੈਂਕੜੇ ਵਿਦਿਆਰਥੀਆਂ ਨੇ ਫੈਸਟੀਵਲ 'ਚ ਆਪਣੇ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਇਸ ਮੌਕੇ ਸ: ਛੀਨਾ ਨੇ ਕੌਂਸਲ ਦੇ ਜੁਆਇੰਟ ਸਕੱਤਰ ਸ: ਸੰਤੋਖ ਸਿੰਘ ਸੇਠੀ ਨਾਲ ਮਿਲ ਕੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਵਿਦਿਆਰਥੀਆਂ ਨੂੰ ਜਿੱਥੇ ਅਜਿਹੇ ਪ੍ਰੋਗਰਾਮਾਂ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕੀਤਾ, ਉਥੇ ਉਨ੍ਹਾਂ ਨੂੰ ਵਿੱਦਿਅਕ ਖੇਤਰ 'ਚ ਸ਼ਲਾਘਾਯੋਗ ਉਪਲਬੱਧੀਆਂ ਹਾਸਲ ਕਰਨ ਲਈ ਹੱਲ੍ਹਾਸ਼ੇਰੀ ਦਿੱਤੀ। ਉਕਤ ਫੈਸਟੀਵਲ ਜੋ ਅੱਜ ਆਪਣੀਆਂ ਮਿੱਠੀਆਂ ਯਾਦਾਂ ਦੀ ਖ਼ੁਸ਼ਬੂ ਬਿਖੇਰਦਾ ਹੋਇਆ ਸੰਪੰਨ ਹੋ ਗਿਆ, ਦਾ ਕੌਂਸਲ ਦੇ ਮੈਂਬਰ ਸ: ਸਰਬਜੀਤ ਸਿੰਘ ਹੁਸ਼ਿਆਰ ਨਗਰ ਦੁਆਰਾ ਸ਼ਮ੍ਹਾ ਰੌਸ਼ਨ ਕਰਕੇ ਅਗਾਜ਼ ਕੀਤਾ।

2 ਰੋਜ਼ਾ ਫੈਸਟੀਵਲ ਦੌਰਾਨ ਵਿਦਿਆਰਥੀਆਂ ਨੇ ਸ਼ਬਦ ਗਾਇਨ, ਭਜਨ, ਕਵੀਸ਼ਰੀ, ਗੀਤ-ਗਜ਼ਲ, ਫੋਕ ਸੋਂਗ, ਫੈਂਸੀ ਡਰੈੱਸ (ਪੰਜਾਬੀ ਪਹਿਰਾਵਾ), ਮਮਿਕਰੀ, ਮੋਨੋ ਐਕਟਿੰਗ, ਸਕਿੱਟ, ਰੰਗੋਲੀ, ਮਹਿੰਦੀ, ਫੁਲਕਾਰੀ, ਡਿਬੇਟ, ਕੁਇਜ਼, ਪੇਟਿੰਗ, ਪੋਸਟਰ ਮੇਕਿੰਗ, ਕਾਰਟੂਨਿੰਗ, ਕਲਾਜ, ਕਲੇਅ ਮਾਡਲਿੰਗ ਅਤੇ ਸਕਿੱਟ ਦੀ ਪੇਸ਼ਕਾਰੀ ਦਿੱਤੀ ਅਤੇ ਅਖ਼ਰੀਲੇ ਦਿਨ ਭੰਗੜਾ, ਗਿੱਧਾ, ਰਿਜ਼ਨਲ ਡਾਂਸ, ਕੁਇੱਜ਼ ਫਾਈਨਲ ਅਤੇ ਐਕਸ਼ਨ ਸਾਂਗ ਆਦਿ 'ਚ ਵਿਦਿਆਰਥੀਆਂ ਆਪਣੇ ਕਲਾ ਦਾ ਮੁਜ਼ਾਹਰਾ ਕੀਤਾ।

2 ਰੋਜ਼ਾ ਪ੍ਰੋਗਰਾਮ ਦੌਰਾਨ ਜੱਜ ਸਾਹਿਬਾਨਾਂ ਦੀ ਭੂਮਿਕਾ ਸ੍ਰੀ ਰਮੇਸ਼ ਭਗਤ, ਡਾ. ਰਾਜੇਸ਼ ਸ਼ਰਮਾ, ਸ੍ਰੀਮਤੀ ਸਤਿੰਦਰ ਪੁਖਰਾਜ, ਮਿਸ ਮਨਦੀਪ ਘਈ, ਮਿਸ ਅਮਨ ਬੱਲ, ਸ੍ਰੀ ਗੁਰਿੰਦਰ ਸਿੰਘ, ਡਾ. ਪਰਮਜੀਤ ਕੌਰ (ਮਾਝਾ ਕਾਲਜ ਤਰਨ ਤਾਰਨ), ਡਾ. ਬਲਜੀਤ ਸਿੰਘ, ਡਾ. ਪਰਮਜੀਤ ਕੌਰ (ਬੀ. ਬੀ. ਕੇ. ਡੀ. ਏ. ਵੀ. ਕਾਲਜ ਅੰਮ੍ਰਿਤਸਰ), ਸ: ਕੁਲਦੀਪ ਸਿੰਘ, ਸ੍ਰੀਮਤੀ ਮੋਨਿਕਾ ਸਲਾਰੀਆ, ਸ੍ਰੀ ਹਰੀਸ਼ ਵਰਮਾ, ਡਾ. ਰਿੰਪੀ ਅਗਰਵਾਲ, ਡਾ. ਹਰਿੰਦਰ ਕੌਰ ਸੋਹਲ, ਮਿਸ ਲਤਿਕਾ ਅਰੋੜਾ, ਮਿਸ ਕਵਲੀਨ ਭਿੰਡਰ, ਸ: ਰਾਜਬੀਰ ਸਿੰਘ, ਐਨ. ਐਸ. ਕੋਮਲ ਅਤੇ ਸ: ਅਮਰਿੰਦਰਜੀਤ ਸਿੰਘ ਵੱਲੋਂ ਨਿਭਾਈ ਗਈ।

ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਕਿਹਾ ਕਿ ਮੁਕਾਬਲੇ ਬਹੁਤ ਹੀ ਦਿਲਚਸਪ ਸਨ ਕਿਉਂਕਿ ਸਮੂਹ ਖ਼ਾਲਸਾ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਆਪਣਾ ਸੰਪੂਰਨ ਹੁਨਰ ਦਾ ਮੁਜ਼ਾਹਰਾ ਕੀਤਾ ਹੈ, ਇਸ ਲਈ ਇਹ ਮੁਕਾਬਲਾ ਇਕ ਤਰ੍ਹਾਂ ਨਾਲ ਚੈਂਪੀਅਨਸ ਦਾ ਮੁਕਾਬਲਾ ਬਣ ਕੇ ਰਹਿ ਗਿਆ ਹੈ। ਉਨ੍ਹਾਂ ਮੈਨੇਜ਼ਮੈਂਟ ਦੁਆਰਾ ਹਰੇਕ ਸਾਲ ਉਲੀਕੇ ਗਏ 'ਯੂਥ ਫੈਸਟੀਵਲ' ਸਬੰਧੀ ਧੰਨਵਾਦ ਕੀਤਾ।

ਇਸ ਮੌਕੇ ਖ਼ਾਲਸਾ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੀਨਿਊ ਪ੍ਰਿੰ: ਡਾ. ਸੁਰਿੰਦਰਪਾਲ ਕੌਰ ਢਿੱਲੋਂ, ਖ਼ਾਲਸਾ ਕਾਲਜ ਆਫ਼ ਲਾਅ ਪ੍ਰਿੰਸੀਪਲ ਡਾ. ਜਸਪਾਲ ਸਿੰਘ, ਡਾਇਰੈਕਟਰ ਡਾ. ਮੰਜੂ ਬਾਲਾ, ਪ੍ਰਿੰਸੀਪਲ ਡਾ. ਆਰ. ਕੇ. ਧਵਨ, ਪ੍ਰਿੰਸੀਪਲ ਨਾਨਕ ਸਿੰਘ, ਪ੍ਰਿੰਸੀਪਲ ਗੁਰਦੇਵ ਸਿੰਘ, ਪ੍ਰਿੰਸੀਪਲ ਡਾ. ਕੰਵਲਜੀਤ ਸਿੰਘ, ਪ੍ਰਿੰਸੀਪਲ ਕਮਲਜੀਤ ਕੌਰ ਤੋਂ ਇਲਾਵਾ ਕਾਲਜਾਂ ਦਾ ਸਟਾਫ਼ ਤੇ ਵਿਦਿਆਰਥੀ ਮੌਜ਼ੂਦ ਸਨ।

# ਖਾਲਸਾ ਕਾਲਜ ਇੰਜੀਨੀਅਰਿੰਗ ਵਿਖੇ 24 ਪੰਜਾਬ ਬਟਾਲੀਅਨ ਐਨ. ਸੀ. ਸੀ. ਦਾ ਸਲਾਨਾ ਸਿਖਲਾਈ ਕੈਂਪ ਦਾ ਅਗਾਜ਼







**ਅੰਮ੍ਰਿਤਸਰ–** ਖਾਲਸਾ ਕਾਲਜ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ 24 ਪੰਜਾਬ ਬਟਾਲੀਅਨ ਐਨ. ਸੀ. ਸੀ. ਅੰਮ੍ਰਿਤਸਰ ਦਾ ਸੰਯੁਕਤ ਸਲਾਨਾ ਸਿਖਲਾਈ ਕੈਂਪ ਦਾ ਅਗਾਜ਼ ਹੋਇਆ। ਜਿਸ ਕੈਂਪ 'ਚ ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ ਦੇ ਵੱਖ—ਵੱਖ ਕਾਲਜਾਂ ਅਤੇ ਸਕੂਲਾਂ ਦੇ ਲਗਭਗ 600 ਕੈਡਿਟ ਭਾਗ ਲੈ ਰਹੇ ਹਨ। ਇਸ ਮੌਕੇ ਗੱਲਬਾਤ ਕਰਦਿਆਂ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਨੇ ਦੱਸਿਆ ਕਿ ਇਸ 8 ਰੋਜ਼ਾਂ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਹਥਿਆਰ ਚਲਾਉਣ, ਸ਼ੂਟਿੰਗ ਰੇਂਜ ਆਦਿ ਸਬੰਧੀ ਸਿਖਲਾਈ ਲੈਣ ਦਾ ਮੌਕਾ ਮਿਲੇਗਾ। ਇਸ ਮੌਕੇ ਕਰਨਲ ਅਲੋਕ ਧੰਮੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨਾ ਸਿਰਫ ਫੌਜ ਦੀ ਸਿਖਲਾਈ ਬਾਰੇ ਜਾਣਕਾਰੀ ਦਿੱਤੀ ਜਾਵੇਗੀ, ਸਗੋਂ ਕੈਡਿਟਾਂ 'ਚ ਟੀਮ ਵਰਕ, ਅਨੁਸ਼ਾਸਨ, ਏਕਤਾ, ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ, ਰੁੱਖ ਲਗਾਉਣ ਦੀ ਮੁਹਿੰਮ, ਨਸ਼ਾ ਵਿਰੋਧੀ ਮੁਹਿੰਮ, ਪਾਣੀ ਸੰਭਾਲ ਪ੍ਰੋਗਰਾਮਾਂ ਵਰਗੇ ਕਈ ਸੈਸ਼ਨਾਂ ਦਾ ਆਯੋਜਨ ਕੀਤਾ ਗਿਆ ਹੈ। ਇਸ ਮੌਕੇ ਡਾ. ਬਾਲਾ ਨੇ ਕੈਂਪ ਲਈ ਕਮਾਂਡਿੰਗ ਅਫ਼ਸਰ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਕੈਂਪ ਜਿੱਥੇ ਵਿਦਿਆਰਥੀਆਂ ਨੂੰ ਵੱਖ—ਵੱਖ ਪਿਛੋਕੜ ਵਾਲੇ ਵਿਦਿਆਰਥੀਆਂ ਨਾਲ ਮੇਲ—ਮਿਲਾਪ ਦਾ ਮੌਕਾ ਪ੍ਰਦਾਨ ਕਰਦੇ ਹਨ, ਉੱਥੇ ਕੈਡਿਟਾਂ 'ਚ ਜ਼ਿੰਮੇਵਾਰੀ ਅਤੇ ਹਿੰਮਤ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਮੌਕੇ ਕੈਪਟਨ ਮਨੀਸ਼ ਅਤੇ ਸੀਟੀਓ ਅਕਰਸ਼ਨ ਉੱਪਲ ਅਤੇ ਹੋਰਨਾਂ ਕੇਅਰ ਟੇਕਰ ਅਫਸਰਾਂ ਨੇ ਕੈਡਿਟਾਂ ਨੂੰ ਅਜਿਹੇ ਕੈਂਪਾਂ ਦਾ ਹਿੱਸਾ ਬਣਨ ਲਈ ਉਤਸ਼ਾਹ ਅਤੇ ਪ੍ਰੇਰਿਤ ਕੀਤਾ।

## 7ਵਾਂ ਅੰਤਰਰਾਸ਼ਟਰੀ ਸਾਹਿਤਕ ਸਮਾਗਮ ਯਾਦਗਾਰੀ ਹੋ ਨਿਬੜਿਆ

# ਵਿਸ਼ਵ ਦੇ ਮਾਂ ਬੋਲੀ ਦੇ ਉਪਾਸਕ ਅਤੇ ਉੱਘੇ ਸਾਹਿਤਕਾਰਾਂ ਸਣੇ 5 ਦਰਜਨ ਦੇ ਕਰੀਬ ਪੰਜਾਬ ਦੇ ਸਾਹਿਤਕਾਰਾਂ ਨੇ ਲਿਆ ਹਿੱਸਾ

**ਰਾਜਪੁਰਾ, 21 ਨਵੰਬਰ (ਡਾ ਗੁਰਵਿੰਦਰ ਅਮਨ)–** ਲੋਕ ਸਾਹਿਤ ਸੰਗਮ ਰਾਜਪੁਰਾ ਵੱਲੋਂ ਪ੍ਰਧਾਨ ਡਾ ਗੁਰਵਿੰਦਰ ਅਮਨ, ਚੇਅਰਮੈਨ ਡਾ ਹਰਜੀਤ ਸਿੰਘ ਸੱਧਰ ਅਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਸੋਹਣਾ ਦੀ ਦੇਖ-ਰੇਖ ਵਿਚ 7ਵਾਂ ਅੰਤਰਰਾਸ਼ਟਰੀ ਸਾਹਿਤਕ ਸਮਾਗਮ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਐਸ ਡੀ ਐਮ ਡਾ ਸੰਜੀਵ ਕੁਮਾਰ ਨੇ ਕਰਵਾਈ। ਇਸ ਦੋਰਾਨ ਉਹਨਾਂ ਕਿਹਾ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਦਾ ਦਿਲੋਂ ਸਤਕਾਰ ਕਰਦਾ ਹਾਂ ਤੇ ਉਹਨਾਂ ਦੇਸ਼ ਅਤੇ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੂੰ ਆਪਣੇ ਬੱਚਿਆਂ ਨਾਲ ਘਰ ਵਿਚ ਪੰਜਾਬੀ ਬੋਲਣ ਤੇ ਸਿਖਾਉਣ ਲਈ ਪ੍ਰੇਰਿਆ। ਸਮਾਗਮ 'ਚ ਵਿਸ਼ੇਸ਼ ਤੋਰ ਤੇ ਦੇਸ਼ ਅਤੇ ਵਿਦੇਸ਼ ਤੋਂ ਪਹੁੰਚੇ ਅਜਾਇਬ ਸਿੰਘ ਚੱਠਾ ਚੇਅਰਮੈਨ ਵਿਸ਼ਵ ਪੰਜਾਬੀ ਕਾਨਫਰੰਸ ਕੈਨੇਡਾ, ਡਾ ਸਰਬਜੀਤ ਸਿੰਘ ਮੁਖੀ ਅਤੇ ਪ੍ਰੋਫੈਸਰ ਪੰਜਾਬੀ ਅਧਿਐਨ ਵਿਭਾਗ ਪੰਜਾਬ ਯੁਨੀਵਰਸਿਟੀ ਚੰਡੀਗੜ੍ਹ, ਡਾ ਗੁਰਮਿੰਦਰ ਸਿੱਧੂ ਵਿਸ਼ਵ ਪ੍ਰਸਿੱਧ ਕਵਿੱਤਰੀ ਕੈਨੇਡਾ, ਪਰਮਿੰਦਰ ਪ੍ਰਵਾਨਾ ਪ੍ਰਧਾਨ ਸਾਂਝਾਂ ਸਭਿਆਚਾਰਕ ਮੰਚ ਅਮਰੀਕਾ, ਹਰਭਜਨ ਸਿੰਘ ਬਰਾੜ ਪ੍ਰਧਾਨ ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਉਡੇਸ਼ਨ ਕੈਨੇਡਾ, ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਅਜੈ ਭਟੇਜਾ ਪ੍ਰਧਾਨ ਰੋਟਰੀ ਕਲੱਬ ਸਮੇਤ 5 ਦਰਜਨ ਦੇ ਕਰੀਬ ਸਹਿਤਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਸਮਾਗਮ ਦਾ ਅਗਾਜ਼ ਕਰਮ ਸਿੰਘ ਹਕੀਰ ਨੇ ਆਪਣੇ ਗੀਤ ਨਾਲ ਕੀਤਾ ਤੇ ਫੇਰ ਇਕ ਤੋਂ ਬਾਅਦ ਇਕ ਕਰੀਬ 5 ਦਰਜਨ ਦੇ ਕਰੀਬ ਸਹਿਤਕਾਰਾਂ, ਕਵੀਆਂ ਨੇ ਆਪੋ ਆਪਣੀਆਂ ਰਚਨਾਵਾਂ ਸੁਣਾ ਕੇ ਵਾਹ-ਵਾਹ ਖੱਟੀ ਤੇ ਦਰਸ਼ਕਾਂ ਨੂੰ ਕੀਲ ਕੇ ਰਖ ਦਿਤਾ ।ਇਸ ਮੋਕੇ ਪ੍ਰਸਿੱਧ ਪੰਜਾਬੀ ਦੇ ਗਾਇਕ ਪਾਲੀ ਦੇਤਵਾਲੀਆ ਅਤੇ ਉਘੀ ਗਾਇਕਾ ਗੁਲਸ਼ਨ ਕੋਮਲ ਦਾ ਫੁੱਲਾਂ ਦੇ ਗੁਲਦਸਤੇ ਅਤੇ ਸ਼ਾਲ ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਦੋਰਾਨ ਦੋਵੇਂ ਗਾਇਕਾਂ ਨੇ ਆਪਣੇ ਗੀਤ ਵੀ ਸੁਣਾ ਕੇ ਦਰਸ਼ਕਾਂ ਦਾ ਮਨ ਮੋਹ ਲਿਆ।

ਇਸ ਮੋਕੇ ਸੁਰਿੰਦਰ ਗਿੱਲ ਚੰਡੀਗੜ੍ਹ, ਡਾ ਅਮਰਜੀਤ ਕੌਂਕੇ, ਗੁਰਦਰਸ਼ਨ ਗੁਸੀਲ, ਡਾ ਰਤਨ ਸਿੰਘ ਢਿੱਲੋਂ, ਡਾ ਸੁਰੇਸ਼ ਨਾਇਕ, ਹਰਜਿੰਦਰ ਕੌਰ ਸੱਧਰ, ਡਾ ਹਰਜੀਤ ਸਿੰਘ ਸੱਧਰ, ਦਰਸ਼ਨ ਸਿੰਘ ਆਸ਼ਟ, ਡਾ ਗੁਰਮਿੰਦਰ ਸਿੱਧੂ, ਸਰਬਜੀਤ ਸਿੰਘ ਵਿਰਦੀ,ਡਾ ਅਮਨਪ੍ਰੀਤ ਕੌਰ ਕੰਗ, ਸੁਰਿੰਦਰ ਕੌਰ ਬਾੜਾ, ਅਮਰਜੀਤ ਸਿੰਘ ਵੜੈਚ ਸਾਬਕਾ ਡਾਇਰੈਕਟਰ ਆਲ ਇੰਡੀਆ ਰੇਡੀਓ, ਕੀਰਤ ਸਿੰਘ ਤਪੀਆ, ਸੁਰਿੰਦਰ ਭੋਗਲ, ਸੰਤ ਸਿੰਘ ਸੋਹਲ, ਸੁਰਿੰਦਰ ਸੋਹਣਾ, ਅਮਰਜੀਤ ਸਿੰਘ ਮੋਰਿੰਡਾ, ਤੇ ਲੋਕ ਸਾਹਿਤ ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਸਮੇਤ 5 ਦਰਜਨ ਦੇ ਕਰੀਬ ਕਵੀਆਂ, ਗੀਤਕਾਰਾਂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਲੋਕਾਂ ਨੂੰ ਕੀਲ ਕੇ ਰੱਖਿਆ। ਸਮਾਗਮ ਦੇ ਅੰਤ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਦੇ ਚੇਅਰਮੈਨ ਅਜਾਇਬ ਸਿੰਘ ਚੱਠਾ ਸਮੇਤ ਦੇਸ਼ ਵਿਦੇਸ਼ਾਂ ਤੋਂ ਆਏ ਪ੍ਰਧਾਨਗੀ ਮੰਡਲ ਤੇ ਉੱਘੇ ਸਾਹਿਤਕਾਰਾਂ ਨੇ ਇਸ ਸਮਾਗਮ ਦਾ ਭਰਪੂਰ ਸ਼ਲਾਘਾ ਕਰਦੇ ਹੋਏ ਕਿਹਾ ਕਿ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਜਿਹੇ ਸਮਾਗਮ ਦੇਸ਼ਾਂ-ਵਿਦੇਸ਼ਾਂ ਵਿਚ ਹੁੰਦੇ ਰਹਿਣੇ ਚਾਹੀਦੇ ਹਨ।ਇਸ ਦੋਰਾਨ ਬਲਦੇਵ ਸਿੰਘ ਖੁਰਾਣਾ, ਜਿਨ੍ਹਾਂ ਨੇ ਸਮਾਗਮ ਦੇ ਸ਼ੁਰੂ ਤੋਂ ਅੰਤ ਤਕ ਸਟੇਜ ਸਕੱਤਰ ਦੀ ਸੇਵਾ ਆਪਣੀਆਂ ਉੱਚ ਮਿਆਰੀ ਰਚਨਾਵਾਂ ਤੇ ਟੋਟਕੇ ਸੁਣਾ ਕੇ ਨਿਭਾਈ। ਇਸ ਦੋਰਾਨ ਕੁਲਵੰਤ ਜੱਸਲ, ਅਵਤਾਰ ਪੁਆਰ, ਸ਼ਤਰੂਘਣ ਗੁਪਤਾ, ਸੁਨੀਤਾ ਰਾਣੀ, ਕੁਲਵੰਤ ਸ਼ਰਮਾ, ਕਰਨੈਲ ਸਿੰਘ ਪ੍ਰਵਾਨਾ, ਸੁਰੇਸ਼ ਕੱਕੜ ਸਮੇਤ ਹੋਰ ਸੰਗਮ ਦੇ ਮੈਂਬਰਾਂ ਨੇ ਆਪਣੀਆਂ ਸੇਵਾਵਾਂ ਨਿਭਾਈਆਂ।

# ਅਜ਼ਾਦੀ ਦੇ 75 ਸਾਲਾਂ ਬਾਦ ਵੀ ਵੱਖ ਵੱਖ ਧਰਮਾਂ ਵਿੱਚ ਦਲਿਤਾਂ ਨਾਲ ਹੋ ਰਹੇ ਵਿਤਕਰੇ ਅਤੇ ਵਾਪਰਦੀਆਂ ਅਤਿੱਆਚਾਰਾਂ ਦੀਆਂ ਘਟਨਾਵਾਂ ਗੰਭੀਰ ਚਿੰਤਾ ਦਾ ਵਿਸ਼ਾ ਬਣੀਆਂ



ਕੁਲਦੀਪ ਚੰਦ
91-9417563054

ਭਾਰਤ ਵਿੱਚ ਰਹਿਣ ਵਾਲੇ ਬਹੁਤੇ ਦਲਿਤ ਜਿਨ੍ਹਾਂ ਨੂੰ ਵੱਖ ਵੱਖ ਨਾਮ ਜਿਵੇਂ ਦਲਿਤ, ਮੂਲਨਿਵਾਸੀ, ਆਦਿਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ ਨੂੰ ਅੰਗਰੇਜੀ ਹਕੂਮਤ ਵੇਲੇ ਦੱਬੇ ਕੁਚਲੇ ਨਾਮ ਦਿਤਾ ਗਿਆ ਅਤੇ ਭਾਰਤ ਸਿੰਵਿਧਾਨ ਵਿੱਚ ਅਨੁਸੂਚਿਤ ਜਾਤਾਂ ਦਾ ਦਰਜ ਾਦਿਤਾ ਗਿਆ ਹੈ। ਚਾਰ ਵਰਣਾਂ ਵਿੱਚ ਸ਼ੂਦਰਾਂ ਨੂੰ ਸਭ ਤੋਂ ਹੇਠਾਂ ਮੰਨਿਆ ਗਿਆ ਹੈ। ਇਹ ਵੀ ਕੌੜਾ ਸੱਚ ਹੈ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਕੁੱਝ ਜਾਤਾਂ ਨੂੰ ਅਛੂਤ ਕਿਹਾ ਜਾਂਦਾ ਸੀ ਅਤੇ ਇਨ੍ਹਾਂ ਜਾਤਾਂ ਤੇ ਕਈ ਤਰਾਂ ਦੀਆਂ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਪਾਬੰਦੀਆਂ ਲਗਾਈਆਂ ਗਈਆਂ ਸਨ ਜਿਨ੍ਹਾਂ ਕਾਰਨ ਇਨ੍ਹਾਂ ਜਾਤਾਂ ਨਾਲ ਸਬੰਧਿਤ ਬਹੁਤੇ ਵਿਅਕਤੀਆਂ ਦਾ ਜੀਵਨ ਜਾਨਵਰਾਂ ਤੋਂ ਵੀ ਭੈੜਾ ਰਿਹਾ ਹੈ। ਇਤਿਹਾਸਕ ਤੋਰ ਤੇ ਇਹ ਲੋਕ ਹਿੰਦੂ ਧਰਮ ਨਾਲ ਜੁੜ੍ਹੇ ਰਹੇ ਹਨ ਅਤੇ ਵੱਖ ਵੱਖ ਸਮਿਆਂ ਤੇ ਇਨ੍ਹਾਂ ਵਿਚੋਂ ਕੁੱਝ ਲੋਕ ਹਿੰਦੂ ਧਰਮ ਨੂੰ ਛੱਡਕੇ ਦੂਜੇ ਧਰਮਾਂ ਵਿਚ ਗਏ ਹਨ। ਮੋਜੂਦਾ ਸਮੇਂ ਵੀ ਬਹੁਤੇ ਦਲਿਤ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਹਿੰਦੂ ਧਰਮ ਵਿੱਚ ਹੀ ਵਿਸ਼ਵਾਸ ਰੱਖਦੇ ਹਨ। ਭਾਰਤ ਦੀ ਜਨਸੰਖਿਆ ਬਾਰੇ ਪ੍ਰਾਪਤ ਅੰਕੜਿਆਂ ਅਨੁਸਾਰ ਦੇਸ਼ ਵਿੱਚ ਲੱਗਭੱਗ 240 ਮਿਲੀਅਨ ਤੋਂ ਵੱਧ ਦਲਿਤ ਲੋਕ ਰਹਿੰਦੇ ਹਨਅਤੇ ਇਨ੍ਹਾਂ ਦੀ ਬਹੁਤੀ ਅਬਾਦੀ ਪਿੰਡਾਂ ਵਿੱਚ ਹੀ ਰਹਿੰਦੀ ਹੈ। ਦੇਸ ਦੀ ਜਨਗਣਨਾ ਵਿੱਚ ਅਪਣੇ ਆਪ ਨੂੰ ਹਿੰਦੂ, ਸਿੱਖ ਅਤੇ ਬੋਧੀ ਲਿਖਵਾਉਣ ਵਾਲੇ ਅਨੁਸੂਚਿਤ ਜਾਤੀ ਦਲਿਤਾਂ ਨੂੰ ਹੀ ਵਖਰਾ ਗਿਣਿਆ ਗਿਆ ਹੈ ਜਦਕਿ ਬਾਕੀ ਇਸਾਈ, ਮੁਸਲਿਮ ਅਤੇ ਹੋਰ ਕਿਸੇ ਧਰਮ ਨੂੰ ਮੰਨਣ ਵਾਲਿਆਂ ਦੀ ਵੱਖਰੀ ਗਿਣਤੀ ਨਹੀਂ ਕੀਤੀ ਗਈ ਹੈ। ਜੇਕਰ ਭਾਰਤ ਵਿੱਚ ਅਬਾਦੀ ਅਨੁਸਾਰ ਵੇਖਿਆ ਜਾਵੇ ਤਾਂ ਸਭ ਤੋਂ ਵੱਧ ਜਨਸੰਖਿਆ ਲੱਗਭੱਗ 80.5 ਫਿਸਦੀ ਹਿੰਦੂ ਧਰਮ ਨੂੰ ਮੰਨਣ ਵਾਲਿਆਂ ਦੀ ਹੈ, ਇਸਤੋਂ ਬਾਦ ਇਸਲਾਮ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਲੱਗਭੱਗ 13.4 ਫਿਸਦੀ ਹੈ, ਇਸਾਈ ਧਰਮ ਨਾਲ ਸਬੰਧਿਤ ਲੋਕਾਂ ਦੀ ਜਨਸੰਖਿਆ ਲੱਗਭੱਗ 2.3 ਫਿਸਦੀ ਹੈ, ਸਿੱਖ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਲੱਗਭੱਗ 1.9 ਫਿਸਦੀ ਹੈ, ਬੋਧੀਆਂ ਦੀ ਗਿਣਤੀ 0.8 ਫਿਸਦੀ ਹੈ, ਜੈਨ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਲੱਗਭੱਗ 0.4 ਫਿਸਦੀਹੈ। ਇਸਤੋਂ ਇਲਾਵਾ ਕੁੱਝ ਲੋਕ ਕਿਸੇ ਵੀ ਵਿਸ਼ੇਸ ਧਰਮ ਨੂੰ ਨਹੀਂ ਮੰਨਦੇ ਹਨ ਜਾਂ ਫਿਰ ਅਪਣੀ ਮਰਜ਼ੀ ਨਾਲ ਹੋਰ ਧਰਮਾਂ ਨੂੰ ਮੰਨਦੇ ਹਨ। ਦਲਿਤ ਇਸ ਦੇਸ਼ ਵਿੱਚ ਜਦੋਂ ਮੁਗਲਾਂ ਨੇ ਕਬਜਾ ਕੀਤਾ ਤਾਂ ਇਨ੍ਹਾਂ ਦਲਿਤਾਂ ਵਿਚੋਂ ਕਈਆਂ ਨੇ ਹਿੰਦੂ ਧਰਮ ਛੱਡ ਕੇ ਮੁਸਲਿਮ ਧਰਮ ਅਪਣਾ ਲਿਆ। ਜਦੋਂ ਦੇਸ਼ ਵਿੱਚ ਅੰਗਰੇਜੀ ਹਕੂਮਤ ਆਈ ਤਾਂ ਦੇਸ਼ ਦੇ ਦਲਿਤਾਂ ਨੂੰ ਕਾਫੀ ਰਾਹਤ ਮਿਲੀ। ਵੱਡੀ ਗਿਣਤੀ ਵਿੱਚ ਦਲਿਤਾਂ ਨੇ ਹਿੰਦੂ ਧਰਮ ਨੂੰ ਤਿਆਗ ਕੇ ਇਸਾਈ ਧਰਮ ਅਪਣਾ ਲਿਆ। ਦਲਿਤਾਂ ਦੀ ਇਸ ਵਿਗੜਦੀ ਦਸ਼ਾ ਵਿੱਚ ਕੁੱਝ ਬਦਲਾਓ ਆਇਆ ਅਤੇ ਵਿਕਾਸ ਹੋਇਆ ਪਰੰਤੂ ਇਹ ਬਦਲਾਓ ਅਤੇ ਵਿਕਾਸ ਕੁੱਝ ਕੁ ਲੋਕਾਂ ਤੱਕ ਹੀ ਸੀਮਿਤ ਰਿਹਾ ਅਤੇ ਬਹੁਤੇ ਲੋਕਾਂ ਦਾ ਜੀਵਨ ਖਸਤਾ ਹਾਲਤ ਵਿੱਚ ਹੀ ਰਿਹਾ ਹੈ। ਕਈ ਦਲਿਤ ਅੰਗਰੇਜ ਹਕੂਮਤ ਵਿੱਚ ਸਰਕਾਰੀ ਨੌਕਰੀਆਂ ਕਰਨ ਲੱਗ ਪਏ ਜਿਸ ਨਾਲ ਦਲਿਤ ਪਿੰਡ ਛੱਡ ਕੇ ਨਗਰਾਂ ਵਿੱਚ ਰਹਿਣ ਲੱਗ ਪਏ। ਇਸਾਈ ਮਿਸ਼ਨਰੀਆਂ ਵਲੋਂ ਖੋਲੇ ਗਏ ਵਿੱਦਿਅਕ ਅਦਾਰਿਆਂ ਵਿੱਚ ਦਲਿਤਾਂ ਨੂੰ ਪੜ੍ਹਾਈ ਦਾ ਅਧਿਕਾਰ ਮਿਲ ਗਿਆ ਜਿਸ ਨਾਲ ਉਨ੍ਹਾਂ ਦਾ ਵਿਕਾਸ ਹੋਣਾ ਸੁਰੂ ਹੋ ਗਿਆ ਅਤੇ ਇਨ੍ਹਾਂ ਵਿੱਚੋਂ ਬਹੁਤੇ ਦਲਿਤਾਂ ਨੇ ਅਪਣੇ ਜਾਤ ਅਧਾਰਿਤ ਧੰਦਿਆਂ ਨੂੰ ਤਿਆਗ ਦਿਤਾ। ਸਾਲ 1894 ਤੋਂ 1922 ਤੱਕ ਕੋਹਲਾਪੁਰ ਦੇ ਰਾਜਾਰਹੇ ਛੱਤਰਪਤੀ ਸਾਹੂ ਜੀ ਮਹਾਰਾਜ ਨੇ ਸਿੱਖਿਆ ਦੇ ਦੁਆਰ ਸਭ ਲਈ ਖੋਲ ਦਿਤੇ ਅਤੇ ਨੌਕਰੀਆਂ ਵਿੱਚ 50 ਫਿਸਦੀ ਰਾਖਵਾਂਕਰਣ ਗਰੀਬ ਕਮਜੋਰ ਵਰਗਾਂ ਲਈ ਕਰ ਦਿਤਾ। ਮੰਨੂਵਾਦੀ ਸੋਚ ਰੱਖਣ ਵਾਲੇ ਲੋਕਾਂ ਦੇ ਭਾਰੀ ਵਿਰੋਧ ਦੇ ਬਾਬਜੂਦ ਫੂਲੇ ਪਰਿਵਾਰ ਨੇ ਇਨ੍ਹਾਂ ਵਰਗਾਂ ਲਈ ਵਿਦਿਅੱਕ ਅਦਾਰੇ ਚਲਾਏ। ਸਾਲ 1891 ਵਿੱਚ ਪੈਦਾ ਹੋਏ ਦਲਿਤਾਂ ਦੇ ਨਾਇਕ ਡਾਕਟਰ ਭੀਮ ਰਾਓ ਅੰਬੇਡਕਰ ਨੇ ਬੜੌਦਾ ਮਹਾਰਾਜਾ ਸਿਆਈ ਜੀਓ ਗਾਇਕਵਾੜ ਵਲੋਂ ਚਲਾਈ ਜਾ ਰਹੀ ਵਜੀਫਾ ਯੋਜਨਾ ਨਾਲ ਵਿਦੇਸ਼ਾਂ ਵਿੱਚ ਪੜ੍ਹਾਈ ਕੀਤੀ। ਡਾਕਟਰ ਅੰਬੇਡਕਰ ਜਿਨ੍ਹਾਂ ਨੂੰ ਸਿਖਿੱਆ ਪ੍ਰਪਤ ਕਰਨ ਵਿੱਚ ਕਈ ਔਕੜ੍ਹਾਂ ਦਾ ਸਾਹਮਣਾ ਕਰਨਾ ਪਿਆ ਸੀ ਨੇ ਅਪਣੀ ਸਿੱਖਿਆ ਨੂੰ ਹੀ ਹਥਿਆਰ ਬਣਾ ਕੇ ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦੇ ਜੀਵਨ ਵਿੱਚ ਕਰਾਂਤੀਕਾਰੀ ਬਦਲਾਓ ਲਿਆਉਣ ਲਈ ਕੰਮ ਕੀਤਾ।




ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਮੂਗੋਵਾਲ ਵਿੱਚ 14 ਜਨਵਰੀ, 1886 ਨੂੰ ਪੈਦਾ ਹੋਏ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲ ਨੇ ਅਪਣੇ ਪਿੰਡ ਵਿੱਚ ਅਛੂਤਾਂ ਦੇ ਬੱਚਿਆਂ ਲਈ ਪਹਿਲਾ ਸਕੂਲ ਖੋਲਿਆ ਅਤੇ ਸਰਕਾਰ ਦੀ ਮੱਦਦ ਨਾਲ 80 ਦਲਿਤ ਅਧਿਆਪਕ ਤਿਆਰ ਕੀਤੇ ਤਾਂ ਜੋ ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਦਲਿਤਾਂ ਨੂੰ ਸਿੱਖਿਆ ਮਿਲ ਸਕੇ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਹੀ 11-12 ਜੂਨ 1926 ਨੂੰ ਪਿੰਡ ਮੂਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ ਵੱਖ-ਵੱਖ ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਜਿਸ ਵਿੱਚ ਅਛੂਤਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਟਾਦਰਾ ਕੀਤਾ ਗਿਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦ ਧਰਮ ਅਪਣਾਉਣਗੇ। ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ ਅਤੇ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਸਾਲ 1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋ ਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਡਾਕਟਰ ਅੰਬੇਡਕਰ ਨੇ ਹਿੰਦੂ ਧਰਮ ਨੂੰ ਦਲਿਤਾਂ ਦੇ ਵਿਕਾਸ ਵਿੱਚ ਰੋੜ੍ਹਾਮੰਨਕੇ ਹੀ ਅਪਣਾ ਧਰਮ ਬਦਲਣ ਦਾ ਫੈਸਲਾ ਕੀਤਾ ਅਤੇ ਅਖੀਰ 13 ਅਕਤੂਬਰ 1956 ਨੂੰ ਅਪਣੇ ਲੱਖਾਂ ਸਾਥੀਆਂ ਨਾਲ ਬੁੱਧ ਧਰਮ ਅਪਣਾਇਆ। ਅੱਜ ਵੀ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਦਲਿਤਾਂ ਵਲੋਂ ਵੱਡੇ ਪੱਧਰ ਤੇ ਹਿੰਦੂ ਧਰਮ ਛੱਡਕੇ ਧਰਮ ਬਦਲਣ ਦੀਆਂ ਖਬਰਾਂ ਵੇਖਣ ਨੂੰ ਮਿਲਦੀਆਂ ਹਨ। ਸਾਡੇ ਦੇਸ਼ ਵਿੱਚ ਦਲਿਤਾਂ ਨਾਲ ਹੋਣ ਵਾਲੇ ਵਿਤਕਰੇ ਅਤੇ ਅੱਤਿਆਚਾਰਾਂ ਲਈ ਮੁੱਖ ਤੋਰ ਤੇ ਹਿੰਦੂ ਧਰਮਅਤੇ ਮੰਨੂਵਾਦੀ ਪ੍ਰਥਾ ਨੂੰ ਹੀ ਜਿੰਮੇਵਾਰ ਮੰਨਿਆ ਜਾਂਦਾ ਹੈ ਜਦਕਿ ਹਕੀਕਤ ਇਹ ਹੈ ਕਿ ਬਾਕੀ ਧਰਮਾਂ ਵਿੱਚ ਵੀ ਦਲਿਤ ਪੂਰੀ ਤਰਾਂ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਨੂੰ ਬਰਾਬਰ ਮਾਣ ਸਨਮਾਨ ਨਹੀਂ ਮਿਲਦਾ ਹੈ। ਪੰਜਾਬ ਸਮੇਤ ਨਾਲ ਲੱਗਦੇ ਇਲਾਕਿਆਂ ਵਿੱਚ ਦਲਿਤ ਵੱਡੀ ਗਿਣਤੀ ਵਿੱਚ ਸਿੱਖ ਧਰਮ ਨੂੰ ਮੰਨਦੇ ਹਨਅਤੇ ਇਹ ਵੀ ਕੌੜਾ ਸੱਚ ਹੈ ਕਿ ਪੰਜਾਬ ਵਿੱਚ ਵੀਅਕਸਰ ਹੀ ਜਾਤ ਅਧਾਰਿਤ ਵਿਤਕਰੇ ਦੀਆਂ ਘਟਨਾਵਾਂ ਵੇਖਣ ਨੂੰ ਮਿਲਦੀਆਂ ਹਨ ਅਤੇ ਬਹੁਤੀਆਂ ਥਾਵਾਂ ਤੇ ਜਾਤ ਅਧਾਰਿਤ ਗੁਰੂਦੁਆਰੇ ਅਤੇ ਸ਼ਮਸਾਨ ਘਾਟ ਇਸ ਧਰਮ ਵਿੱਚ ਫੈਲ ਰਹੀ ਗੈਰ ਬਰਾਬਰੀ ਦੀ ਵੱਡੀ ਉਦਾਹਰਣ ਹਨ। ਇਸਾਈ ਧਰਮ ਅਤੇ ਇਸਲਾਮ ਧਰਮ ਵਿੱਚ ਜਾਣ ਵਾਲੇ ਦਲਿਤ ਵੀ ਅਪਣੀ ਜਾਤ ਦੀ ਪਹਿਚਾਣ ਖਤਮ ਨਹੀਂ ਕਰ ਸਕੇ ਹਨ ਅਤੇ ਬਰਾਬਰਤਾ ਹਾਸਲ ਨਹੀਂ ਕਰ ਸਕੇ ਹਨ। ਜੇਕਰ ਡਾਕਟਰ ਅੰਬੇਡਕਰ ਵਲੋਂ ਲੱਖਾਂ ਸਾਥੀਆਂ ਨਾਲ ਅਪਣਾਏ ਗਏ ਬੁੱਧ ਧਰਮ ਦੀ ਗੱਲ ਕਰੀਏ ਤਾਂ ਇਸ ਧਰਮ ਦੇ ਵੀ ਕਈ ਰੂਪ ਵੇਖਣ ਨੂੰ ਮਿਲਦੇ ਹਨ ਅਤੇ ਕਈ ਵਾਰ ਇਸ ਧਰਮ ਵਿੱਚ ਵੀ ਮੰਨੂਵਾਦੀ ਪ੍ਰਥਾਵਾਂ ਨਜਰ ਆਂਦੀਆਂ ਹਨ। 1926 ਵਿੱਚ ਸਥਾਪਿਤ ਹੋਇਆ ਆਦ ਧਰਮ ਜਿਸ ਵਿੱਚ ਭਾਰਤ ਦੇ ਕਈ ਸੂਬਿਆਂ ਦੇ ਦਲਿਤ ਸਾਮਿਲ ਸਨ ਅਤੇ 1931 ਦੀ ਜਨਗਣਨਾ ਵੇਲੇ ਦੂਜੇ ਧਰਮਾਂ ਦੇ ਆਗੂਆਂ ਦੇ ਭਾਰੀ ਵਿਰੋਧ ਦੇ ਬਾਬਜੂਦ ਉਸ ਵੇਲੇ ਦੇ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਦਲਿਤਾਂ ਨੇ ਅਪਣਾ ਧਰਮ ਆਦ ਧਰਮ ਲਿਖਾਇਆ ਸੀ ਅਜਾਦ ਭਾਰਤ ਵਿੱਚ ਅਪਣੀ ਖਾਸ ਪਹਿਚਾਣ ਕਾਇਮ ਨਹੀਂ ਰੱਖ ਸਕਿਆ ਹੈ। ਪਿਛਲੇ ਕੁੱਝ ਸਾਲਾਂ ਤੋਂ ਕਈ ਆਗੂ ਇਸ ਆਦ ਧਰਮ ਦੀ ਪਚਿਾਣ ਬਣਾਉਣ ਲਈ ਕੰਮ ਕਰ ਰਹੇ ਹਨ ਪਰ ਅਜੇ ਤੱਕ ਕੋਈ ਖਾਸ ਨਤੀਜੇ ਨਜਰ ਨਹੀਂ ਆ ਰਹੇ ਹਨ। ਪਿਛਲੇ ਕੁੱਝ ਸਾਲਾਂ ਤੋਂ ਪੰਜਾਬ ਦੇ ਕੁੱਝ ਇਲਾਕਿਆਂ ਵਿੱਚ ਦਲਿਤਾਂ ਵਿਸ਼ੇਸ਼ ਤੋਰ ਤੇ ਗੁਰੂ ਰਵਿਦਾਸ ਨੂੰ ਮੰਨਣ ਵਾਲੇ ਲੋਕਾਂ ਨੂੰ ਰਵਿਦਾਸੀਆ ਧਰਮ ਨਾਲ ਜੋੜ੍ਹਣ ਦੀ ਕੋਸਿਸ਼ ਕੀਤੀ ਜਾ ਰਹੀ ਹੈ। ਜਨਗਣਨਾ ਵਿਭਾਗ ਅਨੁਸਾਰ ਜਿਹੜੇ ਦਲਿਤ ਅਪਣਾ ਧਰਮ ਹਿੰਦੂ, ਬੁੱਧ ਅਤੇ ਸਿੱਖ ਤੋਂ ਇਲਾਵਾ ਕੋਈ ਹੋਰ ਧਰਮ ਲਿਖਾਉਣਗੇ ਉਨ੍ਹਾਂ ਨੂੰ ਅਨੁਸੂਚਿਤ ਜਾਤੀ ਵਾਲੇ ਲਾਭ ਨਹੀਂ ਮਿਲਣਗੇ। ਇਸ ਤਰਾਂ ਕੁੱਲ ਮਿਲਾਕੇ ਇਹ ਕਿਹਾ ਜਾ ਸਕਦਾ ਹੈ ਕਿ ਧਰਮ ਬਦਲਣ ਤੋਂ ਬਾਦ ਵੀ ਦਲਿਤਾਂ ਦੀ ਜਾਤ ਅਧਾਰਤ ਪਹਿਚਾਣ ਅਤੇ ਵਿਤਕਰਾ ਖਤਮ ਨਹੀਂ ਹੋਇਆ ਹੈ। ਅਜਾਦ ਭਾਰਤ ਵਿੱਚ ਦਲਿਤਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦਾ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕਾਂ ਦੇ ਵਿਕਾਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਜਿਸ ਨਾਲ ਕਈ ਦਲਿਤਾਂ ਦਾ ਵਿਕਾਸ ਵੀ ਹੋਇਆ ਹੈ। ਅਜਾਦੀ ਤੋਂ ਬਾਦਵੀ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਦਲਿਤਾਂ ਨੂੰ ਜਾਗਰੂਕ ਕਰਨ ਅਤੇ ਜਾਤ ਅਧਾਰਤ ਵਿਤਕਰਿਆਂ ਨੂੰ ਖਤਮ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਪਰ ਹਕੀਕਤ ਇਹ ਹੈ ਕਿ ਅੱਜ ਵੀ ਵੱਖ ਵੱਖ ਧਰਮਾਂ ਵਿੱਚ ਬੈਠੇ ਦਲਿਤਾਂ ਨਾਲ ਪੱਖਪਾਤ ਹੋ ਰਿਹਾ ਹੈ ਅਤੇ ਅਤਿੱਆਚਾਰ ਦੀਆਂ ਘਟਨਾਵਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਹਨ। ਜੇਕਰ ਦੇਸ਼ ਵਿੱਚ ਅਜਾਦੀ ਤੋਂ ਬਾਦ ਪਿਛਲੇ ਕੁੱਝ ਸਾਲਾਂ ਦੌਰਾਨ ਹੀ ਦੇਸ਼ ਦੇ ਦਲਿਤਾਂ ਵਲੋਂ ਅਤਿੱਆਚਾਰਾਂ ਦੀਆਂ ਵਾਪਰੀਆਂ ਕੁੱਝ ਵੱਡੀਆਂ ਘਟਨਾਵਾਂ ਨੂੰ ਲੈਕੇ ਰੋਸ ਪ੍ਰਦਰਸ਼ਨ ਕੀਤੇ ਗਏ ਹਨ ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਅਤਿੱਆਚਾਰ ਨਿਰੋਧਕ ਐਕਟ 1989 ਵਿੱਚ ਸੋਧ ਸਬੰਧੀ ਆਏ ਇੱਕ ਫੈਸਲੇ ਦੇ ਵਿਰੋਧ ਵਿੱਚ ਹੋਇਆ 02 ਅਪ੍ਰੈਲ 2018 ਦਾ ਭਾਰਤ ਬੰਦ, ਦਿੱਲੀ ਵਿੱਚ ਤੁਗਲਕਾਬਾਦ ਸਥਿਤ ਸ਼੍ਰੀ ਗੁਰੂ ਰਵਿਦਾਸ ਮੰਦਿਰ ਢਾਹੁਣ ਦੇ ਵਿਰੋਧ ਵਿੱਚ ਹੋਇਆ ਰੋਸ ਪ੍ਰਦਰਸ਼ਨ, ਰੋਹਿਤ ਵੇਮੁਲਾ ਹੱਤਿਆਕਾਂਡ, ਉਨਾ ਕਾਂਡ, ਮਿਰਚਾਪੁਰ ਘਟਨਾ, ਪੰਜਾਬ ਦੇ ਮੋਗਾ, ਸੰਗਰੂਰ, ਅਬੋਹਰ ਕਾਂਡ, ਬਦਾਂਉ, ਹਾਥਰਸ, ਰਾਜਸਥਾਨ ਦੇ ਜਲੋਰ ਵਰਗੀਆਂ ਕਈ ਘਟਨਾਵਾਂ ਸਬੰਧੀ ਰੋਸ ਪ੍ਰਦਰਸ਼ਨ ਸ਼ਾਮਿਲ ਹਨ। ਵੱਖ ਵੱਖ ਧਰਮਾਂ ਵਿੱਚ ਬੈਠੇ ਦਲਿਤਾਂ ਨਾਲ ਵਾਪਰਦੀਆਂ ਦਲਿਤਾਂ ਨਾਲ ਜਾਤ ਅਧਾਰਿਤ ਵਿਤਕਰੇ, ਸ਼ੋਸ਼ਣ ਅਤੇ ਅਤਿਆਚਾਰ ਵਾਲੀਆਂ ਘਟਨਾਵਾਂ ਸਬੰਧੀ ਬਹੁਤੇ ਧਰਮਾਂ ਦੇ ਆਗੂ ਅਕਸਰ ਹੀ ਚੁੱਪ ਰਹਿੰਦੇ ਹਨ। ਅਜਾਦੀ ਤੋਂ 75 ਸਾਲਾਂ ਬਾਦ ਵੀ ਦਲਿਤ ਅਪਣੇ ਆਪ ਨੂੰ ਹਰ ਧਰਮ ਵਿੱਚ ਅਸੁਰਖਿੱਅਤ ਮਹਿਸੂਸ ਕਰਦੇ ਹਨ ਅਤੇ ਅਤੇ ਇਹ ਸਵਾਲ ਉੱਠਦਾ ਹੈ ਕਿ ਆਖਿਰ ਕਰੋੜ੍ਹਾਂ ਦਲਿਤਾਂ ਦਾ ਧਰਮ ਕਿਹੜਾ ਹੋਵੇ ਜਿਸ ਵਿੱਚ ਉਨ੍ਹਾਂ ਨਾਲ ਜਾਤਿ ਅਧਾਰਿਤ ਸ਼ੋਸ਼ਣ ਅਤੇ ਅਤਿੱਆਚਾਰ ਨਾਂ ਹੋਵੇ ਅਤੇ ਉਹ ਬਰਾਬਰਤਾ ਹਾਸਲ ਕਰ ਸਕਣ।

“ਦੇਸ਼ ਦੁਆਬਾ”
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## ਉਸਤਾਦ ਗਾਇਕ ਸੁਰਿੰਦਰ ਮਾਹੀਵਾਲ ਜੀ ਦੀ ਅਵਾਜ਼ ’ਚ ਸ਼ਾਇਰ ਪੰਮਾ ਬੰਗੜ ਭੈਣੀ ਦਾ ਗੀਤ ‘ਇਸ਼ਕ (ਦਾ ਸੂਫੀ)’ ਖੂਬ ਚਰਚਾ ਵਿਚ

**ਚੰਡੀਗੜ (ਪ੍ਰੀਤਮ ਲੁਧਿਆਣਵੀ)-** ਮਾਰਕੀਟ ਵਿੱਚ ਹੁਣ ਤੱਕ ਇਸ਼ਕ ’ਤੇ ਅਨੇਕਾਂ ਹੀ ਗੀਤ ਆਏ ਹਨ, ਪਰ 15 ਨਵੰਬਰ ਨੂੰ ਯੂ ਟਿਊਬ ਚੈਨਲ ’ਤੇ ਰਿਲੀਜ਼ ਕੀਤੇ ਗਏ ‘ਇਸ਼ਕ (ਦਾ ਸੂਫੀ)’ ਵਿਚ ਜਿਸ ਇਸ਼ਕ ਦੀ ਗੱਲ ਉਸਤਾਦ ਗਾਇਕ ਸੁਰਿੰਦਰ ਮਾਹੀਵਾਲ ਨੇ ਆਪਣੀ ਸੁਰੀਲੀ ਤੇ ਦਮਦਾਰ ਅਵਾਜ਼ ਵਿਚ ਕੀਤੀ ਹੈ, ਉਸਦੇ ਕੁਝ ਹੋਰ ਹੀ ਨਜ਼ਾਰੇ ਹਨ। ਨਾਮਵਰ ਸ਼ਾਇਰ ਪੰਮਾ ਬੰਗੜ ਭੈਣੀ ਦੇ ਲਿਖੇ ਇਸ ਗੀਤ ਦੀ ਵੱਖਰੀ ਪਹਿਚਾਣ ਸਰੋਤਿਆਂ /ਦਰਸ਼ਕਾਂ ਦੀ ਖਿੱਚ ਦਾ ਕਾਰਨ ਬਣੀ ਹੋਈ ਹੈ। ਉਸਤਾਦ ਗਾਇਕ ਮਾਹੀਵਾਲ ਤੇ ਸ਼ਾਇਰ ਬੰਗੜ ਭੈਣੀ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ, “ਇਸ ਵਿੱਚ ਇਸ਼ਕ ਦੇ ਹਰ ਇੱਕ ਪਹਿਲੂ ਨੂੰ ਬਾਖੂਬੀ ਪੇਸ ਕੀਤਾ ਹੈ। ਇਹ ਗੀਤ ਹੋਰਾਂ ਗੀਤਾਂ ਤੋਂ ਹਟਕੇ ਮੀਲ ਪੱਥਰ ਸਾਬਤ ਹੋਵੇਗਾ।”

ਹਰ ਗੀਤਕਾਰ ਲਈ ਕੋਈ ਇੱਕ ਦੋ ਗੀਤ ਹੀ ਹੋਇਆ ਕਰਦੇ ਹਨ ਜਿਹੜੇ ਕਿ ਉਸ ਦੀ ਕਾਮਯਾਬੀ ਦਾ ਮੁੱਢ ਬੰਨ ਦਿਆ ਕਰਦੇ ਹਨ। ਉਨਾਂ ’ਚੋਂ ਪੰਮਾ ਬੰਗੜ ਇਸ ਗੀਤ ‘ਇਸ਼ਕ’ ਨੂੰ ਇਕ ਮੰਨਦਾ ਹੈ। ਉਸ ਦਾ ਕਹਿਣ ਹੈ ਕਿ ਇਹ ਗੀਤ ਉਨਾਂ ਦੀ ਪੰਜ ਸਾਲ ਦੀ ਅਣਥੱਕ ਮਿਹਨਤ ਦੀ ਸਿਰਜਣਾ ਹੈ। ਦੂਜੇ ਉਹ ਇਸ ਗੱਲ ਦਾ ਵੀ ਗੌਰਵ ਮਹਿਸੂਸ ਕਰਦਾ ਹੈ ਕਿ ਇਸ ਗੀਤ ਵਿਚ ਜਿਤਨਾ ਲਾ-ਜੁਵਾਬ ਸੰਗੀਤ ਬੀ.ਆਰ ਡੀਮਾਨਾ ਜੀ ਨੇ ਦਿੱਤਾ ਹੈ ਉਤਨਾ ਹੀ ਇਸ ਗੀਤ ਦਾ ਕਮਾਲ-ਮਈ ਫਿਲਮਾਂਕਣ ਕੀਤਾ ਗਿਆ ਹੈ।

ਹਰ ਵਰਗ ਦੇ ਸਰੋਤਿਆਂ/ਦਰਸ਼ਕਾਂ ਦੀ ਸੋਚ ’ਤੇ ਖਰਾ ਉੱਤਰ ਰਹੇ ਰੂਹਾਨੀਅਤ ਵਿੱਚ ਰੰਗੇ ਹੋਏ ਇਸ ਗੀਤ ਨੂੰ ਪੰਜਾਬ ਦੇ ਨਾਮਵਰ ਗਾਇਕ ਕਲਾਕਾਰਾਂ ਤੋਂ ਇਲਾਵਾ ਬਹੁਤ ਹੀ ਉੱਘੇ ਸਾਹਿਤਕਾਰ ਵੀ ਅਥਾਹ ਮੋਹ, ਪਿਆਰ ਤੇ ਮੁਹੱਬਤਾਂ ਨਾਲ ਨਿਵਾਜ ਰਹੇ ਹਨ। ਉਸਤਾਦ ਗਾਇਕ ਮਾਹੀਵਾਲ, ਸ਼ਾਇਰ




ਬੰਗੜ ਭੈਣੀ ਤੇ ਉਨਾਂ ਦੀ ਸਮੁੱਚੀ ਟੀਮ ਲਈ ਸਾਡੀ ਵਲੋਂ ਵੀ ਮੁਬਾਰਕਾਂ, ਸ਼ੁਭ ਕਾਮਨਾਵਾਂ ਤੇ ਦਿਲੀ ਦੁਆਵਾਂ ਹਨ ਕਿ ਵਾਹਿਗੁਰੂ ਸਮੁੱਚੀ ਟੀਮ ਦਾ ਸਿਤਾਰਾ ਚਮਕਾਉਣ ਵਿਚ ਸਹਾਈ ਹੋਵੇ।

## 26 ਨਵੰਬਰ -ਭਾਰਤੀ ਸੰਵਿਧਾਨ ਦਿਵਸ ਸਬੰਧੀ ਵਿਸ਼ੇਸ਼

# ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ



ਕੁਲਦੀਪ ਚੰਦ
91-9417563054

ਅੱਜ 26 ਨਵੰਬਰ ਨੂੰ ਪਿਛਲੇ ਕਈ ਸਾਲਾਂ ਵਾਂਗ ਅਸੀਂ ਭਾਰਤੀ ਸੰਵਿਧਾਨ ਦਿਵਸ ਮਨਾ ਰਹੇ ਹਾਂ। ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਜੇਕਰ ਭਾਰਤੀ ਸੰਵਿਧਾਨ ਦਾ ਇਤਿਹਾਸ ਵੇਖੀਏ ਤਾਂ ਸੰਵਿਧਾਨ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਅੰਤਰਰਾਸ਼ਟਰੀ ਮਸ਼ਹੂਰ ਕ੍ਰਾਂਤੀਕਾਰੀ ਕਾਮਰੇਡ ਐਮ ਐਨ ਰਾਓ ਨੇ 1934 ਵਿੱਚ ਦਿੱਤਾ ਸੀ ਜਿਸਨੂੰ ਕਾਂਗਰਸ ਨੇ 1935 ਵਿੱਚ ਸਵਿਕਾਰ ਕਰ ਲਿਆ। 1940 ਵਿੱਚ ਬਰਤਾਨੀਆ ਸਰਕਾਰ ਨੇ ਇੱਕ ਪ੍ਰਸਤਾਵ ਪੇਸ਼ ਕੀਤਾ ਜਿਸਨੂੰ ਅਗਸਤ ਆਫਰ ਵੀ ਕਿਹਾ ਜਾਂਦਾ ਹੈ ਜਿਸ ਵਿੱਚ ਭਾਰਤ ਵਾਸੀਆਂ ਵਲੋਂ ਅਪਣਾ ਸੰਵਿਧਾਨ ਬਣਾਉਣ ਨੂੰ ਮਾਨਤਾ ਦੇਣਾ ਵੀ ਸ਼ਾਮਿਲ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਦ ਜੁਲਾਈ 1945 ਵਿੱਚ ਬਰਤਾਨੀਆ ਸਰਕਾਰ ਨੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬਨਿਟ ਮਿਸ਼ਨ ਜਿਸ ਵਿੱਚ 03 ਮੰਤਰੀ ਸ਼ਾਮਿਲ ਸਨ ਭਾਰਤ ਭੇਜਿਆ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਬਣਾਏ ਗਏ ਸਨ। ਇਸ ਸਬੰਧੀ ਕੁੱਲ 12 ਸੈਸ਼ਨ ਹੋਏ ਜਿਸ ਵਿੱਚ ਪਹਿਲਾ ਸੈਸ਼ਨ 09 ਤੋਂ 23 ਦਸੰਬਰ 1946 ਤੱਕ, ਦੂਜਾ ਸੈਸ਼ਨ 20 ਤੋਂ 25 ਜਨਵਰੀ 1947 ਤੱਕ, ਤੀਜਾ ਸੈਸ਼ਨ 28 ਅਪ੍ਰੈਲ ਤੋਂ 02 ਮਈ 1947 ਤੱਕ, ਚੌਥਾ ਸੈਸ਼ਨ 13-14 ਜੁਲਾਈ 1947, ਪੰਜਵਾਂ ਸੈਸ਼ਨ 14 ਤੋਂ 30 ਅਗੱਸਤ 1947 ਤੱਕ, ਛੇਵਾਂ ਸੈਸ਼ਨ 27 ਜਨਵਰੀ 1948 ਨੂੰ, ਸੱਤਵਾਂ ਸੈਸ਼ਨ 04 ਨਵੰਬਰ 1948 ਤੋਂ 08 ਜਨਵਰੀ 1949 ਤੱਕ, ਅੱਠਵਾਂ ਸੈਸ਼ਨ 16 ਮਈ ਤੋਂ 16 ਜੂਨ 1949 ਤੱਕ, ਨੌਵਾਂ ਸੈਸ਼ਨ 30 ਜੁਲਾਈ ਤੋਂ 18 ਸਤੰਬਰ 1949 ਤੱਕ, ਦਸਵਾਂ ਸੈਸ਼ਨ 6 ਤੋਂ 17 ਅਕਤੂਬਰ 1949 ਤੱਕ, ਗਿਆਰਵਾਂ ਸੈਸ਼ਨ 14 ਤੋਂ 26 ਨਵੰਬਰ 1949 ਤੱਕ ਅਤੇ ਬਾਰਵਾਂ ਸੈਸ਼ਨ 24 ਜਨਵਰੀ 1950 ਨੂੰ ਹੋਇਆ। ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕੁੱਲ 389 ਮੈਂਬਰ ਸਨ ਜਿਨ੍ਹਾਂ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ, ਡਾਕਟਰ ਰਾਜਿੰਦਰ ਪ੍ਰਸਾਦ, ਸੰਜੇ ਫਾਕੇ, ਸੰਦੀਪ ਕੁਮਾਰ ਪਟੇਲ, ਨਲਿਨੀ ਰੰਜਨ ਘੋਸ਼, ਬਲਵੰਤ ਰਾਏ ਮਹਿਤਾ, ਸਰਦਾਰ ਵੱਲਭ ਭਾਈ ਪਟੇਲ, ਸ਼ਿਆਮਾ ਪ੍ਰਸਾਦ ਮੁਖਰਜੀ, ਮੌਲਾਨਾ ਅਬਦੁਲ ਕਲਾਮ ਆਜ਼ਾਦ ਆਦਿ ਇਸ ਸਭਾ ਦੇ ਪ੍ਰਮੁੱਖ ਮੈਂਬਰ ਸ਼ਾਮਲ ਸਨ। ਇਸ ਸਭਾ ਵਿੱਚ ਲੱਗਭਗ 30 ਮੈਂਬਰ ਅਨੁਸੂਚਿਤ ਜਾਤਾਂ ਨਾਲ ਸਬੰਧਿਤ ਸਨ, ਫਰਾਂਕ ਐਂਥੋਨੀ ਐਂਗਲੋਂ-ਇੰਡੀਅਨ ਕਮਿਊਨਿਟੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਐਚ ਪੀ ਮੋਦੀ ਪਾਰਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਮਾਇਨਾਰਿਟੀ ਕਮੇਟੀ ਦੇ ਚੇਅਰਮੈਨ ਹਰਿੰਦਰ ਕੁਮਰ ਮੁਕਰਜੀ ਇਸਾਈਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਅਰੀ ਬਹਾਦੁਰ ਗੁਰਰੰਗ ਗੋਰਖਿਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਸਰਦਾਰ ਹੁਕਮ ਸਿੰਘ ਅਪ੍ਰੈਲ 1948 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵਜੋਂ ਸੰਵਿਧਾਨ ਸਭਾ ਲਈ ਚੁਣੇ ਗਏ ਸਨ।ਚੁਣੇ ਜਾਣ ਤੋਂ ਕੁਝ ਮਹੀਨਿਆਂ ਬਾਅਦ ਉਸਨੇ ਸੰਵਿਧਾਨ ਦੇ ਅਨੁਛੇਦ ਜੋ ਅਨੁਸੂਚਿਤ ਜਾਤੀਆਂ ਦਾ ਹਵਾਲਾ ਦਿੰਦੇ ਹਨ ਵਿੱਚ ਸੋਧ ਕਰਨ ਲਈ ਇੱਕ ਮਤਾ ਪੇਸ਼ ਕੀਤਾ ਜਿਸ ਵਿੱਚ ਸ਼ਬਦ ਅਨੁਸੂਚਿਤ ਜਾਤੀਆਂ ਨੂੰ ਕਿਸੇ ਵੀ ਵਰਗ ਜਾਂ ਧਰਮ ਦੇ ਪੱਛੜੇ ਭਾਈਚਾਰੇ ਸ਼ਬਦਾਂ ਨਾਲ ਬਦਲਿਆ ਗਿਆ।ਉਹ ਸੰਵਿਧਾਨ ਵਿੱਚ ਸਿੱਖ ਅਨੁਸੂਚਿਤ ਜਾਤੀਆਂ ਨੂੰ ਹਿੰਦੂ ਅਨੁਸੂਚਿਤ ਜਾਤੀਆਂ ਦੇ ਹਿੱਸੇ ਵਜੋਂ ਸ਼ਾਮਲ ਕਰਨ ਅਤੇ ਭਾਈਚਾਰੇ ਨੂੰ ਇੱਕ ਵੱਖਰਾ ਧਾਰਮਿਕ ਦਰਜਾ ਨਾ ਦੇਣ ਦੇ ਵਿਰੁੱਧ ਸੀ।ਇੱਕ ਹੋਰ ਸਿੱਖ ਨੁਮਾਇੰਦੇ ਭੁਪਿੰਦਰ ਸਿੰਘ ਮਾਨ ਦੇ ਨਾਲਹੁਕਮ ਸਿੰਘ ਨੇ ਬੇਇਨਸਾਫ਼ੀ ਦੀ ਭਾਵਨਾ ਕਾਰਨ ਸੰਵਿਧਾਨ ਦੇ ਖਰੜੇ ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ।ਉਨ੍ਹਾਂ ਕਿਹਾਕਿ ਘੱਟ ਗਿਣਤੀਆਂ ਅਤੇ ਸਿੱਖਾਂ ਨੂੰ ਅਣਗੌਲਿਆ ਅਤੇ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ ਅਤੇ ਇਸ ਵਿੱਚ ਸਿੱਖਾਂ ਦੀ ਵਖਰੀ ਪਹਿਚਾਣ ਅਤੇ ਅਧਿਕਾਰ ਸੁਰੱਖਿਅਤ ਨਹੀਂ ਹਨ। ਇਸ ਕਮੇਟੀ ਵਿੱਚ ਸਰੋਜਿਨੀ ਨਾਇਡੂ, ਹਾਂਸਾ ਮਹਿਤਾ, ਦੁਰਗਾਬਾਈ ਦੇਸ਼ਮੁਖ, ਰਾਜ ਕੁਮਾਰੀ ਅਮ੍ਰਿਤ ਕੌਰ, ਵਿਜੈਲਕਸ਼ਮੀ ਪੰਡਿਤ ਵਰਗੀਆਂ ਉੱਘੀਆਂ ਮਹਿਲਾ ਆਗੂ ਵੀ ਸ਼ਾਮਿਲ ਸਨ। ਇਸ ਕਮੇਟੀ ਦੀ ਪਹਿਲੇ ਦੋ ਦਿਨ ਦੀ ਅਸਥਾਈ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਚਿਦਾ ਨੰਦਾ ਸਿਨਹਾ ਨੇ ਕੀਤੀ ਅਤੇ ਫਿਰ ਰਾਜਿੰਦਰ ਪ੍ਰਸਾਦ ਨੂੰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ। 14 ਅਗੱਸਤ 1947 ਨੂੰ ਸੰਵਿਧਾਨ ਸਭਾ ਦੀ ਹੋਈ ਮੀਟਿੰਗ ਵਿੱਚ ਵੱਖ ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਮੌਲਿਕ ਅਧਿਕਾਰਾਂ ਸਬੰਧੀ ਕਮੇਟੀ, ਸੰਘੀ ਸ਼ਕਤੀ ਕਮੇਟੀ ਅਤੇ ਸੰਘੀ ਸੰਵਿਧਾਨ ਕਮੇਟੀ ਸ਼ਾਮਿਲ ਸੀ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਇਸ ਕਮੇਟੀ ਵਿੱਚ 6 ਹੋਰ ਮੈਂਬਰ ਪੰਡਿਤ ਗੋਬਿੰਦ ਵਲਭ ਪੰਤ, ਕੇ ਐਮ ਮੁਨਸ਼ੀ ਸਾਬਕਾ ਗ੍ਰਹਿ ਮੰਤਰ ਬੰਬੇ, ਅਲਾਦੀ ਕ੍ਰਿਸ਼ਨਾਸਵਾਮੀ ਅਈਅਰ ਸਾਬਕਾ ਐਡਵੋਕੇਟ ਜਨਰਲ ਮਦਰਾਸ ਰਾਜ, ਐਨ ਗੋਪਾਲਾਸਵਾਮੀ ਐਂਇਗਰ ਸਾਬਕਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ, ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ, ਮੁਹੰਮਦ ਸਾਦਉੱਲਾ ਸਾਬਕਾ ਮੁੱਖ ਮੰਤਰੀ ਅਸਾਮ ਅਤੇ ਮੁਸਲਿਮ ਲੀਗ ਮੈਂਬਰ ਅਤੇ ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਸਨ। ਆਈ ਸੀ ਐਸ ਅਧਿਕਾਰੀ ਸਰ ਬੈਨੇਗਲ ਨਾਰਸਿੰਗ ਰਾਓ ਜੋਕਿ ਬੰਗਾਲ ਹਾਈ ਕੋਰਟ ਦੇ ਜੱਜ ਰਹੇ ਨੂੰ ਸੰਵਿਧਾਨਿਕ ਸਲਾਹਕਾਰ ਬਣਾਇਆ ਗਿਆ। ਬਾਦ ਵਿੱਚ ਇੱਕ ਮੈਂਬਰ ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ ਨੇ ਅਸਤੀਫਾ ਦੇ ਦਿਤਾ ਤੇ ਉਨ੍ਹਾਂ ਦੀ ਥਾਂ ਮਾਧਵ ਰਾਓ ਕਨੂੰਨੀ ਸਲਾਹਕਾਰ ਮਹਾਰਾਜਾ ਬੜੋਦਾ ਨੂੰ ਮੈਂਬਰ ਲਿਆ ਗਿਆ। ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਦੀ ਮੌਤ ਹੋਣ ਕਾਰਨ ਟੀ ਟੀ ਕ੍ਰਿਸ਼ਨਮਾਚਾਰੀ ਨੂੰ ਕਮੇਟੀ ਮੈਂਬਰ ਬਣਾਇਆ ਗਿਆ। ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਵਿੱਚ ਲੱਗਭਗ 166 ਮੀਟਿੰਗਾਂ ਕੀਤੀਆਂ। ਇਸ ਦੀਆਂ ਬੈਠਕਾਂ ਵਿੱਚ ਪ੍ਰੈਸ ਅਤੇ ਜਨਤਾ ਨੂੰ ਭਾਗ ਲੈਣ ਦੀ ਅਜ਼ਾਦੀ ਸੀ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ਼ ਕੀਤਾ ਗਿਆ। ਡਰਾਫਟ ਸਬੰਧੀ ਸੰਵਿਧਾਨ ਸਭਾ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 2 ਸਾਲਾਂ ਦੌਰਾਨ ਲੱਗਭਗ 2000 ਸੋਧ ਕੀਤੇ ਗਏ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕਾਫੀ ਕੁੱਝ ਲਿਆ ਗਿਆ ਹੈ। ਇਸ ਤਰਾਂ ਭਾਰਤੀ ਸੰਵਿਧਾਨ ਤੇ ਦੂਜੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚ ਬ੍ਰਿਟਿਸ਼ ਦਾ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਅੱਜ ਦੇ ਦਿਨ 26 ਨਵੰਬਰ 1949 ਨੂੰ ਭਾਰਤੀ ਸੰਵਿਧਾਨ ਸਬੰਧੀ ਸਾਰੀ ਕਾਰਵਾਈ ਮੁਕੰਮਲ ਹੋ ਗਈ ਸੀ ਅਤੇ ਸੰਵਿਧਾਨ ਸਭਾ ਨੇ ਭਾਰਤੀ ਸੰਵਿਧਾਨ ਨੂੰ ਸਵਿਕਾਰ ਕਰ ਲਿਆ ਸੀ। ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ।ਭਾਰਤੀ ਸੰਵਿਧਾਨ ਅਸਲ ਵਿੱਚ ਅੰਗਰੇਜ਼ੀ ਵਿੱਚ ਲਿਖਿਆ ਗਿਆ ਸੀ ਅਤੇ ਅੰਗਰੇਜ਼ੀ ਤੋਂ ਇਲਾਵਾ ਹਿੰਦੀ ਵਿੱਚ ਵੀ ਹੈ ਜੋ 1950 ਵਿੱਚ ਸੰਵਿਧਾਨ ਸਭਾ ਦੇ ਪ੍ਰਧਾਨ ਡਾਕਟਰ ਰਾਜਿੰਦਰ ਪ੍ਰਸਾਦ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ।ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਉਸ ਸਮੇਂ ਲੱਗਭਗ 6 ਕਰੋੜ ਰੁਪਏ ਖਰਚ ਹੋਏ।

ਭਾਰਤ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲ ਬਿਲਕੁੱਲ ਮਿਲਦਾ ਜੁਲਦਾ ਹੈ। ਇਸ ਵਿੱਚ ਲੱਗਭੱਗ 80 ਹਜ਼ਾਰ ਸ਼ਬਦ ਹਨ। ਭਾਰਤੀ ਸੰਵਿਧਾਨ ਵਿੱਚ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੁਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਦੇ ਆਰਟੀਕਲ 5, 6, 7, 8, 9, 60, 324, 366, 367, 379, 380, 388, 391, 392, 393 ਅਤੇ 394 ਆਦਿ 26 ਨਵੰਬਰ, 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ ਸੀ। ਇਸਤੇ ਕੁੱਲ 284 ਮੈਂਬਰਾਂ ਨੇ ਦਸਤਖੱਤ ਕੀਤੇ ਅਤੇ ਸੰਵਿਧਾਨ ਬਣਾਉਣ ਦੀ ਕਾਰਵਾਈ ਮੁਕੰਮਲ ਹੋ ਗਈ। 24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜ਼ੀ ਵਿੱਚ ਅਤੇ ਇੱਕ ਹਿੰਦੀ ਵਿੱਚ ਤੇ ਅਪਣੇ ਦਸਤਖਤ ਕੀਤੇ। ਭਾਰਤੀ ਸੰਵਿਧਾਨ ਦੀ ਅਸਲੀ ਕਾਪੀ ਹੱਥ ਲਿਖਿਤ ਹੈ ਅਤੇ ਇਸਤੇ ਸ਼ਾਂਤੀਨਿਕੇਤਨ ਦੇ ਕਲਾਕਾਰਾਂ ਜਿਨ੍ਹਾਂ ਵਿੱਚ ਰਾਮ ਮਨੋਹਰ ਸਿਨਹਾ ਅਤੇ ਨੰਦ ਲਾਲ ਬੋਸ ਸ਼ਾਮਿਲ ਸਨ ਨੇ ਸਜ਼ਾਵਟ ਕੀਤੀ ਸੀ। 26 ਜਨਵਰੀ, 1950 ਨੂੰ ਭਾਰਤੀ ਸੰਵਿਧਾਨਮੁਕੰਮਲ ਰੂਪ ਵਿੱਚ ਲਾਗੂ ਕੀਤਾ ਗਿਆ। 26 ਜਨਵਰੀ ਦਾ ਦਿਨ ਭਾਰਤੀ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਸੀ ਕਿਉਂਕਿ 26 ਜਨਵਰੀ 1930 ਨੂੰ ਹੀ ਕਾਂਗਰਸ ਨੇ ਸੰਪੂਰਨ ਸਵੈਰਾਜ ਦਿਵਸ ਮਨਾਇਆ ਸੀ ਅਤੇ ਮੁਕੰਮਲ ਅਜ਼ਾਦੀ ਦੀ ਲੜਾਈ ਸ਼ੁਰੂ ਕੀਤੀ ਸੀ। 26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਭਾਰਤ ਦੇ ਸੰਵਿਧਾਨ ਨੇ ਭਾਰਤੀ ਲੋਕਾਂ ਦੀ ਬਿਹਤਰੀ ਲਈ ਬਹੁਤ ਸਾਰੇ ਨਿਯਮ ਬਣਾਏ ਹਨ। ਭਾਰਤ ਰਾਜਾਂ ਦਾ ਸੰਘ ਹੈ। ਇਹ ਸਰਕਾਰ ਦੀ ਸੰਸਦੀ ਪ੍ਰਣਾਲੀ ਦੇ ਨਾਲ ਇੱਕ ਪ੍ਰਭੂਸੱਤਾ ਸਮਾਜਵਾਦੀ ਧਰਮ ਨਿਰਪੱਖ ਲੋਕਤੰਤਰੀ ਗਣਰਾਜ ਹੈ। ਗਣਤੰਤਰ ਭਾਰਤ ਦੇ ਸੰਵਿਧਾਨ ਦੇ ਅਨੁਸਾਰ ਸ਼ਾਸਨ ਕੀਤਾ ਜਾਂਦਾ ਹੈ ਜਿਸਨੂੰ 26 ਨਵੰਬਰ, 1949 ਨੂੰ ਸੰਵਿਧਾਨ ਸਭਾ ਦੁਆਰਾ ਅਪਣਾਇਆ ਗਿਆ ਸੀ ਅਤੇ 26 ਜਨਵਰੀ, 1950 ਨੂੰ ਲਾਗੂ ਹੋਇਆ ਸੀ। ਭਾਰਤੀ ਸੰਵਿਧਾਨ ਸਰਕਾਰ ਦੇ ਸੰਸਦੀ ਰੂਪ ਦੀ ਵਿਵਸਥਾ ਕਰਦਾ ਹੈ ਜੋ ਕੁਝ ਇਕਸਾਰ ਵਿਸ਼ੇਸ਼ਤਾਵਾਂ ਦੇ ਨਾਲ ਨਾਲ ਢਾਂਚੇ ਵਿੱਚ ਸੰਘੀ ਹੈ। ਸੰਘ ਦੀ ਕਾਰਜਕਾਰਨੀ ਦਾ ਸੰਵਿਧਾਨਕ ਮੁਖੀ ਪ੍ਰਧਾਨ ਹੁੰਦਾ ਹੈ। ਭਾਰਤ ਦੇ ਸੰਵਿਧਾਨ ਦੇ ਅਨੁਛੇਦ 79 ਦੇ ਅਨੁਸਾਰ ਸੰਘ ਦੀ ਸੰਸਦ ਦੀ ਪ੍ਰੀਸ਼ਦ ਵਿੱਚ ਰਾਸ਼ਟਰਪਤੀ ਅਤੇ ਰਾਜ ਸਭਾ ਅਤੇ ਲੋਕ ਸਭਾ ਵਜੋਂ ਜਾਣੇ ਜਾਂਦੇ ਦੋ ਸਦਨ ਸ਼ਾਮਲ ਹੁੰਦੇ ਹਨ। ਸੰਵਿਧਾਨ ਦਾ ਅਨੁਛੇਦ 74(1) ਉਪਬੰਧ ਕਰਦਾ ਹੈ ਕਿ ਰਾਸ਼ਟਰਪਤੀ ਦੀ ਸਹਾਇਤਾ ਅਤੇ ਸਲਾਹ ਦੇਣ ਲਈ ਪ੍ਰਧਾਨ ਮੰਤਰੀ ਦੇ ਨਾਲ ਹੀ ਇੱਕ ਪਰਿਸ਼ਦ ਹੋਵੇਗੀ। ਇਸ ਤਰ੍ਹਾਂ ਅਸਲ ਕਾਰਜਕਾਰੀ ਸ਼ਕਤੀ ਪ੍ਰਧਾਨ ਮੰਤਰੀ ਦੇ ਮੁਖੀ ਵਜੋਂ ਮੰਤਰੀ ਮੰਡਲ ਵਿੱਚ ਨਿਸ਼ਚਿਤ ਹੁੰਦੀ ਹੈ। ਹਰੇਕ ਰਾਜ ਵਿੱਚ ਇੱਕ ਵਿਧਾਨ ਸਭਾ ਹੈ। ਤੇਲੰਗਣਾ, ਉਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਆਦਿ ਰਾਜਾਂ ਵਿੱਚ ਇੱਕ ਉੱਪਰੀ ਸਦਨ ਹੈ, ਜਿਸਨੂੰ ਵਿਧਾਨ ਪਰਿਸ਼ਦ ਕਿਹਾ ਜਾਂਦਾ ਹੈ। ਹਰੇਕ ਰਾਜ ਦਾ ਇੱਕ ਰਾਜਪਾਲ ਹੋਵੇਗਾ ਅਤੇ ਰਾਜ ਦੀ ਕਾਰਜਕਾਰੀ ਸ਼ਕਤੀ ਉਸ ਕੋਲ ਹੋਵੇਗੀ। ਮੰਤਰੀ ਪਰਿਸ਼ਦ ਜਿਸਦਾ ਪ੍ਰਮੁੱਖ ਮੁੱਖ ਮੰਤਰੀ ਹੈ ਰਾਜਪਾਲ ਨੂੰ ਉਸਦੇ ਕਾਰਜਕਾਰੀ ਕੰਮਾਂ ਵਿੱਚ ਸਲਾਹ ਦਿੰਦੀ ਹੈ। ਰਾਜ ਦੀ ਮੰਤਰੀ ਪਰਿਸ਼ਦ ਸਮੂਹਕ ਤੌਰ ਤੇ ਰਾਜ ਦੀ ਵਿਧਾਨ ਸਭਾ ਦੇ ਪ੍ਰਤੀ ਉੱਤਰਦਾਈ ਹੈ। ਸੰਵਿਧਾਨ ਦੀ 7ਵੀਂ ਅਨੁਸੂਚੀ ਵਿੱਚ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਵਿਧਾਨਕ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਭਾਰਤ ਦੇ ਸੰਵਿਧਾਨ ਦੁਆਰਾ ਲੋਕਾਂ ਨੂੰ ਉਨ੍ਹਾਂ ਦੀ ਭਲਾਈ ਲਈ ਅਧਿਕਾਰ ਮਿਲੇ ਹਨ। ਭਾਰਤ ਦਾ ਸੰਵਿਧਾਨ ਵਿਆਪਕ ਅਤੇ ਲਿਖਤੀ ਹੈ, ਭਾਰਤ ਦੇ ਸੰਵਿਧਾਨ ਵਿੱਚ ਚੁਣੇ ਗਏ ਮੈਂਬਰਾਂ ਦੀ ਲੋਕਤੰਤਰੀ ਸਰਕਾਰ ਸ਼ਾਮਲ ਹੈ, ਭਾਰਤ ਦਾ ਸੰਵਿਧਾਨ ਲੋਕਾਂ ਨੂੰ ਰਹਿਣ-ਸਹਿਣ, ਭਾਸ਼ਣ, ਸਿੱਖਿਆ, ਯਾਤਰਾ, ਧਰਮ ਆਦਿ ਦੀ ਆਜ਼ਾਦੀ ਦਿੰਦਾ ਹੈ। ਭੂਟਾਨ ਜੋ ਕਿ ਭਾਰਤ ਦਾ ਗੁਆਂਢੀ ਦੇਸ਼ ਹੈ ਨੇ ਭਾਰਤੀ ਲੋਕਤੰਤਰੀ ਪ੍ਰਣਾਲੀ ਨੂੰ ਸਵੀਕਾਰ ਕਰ ਲਿਆ ਹੈ। ਆਰ-ਟੀਕਲ 368 ਸੰਵਿਧਾਨਕ ਸੋਧਾਂ ਦੀ ਪ੍ਰਕਿਰਿਆ ਨੂੰ ਨਿਰਧਾਰਤ ਕਰਦਾ ਹੈ। ਸਾਲ 2000 ਵਿੱਚ-ਸੰਵਿਧਾਨ ਦੀ ਜਾਂਚ ਪੜਤਾਲ ਕਰਨ ਲਈ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਕਮਿਸ਼ਨ ਨੇ 31 ਮਾਰਚ 2002 ਨੂੰ ਆਪਣੀ ਰਿਪੋਰਟ ਪੇਸ਼ ਕੀਤੀ ਹੈ ਹਾਲਾਂਕਿ ਇਸ ਰਿਪੋਰਟ ਦੀਆਂ ਸਿਫ਼ਾਰਸ਼ਾਂ ਨੂੰ ਸਰਕਾਰਾਂ ਨੇ ਸਵੀਕਾਰ ਨਹੀਂ ਕੀਤਾ। ਸੁਪਰੀਮ ਕੋਰਟ ਦੇ ਸੇਵਾਮੁਕਤ ਜਸਟਿਸ ਹੰਸ ਰਾਜ ਖੰਨਾ ਨੇ ਆਪਣੀ ਕਿਤਾਬ ਮੇਕਿੰਗ ਆਫ਼ ਇੰਡੀਆਜ਼ ਕੰਸਟੀਟਿਊਸ਼ਨ ਦੇ ਅੰਤ ਵਿੱਚ ਲਿਖਿਆ ਹੈਕਿ ਜੇਕਰ ਭਾਰਤੀ ਸੰਵਿਧਾਨ ਸਾਡੀ ਵਿਰਾਸਤ ਹੈ ਜੋ ਸਾਨੂੰ ਸੌਂਪਿਆ ਗਿਆ ਹੈ ਤਾਂ ਅਸੀਂ ਭਾਰਤ ਦੇ ਲੋਕ ਉਨ੍ਹਾਂ ਕਦਰਾਂ-ਕੀਮਤਾਂ ਦੇ ਟਰੱਸਟੀ ਅਤੇ ਰੱਖਿਅਕਾਂ ਤੋਂ ਘੱਟ ਨਹੀਂ ਹਾਂ ਜੋ ਇਸ ਦੀਆਂ ਵਿਵਸਥਾਵਾਂ ਦੇ ਅੰਦਰ ਧੜਕਦੀਆਂ ਹਨ। ਸੰਵਿਧਾਨ ਸਿਰਫ ਕਾਗਜ਼ ਨਹੀਂ ਹੈ ਇਹ ਜੀਵਨ ਜਿਊਣ ਦਾ ਤਰੀਕਾ ਹੈ। ਇਸਦੇ ਰੱਖਿਅਕ ਕੇਵਲ ਲੋਕ ਹਨ। ਸਾਲ 2015 ਵਿੱਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਦੀ 125ਵੀਂ ਜਯੰਤੀ ਮਨਾਉਣ ਦੀ ਘੋਸ਼ਣਾ ਕੀਤੀ ਗਈ ਤਾਂ ਨਾਲ ਹੀ 26 ਨਵੰਬਰ ਦਾ ਦਿਨ ਵੀ ਸੰਵਿਧਾਨ ਦਿਵਸ ਦੇ ਤੌਰ ਤੇ ਮਨਾਉਣ ਦੀ ਘੋਸ਼ਣਾ ਕੀਤੀ ਗਈ। ਭਾਰਤੀ ਸੰਵਿਧਾਨ ਅਤੇ ਡਾਕਟਰ ਅੰਬੇਡਕਰ ਨੂੰ ਸ਼ਰਧਾਂਜਲੀ ਦੇਣ ਲਈ 26 ਨਵੰਬਰ 2015 ਨੂੰ ਭਾਰਤੀ ਸੰਸਦ ਦਾ ਵਿਸ਼ੇਸ਼ ਸੈਸ਼ਨ ਹੋਇਆ ਅਤੇ ਸੰਸਦ ਭਵਨ ਤੇ ਵਿਸ਼ੇਸ਼ ਦੀਪਮਾਲਾ ਕੀਤੀ ਗਈ। ਖੇਡ ਵਿਭਾਗ ਨੇ ਰੰਨ ਫਾਰ ਇਕੁਆਲਿਟੀ ਦਾ ਆਯੋਜਨ ਕੀਤਾ। ਵਿਦੇਸ਼ ਮੰਤਰਾਲਿਆ ਨੇ ਵੀ ਸਮੂਹ ਵਿਦੇਸ਼ੀ ਭਾਰਤੀ ਸਕੂਲਾਂ ਨੂੰ ਵੀ ਸੰਵਿਧਾਨ ਦਿਵਸ ਮਨਾਉਣ ਦੀ ਹਦਾਇਤ ਕੀਤੀ ਅਤੇ ਸਮੂਹ ਦੂਤਘਰਾਂ ਨੂੰ ਵੀ ਭਾਰਤੀ ਸੰਵਿਧਾਨ ਨੂੰ ਉਸ ਦੇਸ਼ ਦੀ ਸਥਾਨਕ ਭਾਸ਼ਾ ਵਿੱਚ ਅਨੁਵਾਦ ਕਰਨ ਅਤੇ ਇਸਨੂੰ ਵੱਖ ਵੱਖ ਅਕੈਡਮੀਆਂ, ਲਾਇਬ੍ਰੇਰੀਆਂ ਆਦਿ ਵਿੱਚ ਵੰਡਣ ਲਈ ਕਿਹਾ ਹੈ। ਭਾਰਤੀ ਸੰਵਿਧਾਨ ਦਾ ਅਰਬੀ ਵਿੱਚ ਅਨੁਵਾਦ ਮੁਕੰਮਲ ਹੋ ਗਿਆ ਹੈ ਅਤੇ ਹੋਰ ਕਈ ਭਾਸ਼ਾਵਾਂ ਵਿੱਚ ਇਹ ਕੰਮ ਤੇਜੀ ਨਾਲ ਚੱਲ ਰਿਹਾ ਹੈ। ਬੇਸ਼ੱਕ ਭਾਰਤੀ ਸੰਵਿਧਾਨ ਤਿਆਰ ਕਰਨ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖ ਕੇ ਸੰਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਅਣਗਹਿਲੀ ਕਾਰਨ ਅਜੇ ਵੀ ਦੇਸ਼ ਦੇ ਕਈ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ। ਕਈ ਵਾਰ ਸੰਵਿਧਾਨ ਦੀ ਦੁਰਵਰਤੋਂ ਅਤੇ ਇਸ ਵਿੱਚ ਨਜਾਇਜ਼ ਬਦਲਾਓ ਕਰਨ ਦੀਆਂ ਕੋਸ਼ਿਸ਼ਾਂ ਵਰਗੇ ਗੰਭੀਰ ਸਵਾਲ ਚਰਚਾ ਦਾ ਵਿਸ਼ਾ ਬਣ ਰਹੇ ਹਨ। ਸਾਡੇ ਨੀਤੀ ਨਿਰਮਾਤਾਵਾਂ ਅਤੇ ਨੀਤੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਸੰਵਿਧਾਨ ਦੀ ਮਹੱਤਤਾ ਨੂੰ ਕਾਇਮ ਰਖਿਆ ਜਾ ਸਕੇ।





# ਲੱਡੀ ਸਕੂਲ ਵਿਖੇ ਵਿਦਿਆਰਥੀਆਂ ਨੂੰ ਚੇਤਨਾ ਪਰਖ ਪ੍ਰੀਖਿਆ ਦੇ ਸਨਮਾਨ ਪੱਤਰ ਦਿੱਤੇ

**ਸੰਗਰੂਰ, (ਦਲਜੀਤ ਕੌਰ)** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵਲੋਂ ਕਰਵਾਈ ਚੌਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਵਾਲੇ ਸਰਕਾਰੀ ਮਿਡਲ ਸਕੂਲ ਲੱਡੀ ਦੇ ਵਿਦਿਆਰਥੀਆਂ ਨੂੰ ਤਰਕਸ਼ੀਲ ਆਗੂ ਮਾਸਟਰ ਪਰਮਵੇਦ, ਸੁਰਿੰਦਰਪਾਲ ਤੇ ਪ੍ਰਗਟ ਸਿੰਘ ਆਧਾਰਿਤ ਤਰਕਸ਼ੀਲ ਟੀਮ ਵੱਲੋਂ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।


ਬੱਚਿਆਂ ਨੂੰ ਤਰਕਸ਼ੀਲ ਸੁਸਾਇਟੀ ਅਤੇ ਚੇਤਨਾ ਪਰਖ ਪ੍ਰੀਖਿਆ ਦੇ ਉਦੇਸ਼ਾਂ ਵਾਰੇ ਦੱਸਿਆ ਗਿਆ, ਉਹਨਾ ਦੇ ਕੋਮਲ ਮਨਾ ਚੋਂ ਕਾਲਾ ਜਾਦੂ ਤੇ ਗੈਬੀ ਸ਼ਕਤੀਆਂ, ਰਹੱਸਮਈ ਜਾਪਦੀਆਂ ਘਟਨਾਵਾਂ ਦਾ ਭਰਮ ਦੂਰ ਕਰਨ ਹਿੱਤ ਵਿਸਥਾਰਤ ਵਿਚਾਰ ਵਟਾਂਦਰਾ ਕੀਤਾ ਗਿਆ, ਉਨ੍ਹਾਂ ਵੱਲੋਂ ਭੂਤਾਂ, ਪ੍ਰੇਤਾਂ, ਪੁਲਾੜ, ਸੂਰਜ, ਚੰਦ ਗ੍ਰਹਿਣ, ਰੁੱਤਾਂ ਬਦਲਣ ਤੇ ਦਿਨਾਂ ਦੇ ਛੋਟੇ ਵੱਡੇ ਹੋਣ ਦੇ ਕੀਤੇ ਸਵਾਲਾਂ ਦੇ ਜਵਾਬ ਦੇ ਕੇ ਸ਼ੰਕਾ ਨਿਵਿਰਤੀ ਕੀਤੀ ਗਈ।


ਸਕੂਲ ਮੁਖੀ ਸ੍ਰੀਮਤੀ ਸਨੇਹ ਲਤਾ, ਮੈਡਮ ਨੀਤੂ, ਮੈਡਮ ਮੰਜੂ ਤੇ ਸਤਿਕਾਰਤ ਹਰਜਿੰਦਰ ਸਿੰਘ ਨੇ ਸੁਸਾਇਟੀ ਦੇ ਯਤਨਾਂ ਦੀ ਸਰਾਹਨਾ ਕੀਤੀ ਅਤੇ ਅਗਲੀ ਪ੍ਰੀਖਿਆ ਵਿੱਚ ਹੋਰ ਵੱਧ ਵਿਦਿਆਰਥੀਆਂ ਨੂੰ ਤਰਕਸ਼ੀਲ ਵਿਚਾਰਧਾਰਾ ਨਾਲ ਜੋੜਨ ਦਾ ਵਿਸ਼ਵਾਸ ਦਵਾਇਆ।






Book Available
http://www.unistarbooks.com/home/5512-pagrhi-sambhal-lehar-to-samyukt-kisan-morcha.html
http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556


# ਥੈਂਕਸਗਿਵਿੰਗ ਡੇਅ !



ਪ੍ਰੋ.ਐਚ. ਐਲ. ਕਪੂਰ

ਥੈਂਕਸਗਿਵਿੰਗ ਡੇਅ, ਸੰਯੁਕਤ ਰਾਜ ਅਤੇ ਕੈਨੇਡਾ ਵਿਚ ਸਾਲਾਨਾ ਰਾਸ਼ਟਰੀ ਛੁੱਟੀ, ਪਿਛਲੇ ਸਾਲ ਦੀ ਵਾਢੀ ਅਤੇ ਹੋਰ ਬਰਕਤਾਂ ਦਾ ਜਸ਼ਨ ਮਨਾਉਂਦੀ ਹੈ। ਅਮਰੀਕਨ ਆਮ ਤੌਰ 'ਤੇ ਮੰਨਦੇ ਹਨ ਕਿ ਉਨ੍ਹਾਂ ਦਾ ਥੈਂਕਸਗਿਵਿੰਗ 1621 'ਤੇ ਤਿਆਰ ਕੀਤਾ ਗਿਆ ਹੈ ਵਾਢੀ ਦਾ ਤਿਉਹਾਰ ਅੰਗਰੇਜ਼ੀ ਬਸਤੀਵਾਦੀਆਂ ਦੁਆਰਾ ਸਾਂਝਾ ਕੀਤਾ ਗਿਆ (ਪਲੀਗ੍ਰਿਮਜ਼) ਪਲਾਈਮਾਊਥ ਅਤੇ ਦ ਵੈਮਪੈਨੋਅਗ ਲੋਕ। ਅਮਰੀਕੀ ਛੁੱਟੀ ਖਾਸ ਤੌਰ 'ਤੇ ਦੰਤਕਥਾ ਅਤੇ ਪ੍ਰਤੀਕਵਾਦ ਵਿਚ ਅਮੀਰ ਹੈ, ਅਤੇ ਥੈਂਕਸਗਿਵਿੰਗ ਭੋਜਨ ਦੇ ਰਵਾਇਤੀ ਕਿਰਾਏ ਵਿਚ ਆਮ ਤੌਰ 'ਤੇ ਸ਼ਾਮਲ ਹੁੰਦੇ ਹਨ ਟਰਕੀ, ਬਰੈੱਡ ਸਟਫਿੰਗ, ਆਲੂ, ਕਰੈਨਬੇਰੀ ਅਤੇ ਪੇਠਾ ਪਾਈ। ਵਾਹਨਾਂ ਦੀ ਯਾਤਰਾ ਦੇ ਸਬੰਧ ਵਿਚ, ਛੁੱਟੀ ਅਕਸਰ ਸਾਲ ਦੀ ਸਭ ਤੋਂ ਵੱਧ ਵਿਅਸਤ ਹੁੰਦੀ ਹੈ ਕਿਉਂਕਿ ਪਰਿਵਾਰਕ ਮੈਂਬਰ ਇਕ ਦੂਜੇ ਨਾਲ ਇਕੱਠੇ ਹੁੰਦੇ ਹਨ। ਥੈਂਕਸਗਿਵਿੰਗ 24 ਨਵੰਬਰ ਨੂੰ ਮਨਾਇਆ ਜਾਂਦਾ ਹੈ।

ਪਲਾਈਮਾਊਥ ਦੇ ਥੈਂਕਸਵਿਗਿੰਗ ਦੀ ਸ਼ੁਰੂਆਤ ਕੁਝ ਬਸਤੀਵਾਦੀਆਂ ਦੇ ''ਫਾਊਲਿੰਗ'' ਦੇ ਨਾਲ ਸ਼ੁਰੂ ਹੋਈ, ਸੰਭਵ ਤੌਰ 'ਤੇ ਹੰਸ ਅਤੇ ਬੱਤਖਾਂ ਦੇ ਆਸਾਨ ਸ਼ਿਕਾਰ ਲਈ, ਕਿਉਂਕਿ ਉਨ੍ਹਾਂ ਨੇ ''ਇਕ ਦਿਨ ਵਿਚ ਇੰਨਾ ਹੀ ਮਾਰਿਆ ਜਿੰਨਾ ਕੰਪਨੀ ਨੂੰ ਲਗਭਗ ਇਕ ਹਫਤੇ ਵਿਚ ਸੇਵਾ ਕੀਤੀ''। ਅੱਗੇ, 90 ਜਾਂ ਇਸ ਤੋਂ ਬਾਅਦ ਵੈਂਪਨੋਆਗ ਨੇ ਬਸਤੀ ਦੇ ਗੇਟ 'ਤੇ ਇਕ ਹੈਰਾਨੀਜਨਕ ਰੂਪ ਪੇਸ਼ ਕੀਤਾ, ਬਿਨਾਂ ਸ਼ੱਕ 50 ਜਾਂ ਇਸ ਤੋਂ ਵੱਧ ਬਸਤੀਵਾਦੀਆਂ ਨੂੰ ਬੇਚੈਨ ਕਰ ਦਿੱਤਾ। ਫਿਰ ਵੀ ਅਗਲੇ ਕੁਝ ਦਿਨਾਂ ਵਿਚ ਦੋਵੇਂ ਸਮੂਹ, ਬਿਨਾ ਕਿਸੇ ਘਟਨਾ ਦੇ ਸਮਾਜਿਕ ਹੋ ਗਏ। ਵੈਂਪਨੋਆਗ ਨੇ ਦਾਅਵਤ ਵਿਚ ਹਰੀ ਦੇ ਭੋਜਨ ਦਾ ਯੋਗਦਾਨ ਪਾਇਆ, ਜਿਸ ਵਿਚ ਪੰਛੀ ਅਤੇ ਸੰਭਵ ਤੌਰ 'ਤੇ ਮੱਛੀ, ਇੱਲਾਂ, ਸ਼ੈਲਫਿਸ਼, ਸਟੂਜ਼, ਸਬਜ਼ੀਆਂ ਅਤੇ ਬੀਅਰ ਸ਼ਾਮਲ ਸਨ। ਕਿਉਂਕਿ ਪਲਾਈਮਾਊਥ ਵਿਚ ਕੁਝ ਇਮਾਰਤਾਂ ਅਤੇ ਨਿਰਮਿਤ ਸਮਾਨ ਸਨ, ਜ਼ਿਆਦਾਤਰ ਲੋਕ ਬਾਹਰ ਜ਼ਮੀਨ 'ਤੇ ਜਾ ਬੈਠ ਕੇ ਖਾਂਦੇ ਸਨ। ਉਨ੍ਹਾਂ ਦੀਆਂ ਗੋਦੀਆਂ ਵਿਚ ਪਲੇਟਾਂ ਦੇ ਨਾਲ ਬੈਰਲ, ਬੰਦੂਕਾਂ ਨੇ ਗੋਲੀਆਂ ਚਲਾਈਆਂ, ਰੇਸ ਲਗਾਈ ਅਤੇ ਸ਼ਰਾਬ ਪੀਤੀ, ਟੁੱਟੀ ਹੋਈ ਅੰਗਰੇਜ਼ੀ ਅਤੇ ਵੈਂਪਾਨੋਗ ਵਿਚ ਬੋਲਣ ਲਈ ਸੰਘਰਸ਼ ਕੀਤਾ। ਇਹ ਇਕ ਬਹੁਤ ਹੀ ਗੜਬੜ ਵਾਲਾ ਮਾਮਲਾ ਸੀ, ਪਰ ਇਸ ਨੇ ਦੋ ਸਮੂਹਾਂ ਵਿਚਕਾਰ ਇਕ ਸੰਧੀ 'ਤੇ ਮੋਹਰ ਲਗਾ ਦਿੱਤੀ ਜੋ ਕਿ ਕਿੰਗ ਫਿਲਿਪ ਦੇ ਯੁੱਧ (1675-76) ਤੱਕ ਚੱਲੀ, ਜਿਸ ਵਿਚ ਸੈਂਕੜੇ ਬਸਤੀਵਾਦੀ ਅਤੇ ਹਜ਼ਾਰਾਂ ਮੂਲ ਅਮਰੀਕੀਆਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ।




ਨਿਊ-ਇੰਗਲੈਂਡ ਦੇ ਬਸਤੀਵਾਦੀ ਨਿਯਮਿਤ ਤੌਰ 'ਤੇ 'ਥੈਂਕਸਗਿਵਿੰਗਜ਼'' ਮਨਾਉਣ ਦੇ ਆਦੀ ਸਨ, ਪ੍ਰਾਰਥਨਾ ਦੇ ਦਿਨ ਜਿਵੇਂ ਕਿ ਫੌਜੀ ਜਿੱਤ ਜਾਂ ਸੋਕੇ ਦੇ ਅੰਤ ਵਰਗੀਆਂ ਅਸੀਸਾਂ ਲਈ ਪਰਮੇਸ਼ਰ ਦਾ ਧੰਨਵਾਦ ਕਰਨ ਲਈ। ਯੂ. ਐਸ. ਮਹਾਂਦੀਪੀ ਕਾਂਗਰਸ ਨੇ ਸੰਵਿਧਾਨ ਦੇ ਲਾਗੂ ਹੋਣ 'ਤੇ ਇਕ ਰਾਸ਼ਟਰੀ ਥੈਂਕਸਗਿਵਿੰਗ ਦਾ ਐਲਾਨ ਕੀਤਾ, ਉਦਾਹਰਣ ਵਜੋਂ। ਫਿਰ ਵੀ, 1798 ਤੋਂ ਬਾਅਦ, ਨਵੀਂ ਅਮਰੀਕੀ ਕਾਂਗਰਸ ਨੇ ਰਾਜਾਂ ਲਈ ਥੈਂਕਸਗਿਵਿੰਗ ਘੋਸ਼ਣਾਵਾਂ ਛੱਡ ਦਿੱਤੀਆਂ, ਕੁਝ ਲੋਕਾਂ ਨੇ ਰਾਸ਼ਟਰੀ ਸਰਕਾਰ ਦੇ ਧਾਰਮਿਕ ਸਮਾਰੋਹ ਵਿਚ ਸ਼ਾਮਲ ਹੋਣ 'ਤੇ ਇਤਰਾਜ਼ ਕੀਤਾ, ਦੱਖਣੀ ਲੋਕ ਨਿਊ-ਇੰਗਲੈਂਡ ਦੇ ਰਿਵਾਜ ਨੂੰ ਅਪਣਾਉਣ ਵਿਚ ਹੌਲੀ ਸਨ, ਅਤੇ ਦੂਜਿਆਂ ਦੇ ਪੱਖਪਾਤੀ ਭਾਸ਼ਣਾਂ ਅਤੇ ਪਰੇਡਾਂ ਦੇ ਆਯੋਜਨ ਲਈ ਦਿਨ ਦੇ ਵਰਤੇ ਜਾਣ 'ਤੇ ਅਪਰਾਧ ਕੀਤਾ। ਇਕ ਰਾਸ਼ਟਰੀ ਥੈਂਕਸਗਿਵਿੰਗ ਦਿਵਸ ਇਕ ਏਕੀਕ੍ਰਿਤ ਸ਼ਕਤੀ ਨਾਲੋਂ ਵਿਵਾਦ ਲਈ ਇਕ ਬਿਜਲੀ ਦੇ ਡੰਡੇ ਵਾਂਗ ਜਾਪਦਾ ਸੀ।

ਥੈਂਕਸਗਿਵਿੰਗ ਡੇ ਉਦੋਂ ਤੱਕ ਅਧਿਕਾਰਿਤ ਛੁੱਟੀ ਨਹੀਂ ਬਣ ਗਿਆ ਜਦੋਂ ਤੱਕ ਉੱਤਰੀ ਲੋਕਾਂ ਦਾ ਸੰਘੀ ਸਰਕਾਰ ਉੱਤੇ ਦਬਦਬਾ ਨਹੀਂ ਸੀ। ਜਦੋਂ ਕਿ 19ਵੀਂ ਸਦੀ ਦੇ ਮੱਧ ਵਿਚ ਵਿਭਾਗੀ ਤਣਾਅ ਦਾ ਬੋਲਬਾਲਾ ਸੀ, ਪ੍ਰਸਿੱਧ ਮੈਗਜ਼ੀਨ 'ਗੋਡੇ ਦੀ ਲੇਡੀਜ਼ ਬੁੱਕ' ਦੇ ਸੰਪਾਦਕ, ਸਾਰਾਹ ਜੋਸੇਫਾ ਹੇਲ, ਨੇ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਇਕ ਰਾਸ਼ਟਰੀ ਥੈਂਕਸਗਿਵਿੰਗ ਦਿਵਸ ਲਈ ਮੁਹਿੰਮ ਚਲਾਈ। ਅੰਤ ਵਿਚ ਉਸਨੇ ਰਾਸ਼ਟਰਪਤੀ ਦਾ ਸਮਰਥਨ ਜਿੱਤ ਲਿਆ ਅਬਰਾਹਿੰਮ ਲਿੰਕਨ 3 ਅਕਤੂਬਰ, 1863 ਨੂੰ, ਘਰੇਲੂ ਯੁੱਧ ਦੌਰਾਨ, ਲਿੰਕਨ ਨੇ ਵੀਰਵਾਰ, 26 ਨਵੰਬਰ ਨੂੰ ਮਨਾਏ ਜਾਣ ਲਈ ਧੰਨਵਾਦ ਦਾ ਰਾਸ਼ਟਰੀ ਦਿਵਸ ਘੋਸ਼ਿਤ ਕੀਤਾ।

ਇਸ ਤੋਂ ਬਾਅਦ ਹਰ ਰਾਸ਼ਟਰਪਤੀ ਦੁਆਰਾ ਹਰ ਸਾਲ ਦੀ ਛੁੱਟੀ ਘੋਸ਼ਣਾ ਕੀਤੀ ਜਾਂਦੀ ਸੀ ਅਤੇ ਚੁਣੀ ਗਈ ਤਾਰੀਖ, ਕੁਝ ਅਪਦਾਵਾਂ ਦੇ ਨਾਲ, ਨਵੰਬਰ ਦਾ ਆਖਰੀ ਵੀਰਵਾਰ ਸੀ। ਪ੍ਰਧਾਨ ਫ੍ਰੈਂਕਲਿਨ ਡੀ. ਰੂਜ਼ਵੈਲਟ ਨੇ, ਹਾਲਾਂਕਿ, ਕ੍ਰਿਸਮਸ ਦੇ ਖਰੀਦਦਾਰੀ ਸੀਜ਼ਨ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ, ਜੋ ਆਮ ਤੌਰ 'ਤੇ ਥੈਂਕਸਗਿਵਿੰਗ ਛੁੱਟੀਆਂ ਨਾਲ ਸ਼ੁਰੂ ਹੁੰਦਾ ਹੈ ਅਤੇ ਮਿਤੀ ਨੂੰ ਇਕ ਹਫਤਾ ਪਿੱਛੇ ਲੈ ਕੇ, ਨਵੰਬਰ ਦੇ ਤੀਜੇ ਹਫਤੇ ਤੱਕ ਆਰਥਿਕਤਾ ਨੂੰ ਹੁਲਾਰਾ ਦੇਣ ਲਈ। ਪਰ ਸਾਰੇ ਰਾਜਾਂ ਨੇ ਇਸ ਦੀ ਪਾਲਣਾ ਨਹੀਂ ਕੀਤੀ, ਅਤੇ 1941 ਵਿਚ ਕਾਂਗਰਸ ਦੇ ਇਕ ਸਾਂਝੇ ਮਤੇ ਤੋਂ ਬਾਅਦ, ਰੂਜ਼ਵੈਲਟ ਨੇ 1942 ਵਿਚ ਨਵੰਬਰ ਵਿਚ ਚੋਥੇ ਵੀਰਵਾਰ (ਜੋ ਹਮੇਸ਼ਾ ਆਖਰੀ ਵੀਰਵਾਰ ਨਹੀਂ ਹੁੰਦਾ) ਨੂੰ ਥੈਂਕਸਗਿਵਿੰਗ ਦਿਵਸ ਵਜੋਂ ਮਨੋਨੀਤ ਕਰਨ ਲਈ ਇਕ ਘੋਸ਼ਣਾ ਜਾਰੀ ਕੀਤੀ।

ਜਿਵੇਂ ਕਿ ਦੇਸ਼ ਵਧੇਰੇ ਸ਼ਹਿਰੀ ਬਣ ਗਿਆ ਅਤੇ ਪਰਿਵਾਰ ਦੇ ਮੈਂਬਰ ਦੂਰ ਰਹਿਣ ਲੱਗ ਪਏ, ਥੈਂਕਸਗਿਵਿੰਗ ਇਕੱਠੇ ਹੋਣ ਦਾ ਸਮਾਂ ਬਣ ਗਿਆ। ਹਰ ਪਿਛੋਕੜ ਦੇ ਪ੍ਰਵਾਸੀਆਂ ਨੂੰ ਇਕ ਸਾਂਝੀ ਪ੍ਰੰਪਰਾ ਵਿਚ ਹਿੱਸਾ ਲੈਣ ਦੀ ਇਜਾਜ਼ਤ ਦੇਣ ਲਈ ਛੁੱਟੀਆਂ ਆਪਣੀਆਂ ਧਾਰਮਿਕ ਜੜ੍ਹਾਂ ਤੋਂ ਦੂਰ ਹੋ ਗਈਆਂ ਤੇ ਫੁੱਟਬਾਲ ਗੇਮਾਂ, 1876 ਵਿਚ ਯੇਲ ਬਨਾਮ ਪ੍ਰਿਸਟਨ ਨਾਲ ਸ਼ੁਰੂ ਹੋਈਆਂ, ਨੇ ਪ੍ਰਸ਼ੰਸਕਾਂ ਨੂੰ ਛੁੱਟੀਆਂ ਵਿਚ ਕੁਝ ਰੌਲਾ ਪਾਉਣ ਦੇ ਯੋਗ ਬਣਾਇਆ। 1800 ਦੇ ਦਹਾਕੇ ਦੇ ਅਖੀਰ ਵਿਚ, ਪੁਸ਼ਾਕ ਪਹਿਨਣ ਵਾਲਿਆਂ ਦੀਆਂ ਪਰੇਡਾਂ ਆਮ ਹੋ ਗਈਆਂ। 1920 ਵਿਚ ਫਿਲਾਡੇਲਫੀਆ ਵਿਚ ਗਿੰਬਲ ਦੇ ਡਿਪਾਰਟਮੈਂਟ ਸਟੋਰ ਨੇ ਜਲੂਸ ਦੇ ਪਿਛਲੇ ਪਾਸੇ ਸੈਂਟਾ ਕਲਾਜ਼ ਦੇ ਨਾਲ ਲਗਭਗ 50 ਲੋਕਾਂ ਦੀ ਪਰੇਡ ਕੀਤੀ। 1924 ਤੋਂ ਸਾਲਾਨਾ ਨਿਊਯਾਰਕ ਸਿਟੀ ਵਿਚ ਮੇਸੀ ਦੀ ਪਰੇਡ ਨੇ 1927 ਤੋਂ ਵੱਡੇ ਗੁਬਾਰਿਆਂ ਨਾਲ ਪ੍ਰੰਪਰਾ ਨੂੰ ਜਾਰੀ ਰੱਖਿਆ ਹੈ। ਪਿਲਗ੍ਰਿਮਜ਼ ਅਤੇ ਮੂਲ ਅਮਰੀਕੀਆਂ ਨਾਲ ਜੁੜੀ ਛੁੱਟੀ ਅੰਤਰ ਸਭਿਆਚਾਰਕ ਸ਼ਾਂਤੀ, ਨਵੇਂ ਆਉਣ ਵਾਲਿਆਂ ਲਈ ਅਮਰੀਕਾ ਦੇ ਮੌਕੇ, ਅਤੇ ਘਰ ਅਤੇ ਪਰਿਵਾਰ ਦੀ ਪਵਿੱਤਰਤਾ ਦਾ ਪ੍ਰਤੀਕ ਹੈ।

ਧੰਨਵਾਦ ਦੇ ਦਿਨ ਕੈਨੇਡਾ ਵੀ ਬਸਤੀਵਾਦੀ ਦੌਰ ਵਿਚ ਉਤਪੰਨ ਹੋਇਆ ਸੀ, ਉਸੇ ਯੂਰਪੀਅਨ ਪ੍ਰੰਪਰਾਵਾਂ ਤੋਂ ਪੈਦਾ ਹੋਇਆ, ਸੁਰੱਖਿਅਤ ਯਾਤਰਾਵਾਂ, ਸ਼ਾਂਤੀ ਅਤੇ ਭਰਪੂਰ ਫਸਲਾਂ ਲਈ ਧੰਨਵਾਦ ਵਜੋਂ। ਸਭ ਤੋਂ ਪਹਿਲਾ ਜਸ਼ਨ 1578 ਵਿਚ ਆਯੋਜਿਤ ਕੀਤਾ ਗਿਆ ਸੀ, ਜਦੋਂ ਇਕ ਮੁਹਿੰਮ ਦੀ ਅਗਵਾਈ ਕੀਤੀ ਗਈ ਸੀ। ਮਾਰਟਿਨ ਫਰੋਬਿਸ਼ਰ ਨੇ ਆਪਣੇ ਫਲੀਟ ਦੀ ਸੁਰੱਖਿਆ ਲਈ ਧੰਨਵਾਦ ਕਰਨ ਲਈ ਅਜੋਕੇ ਨੂਨਾਵਤ ਵਿਚ ਇਕ ਸਮਾਰੋਹ ਆਯੋਜਿਤ ਕੀਤਾ। 1879 ਵਿਚ ਸੰਸਦ ਨੇ 6 ਨਵੰਬਰ ਨੂੰ ਇਕ ਰਾਸ਼ਟਰੀ ਥੈਂਕਸਗਿਵਿੰਗ ਦਿਵਸ ਦੀ ਸਥਾਪਨਾ ਕੀਤੀ; ਮਿਤੀ ਸਾਲਾਂ ਵਿਚ ਬਦਲਦੀ ਰਹੀ ਹੈ। ਕੈਨੇਡਾ ਵਿਚ 1957 ਤੋਂ ਥੈਂਕਸਗਿਵਿੰਗ ਦਿਵਸ ਅਕਤੂਬਰ ਦੇ ਦੂਜੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ।

ਨਾਰਫੋਕ ਟਾਪੂ ਦੇ ਆਸਟ੍ਰੇਲੀਆਈ ਬਾਹਰੀ ਖੇਤਰ ਵਿਚ, ਥੈਂਕਸਗਿਵਿੰਗ ਨਵੰਬਰ ਦੇ ਆਖਰੀ ਬੁੱਧਵਾਰ ਨੂੰ ਮਨਾਇਆ ਜਾਂਦਾ ਹੈ, ਜਿਵੇਂ ਕਿ ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਦੇ ਅਮਰੀਕੀ ਮਹੀਨੇ ਦੇ ਆਖਰੀ ਵੀਰਵਾਰ ਨੂੰ ਮਨਾਇਆ ਜਾਂਦਾ ਸੀ। ਬ੍ਰਾਜ਼ੀਲ ਵਿਚ, 1966 ਵਿਚ ਕਾਨੂੰਨ 5110 ਨੇ ਸਥਾਪਤ ਕੀਤਾ ਕਿ ਥੈਂਕਸਗਿਵਿੰਗ ਜਸ਼ਨ ਨਵੰਬਰ ਦੇ ਚੌਥੇ ਵੀਰਵਾਰ ਨੂੰ ਮਨਾਇਆ ਜਾਂਦਾ ਹੈ। ਵੈਸਟ ਇੰਡੀਅਨ ਟਾਪੂ, ਗ੍ਰੇਨਾਡਾ, ਕੈਰੇਬੀਅਨ ਵਿਚ, ਇਕ ਰਾਸ਼ਟਰੀ ਛੁੱਟੀ ਹੈ ਜਿਸਨੂੰ ਥੈਂਕਸਗਿਵਿੰਗ ਡੇ ਵਜੋਂ ਜਾਣਿਆ ਜਾਂਦਾ ਹੈ ਜੋ ਕਿ 25 ਅਕਤੂਬਰ ਨੂੰ ਮਨਾਇਆ ਜਾਂਦਾ ਹੈ। ਪੱਛਮੀ ਅਫਰੀਕੀ ਦੇਸ਼ ਲਾਇਬੇਰੀਆ ਵਿਚ, ਥੈਂਕਸਗਿਵਿੰਗ ਨਵੰਬਰ ਦੇ ਪਹਿਲੇ ਵੀਰਵਾਰ ਨੂੰ ਮਨਾਇਆ ਜਾਂਦਾ ਹੈ। ਨਵੰਬਰ ਦੇ ਪਹਿਲੇ ਬੁੱਧਵਾਰ ਨੂੰ ਨੀਦਰਲੈਂਡ ਵਿਚ ਆਰਥੋਡਾਕਸ ਪ੍ਰੋਟੈਸਟੈਂਟ ਚਰਚਾਂ ਦੁਆਰਾ ਥੈਂਕਸਗਿਵਿੰਗ ਮਨਾਈ ਜਾਂਦੀ ਹੈ। ਰਵਾਂਡਾ ਵਿਚ ਇਸ ਦਿਵਸ ਨੂੰ ਉਮੁਗਾਨੁਮਾ ਦਿਵਸ ਕਿਹਾ ਜਾਂਦਾ ਹੈ, ਇਹ ਰਵਾਂਡਾ ਵਿਚ ਵਾਢੀ ਦੀ ਸ਼ੁਰੂਆਤ ਨੂੰ ਦਰਸਾਉਣ ਲਈ ਇਕ ਥੈਂਕਸਗਿਵਿੰਗ ਤਿਉਹਾਰ ਹੈ। ਇਹ ਅਗਸਤ ਦੇ ਪਹਿਲੇ ਸ਼ੁੱਕਰਵਾਰ ਨੂੰ ਮਨਾਇਆ ਜਾਂਦਾ ਹੈ। ਸੇਂਟ ਲੂਸੀਆ ਦੀ ਕੌਮ ਅਕਤੂਬਰ ਦੇ ਪਹਿਲੇ ਸੋਮਵਾਰ ਨੂੰ ਥੈਂਕਸਗਿਵਿੰਗ ਡੇ ਮਨਾਉਂਦੀ ਹੈ। ਜਪਾਨ ਵਿਚ ਲੇਬਰ ਥੈਂਕਸਗਿਵਿੰਗ ਡੇ ਵਜੋਂ ਇਕ ਰਾਸ਼ਟਰੀ ਛੁੱਟੀ ਹੈ। ਇਹ ਹਰ ਸਾਲ 23 ਨਵੰਬਰ ਨੂੰ ਹੁੰਦਾ ਹੈ। ਛੁੱਟੀ ਦੀ ਸਥਾਪਨਾ ਕਰਨ ਵਾਲਾ ਕਾਨੂੰਨ, ਜੋ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕੀ ਕਬਜ਼ੇ ਦੌਰਾਨ ਅਪਣਾਇਆ ਗਿਆ ਸੀ, ਇਸ ਨੂੰ ਕਿਰਤ ਅਤੇ ਉਤਪਾਦਨ ਦੀ ਯਾਦ ਦਿਵਾਉਣ ਅਤੇ ਇਕ ਦੂਜੇ ਦਾ ਧੰਨਵਾਦ ਕਰਨ ਦੇ ਮੌਕੇ ਵਜੋਂ ਹਵਾਲਾ ਦਿੰਦਾ ਹੈ। ਇਸ ਦੀਆਂ ਜੜ੍ਹਾਂ ਪ੍ਰਾਚੀਨ ਸ਼ਿੰਟੋ ਵਾਢੀ ਦੀ ਰਸਮ ਵਿਚ ਹਨ।

ਯੂਨਾਈਟਿਡ ਕਿੰਗਡਮ ਵਿਚ ਥੈਂਕਸਗਿਵਿੰਗ ਦੇ ਹਾਰਵੈਸਟ ਫੈਸਟੀਵਲ ਦੀ ਯੂਨਾਈਟਿਡ ਕਿੰਗਡਮ ਵਿਚ ਕੋਈ ਅਧਿਕਾਰਿਤ ਤਾਰੀਖ ਨਹੀਂ ਹੈ; ਹਾਲਾਂਕਿ, ਇਹ ਰਵਾਇਤੀ ਤੌਰ 'ਤੇ ਵਾਢੀ ਦੇ ਚੰਦਰਮਾ ਦੇ ਐਤਵਾਰ ਨੂੰ ਜਾਂ ਇਸ ਦੇ ਨੇੜੇ ਆਯੋਜਿਤ ਕੀਤਾ ਜਾਂਦਾ ਹੈ ਜੋ ਪਤਝੜ ਸਮੁੱਚੀ ਦੇ ਸਭ ਤੋਂ ਨੇੜੇ ਹੁੰਦਾ ਹੈ। ਬਰਤਾਨੀਆ ਵਿਚ ਹਾਰਵੈਸਟ ਥੈਂਕਸਗਿਵਿੰਗ ਦੀ ਵੀ ਪੂਰਵ-ਇਸਾਈ ਜੜ੍ਹਾਂ ਹਨ ਜਦੋਂ ਸੈਕਸਨ ਜਣਨ ਦੇਵਤਿਆਂ ਨੂੰ ਜੌਂ, ਜਵੀ ਜਾਂ ਕਣਕ ਦੀ ਪਹਿਲੀ ਸ਼ੀਫ ਪੇਸ਼ ਕਰਨਗੇ। ਜਦੋਂ ਅੰਤ ਵਿਚ ਵਾਢੀ ਇਕੱਠੀ ਕੀਤੀ ਜਾਂਦੀ ਹੈ ਤਾਂ ਭਾਈਚਾਰੇ ਵਾਢੀ ਦੇ ਖਾਣੇ ਲਈ ਇਕੱਠੇ ਹੁੰਦੇ ਸਨ। ਜਦੋਂ ਇਸਾਈ ਧਰਮ ਬਰਤਾਨੀਆ ਵਿਚ ਆਇਆ ਤਾਂ ਬਹੁਤ ਸਾਰੀਆਂ ਪ੍ਰੰਪਰਾਵਾਂ ਬਣੀਆਂ ਹੋਈਆਂ ਸਨ ਅਤੇ ਅੱਜ ਹਾਰਵੈਸਟ ਫੈਸਟੀਵਲ ਨੂੰ ਚਰਚਾਂ ਅਤੇ ਸਕੂਲਾਂ ਦੁਆਰਾ ਸਤੰਬਰ ਦੇ ਅਖੀਰੀ ਅਕਤੂਬਰ ਦੇ ਸ਼ੁਰੂ ਵਿਚ (ਕੈਨੇਡਾ ਵਾਂਗ) ਗਾਉਣ, ਪ੍ਰਾਰਥਨਾ ਕਰਨ ਭੋਜਨ ਅਤੇ ਫਲਾਂ ਦੀਆਂ ਟੋਕਰੀਆਂ ਨਾਲ ਸਜਾਉਣ ਦੇ ਨਾਲ ਮਨਾਇਆ ਜਾਂਦਾ ਹੈ। ਵਾਢੀ ਅਤੇ ਧੰਨਵਾਦ ਕਰਨ ਲਈ ਭੋਜਨ ਦੇ ਸੰਗ੍ਰਹਿ ਆਮ ਤੌਰ 'ਤੇ ਰੱਖੇ ਜਾਂਦੇ ਹਨ ਜੋ ਫਿਰ ਸਥਾਨਕ ਚੈਰਿਟੀਆਂ ਨੂੰ ਦਿੱਤੇ ਜਾਂਦੇ ਹਨ ਜੋ ਬੇਘਰਿਆਂ ਅਤੇ ਲੋੜਵੰਦਾਂ ਦੀ ਮਦਦ ਕਰਦੇ ਹਨ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਗਰ ਸੂਦ ਨੂੰ ਮਿਲਿਆ ਗਿਆਨੀ ਸੰਤ ਸਿੰਘ ਪੁਰਸਕਾਰ

ਪਟਿਆਲਾ ਨਿਵਾਸੀ ਪ੍ਰਸਿੱਧ ਨੌਜਵਾਨ ਸ਼ਾਇਰ ਸਾਗਰ ਸੂਦ ਦੀ ਪੁਸਤਕ "ਸਾਗਰ ਕੀ ਗਹਿਰਾਈ ਸੇ" ਹਿੰਦੀ ਗ਼ਜ਼ਲ ਸੰਗ੍ਰਹਿ ਨੂੰ ਪੰਜਾਬ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਗੋਲਡਨ ਜੁਬਲੀ ਕੰਨਵੇਂਸ਼ਨਲ ਹਾਲ ਵਿੱਚ ਸਰਵੋਤਮ ਪੁਸਤਕ ਦੇ ਰੂਪ ਵਿੱਚ 2019 ਲਈ "ਗਿਆਨੀ ਸੰਤ ਸਿੰਘ ਪੁਰਸਕਾਰ" ਸ਼ਾਲ, ਸਨਮਾਨ ਚਿੰਨ, ਸਰਟੀਫਿਕੇਟ ਅਤੇ 21000/- ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਕੈਬਨਿਟ ਮੰਤਰੀ ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਜੀ ਨੇ ਦਿੱਤਾ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਸਾਗਰ ਸੂਦ ਪਿਛਲੇ ਕਈ ਦਹਾਕਿਆਂ ਤੋਂ ਆਹਿੰਦੀ ਖੇਤਰ ਵਿੱਚ ਰਹਿੰਦੇ ਹੋਏ ਵੀ ਹਿੰਦੀ ਤੇ ਪ੍ਰਸਾਰ ਲਈ ਬਹੁਤ ਕੰਮ ਕਰ ਰਹੇ ਹਨ। ਇਹਨਾਂ ਦੀਆਂ 80 ਦੇ ਕਰੀਬ ਮੌਲਿਕ ਤੇ 100 ਤੋਂ ਉੱਤੇ ਸੰਪਾਦਿਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

**- ਪ੍ਰੋ. ਗਗਨਦੀਪ ਕੌਰ ਧਾਲੀਵਾਲ**



# ਸਿੱਖਸ ਆਫ ਅਮਰੀਕਾ ਨੇ ਅਮਰੀਕਾ ਪੁੱਜੇ ਸਿੱਖ ਲੀਡਰ ਮਨਜੀਤ ਸਿੰਘ ਜੀ.ਕੇ. ਦਾ ਕੀਤਾ ਨਿੱਘਾ ਸਵਾਗਤ

## ਚੇਅਰਮੈਨ ਜਸਦੀਪ ਸਿੰਘ ਦੀ ਅਗਵਾਈ 'ਚ ਸੈਂਟਰ ਫਾਰ ਸੋਸ਼ਲ ਚੇਂਜ 'ਚ ਕੀਤਾ ਗਿਆ ਸਮਾਗਮ









**ਵਾਸ਼ਿੰਗਟਨ, 20 ਨਵੰਬਰ (ਰਾਜ ਗੋਗਨਾ)-** ਅੱਜ ਸਿੱਖਸ ਆਫ ਅਮਰੀਕਾ ਵਲੋਂ ਅਮਰੀਕਾ ਪੁੱਜੇ ਜਾਗੋ ਪਾਰਟੀ ਦੇ ਸੰਸਥਾਪਕ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਸਿੱਖ ਆਗੂ ਸ: ਮਨਜੀਤ ਸਿੰਘ ਜੀ.ਕੇ. ਦਾ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸੈਂਟਰ ਫਾਰ ਸੋਸ਼ਲ ਚੇਂਜ, ਮੈਰੀਲੈਂਡ 'ਚ ਸਵਾਗਤੀ ਸਮਾਗਮ ਦਾ ਅਯੋਜਨ ਕਰ ਕੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਸਮਾਗਮ ਵਿਚ ਡੀ.ਐੱਮ.ਵੀ. ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਧਾਨ, ਅਹੁਦੇਦਾਰ, ਮੈਂਬਰ ਤੇ ਭਾਈਚਾਰੇ ਦੇ ਪਤਵੰਤੇ ਸੱਜਣਾਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕੀਤੀ। ਇਸ ਦੌਰਾਨ ਸਿੱਖ ਮਸਲਿਆਂ ਉੱਪਰ ਗੰਭੀਰ ਚਰਚਾ ਕੀਤੀ ਗਈ। ਵਿਸ਼ਵ ਪੱਧਰ 'ਤੇ ਸਿੱਖਾਂ ਦੇ ਦਰਪੇਸ਼ ਮਸਲਿਆਂ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਗਿਆ। ਇਸ ਦੌਰਾਨ ਬੋਲਦਿਆਂ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਅਮਰੀਕਾ ਵਿਚ ਸਿੱਖ ਮਸਲਿਆਂ ਦੇ ਹੱਲ ਲਈ ਕੀਤੇ ਜਾ ਰਹੇ ਯਤਨਾਂ ਦੀ ਜਾਣਕਾਰੀ ਸ੍ਰ. ਮਨਜੀਤ ਸਿੰਘ ਜੀ.ਕੇ. ਤੇ ਆਏ ਹੋਏ ਪਤਵੰਤਿਆਂ ਨਾਲ ਸਾਂਝੀ ਕੀਤੀ ਜਿਸ ਦੇ ਬਾਰੇ ਮੌਜੂਦਾ ਸਮੇਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਰਤ ਖਾਸਕਰ ਪੰਜਾਬ ਵਿਚ ਸਿੱਖਾਂ ਨੂੰ ਦਰਪੇਸ਼ ਗੰਭੀਰ ਮਸਲਿਆਂ ਬਾਰੇ ਸਾਰੇ ਭਾਈਚਾਰੇ ਨੇ ਸਿਰ ਜੋੜ ਕੇ ਗੰਭੀਰਤਾ ਪੂਰਵਕ ਚਰਚਾ ਕੀਤੀ ਅਤੇ ਭਵਿੱਖ ਵਿਚ ਅਜਿਹੇ ਮਸਲਿਆਂ ਨੂੰ ਸਿੱਖਸ ਆਫ ਅਮਰੀਕਾ ਨਾਲ ਮਿਲ ਕੇ ਉਠਾਉਣ ਦੀ ਵਚਨਬੱਧਤਾ ਦੁਹਰਾਈ। ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਮਨਜੀਤ ਸਿੰਘ ਜੀ.ਕੇ. ਦੀ ਲੀਡਰਸ਼ਿਪ ਲਈ ਧੰਨਵਾਦ ਕੀਤਾ। ਉਨਾਂ ਨੇ ਮਨਜੀਤ ਸਿੰਘ ਜੀ.ਕੇ. ਤੇ ਉਹਨਾਂ ਦੇ ਪਿਤਾ ਜਥੇਦਾਰ ਸ੍ਰ. ਸੰਤੋਖ ਸਿੰਘ ਵਲੋਂ ਸਿੱਖ ਕੌਮ ਲਈ ਕੀਤੀਆਂ ਸੇਵਾਵਾਂ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਕਿਹਾ ਕਿ ਮਨਜੀਤ ਸਿੰਘ ਜੀ.ਕੇ ਜਿਹੜੇ ਵੀ ਮਸਲੇ ਭਾਰਤ ਵਿਚ ਸਿੱਖ ਕੌਮ ਲਈ ਚੁੱਕਣਗੇ ਸਿੱਖਸ ਆਫ ਅਮਰੀਕਾ ਉਹਨਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜਾ ਹੋਵੇਗਾ। ਮੈਨੇਜਮੈਂਟ ਵਲੋਂ ਉਹਨਾਂ ਨੂੰ ਬਲਜਿੰਦਰ ਸਿੰਘ ਸ਼ੰਮੀ, ਸੁਖਪਾਲ ਸਿੰਘ ਧਨੋਆ, ਕਮਲਜੀਤ ਸਿੰਘ ਸੋਨੀ ਤੇ ਸਿੱਖਸ ਆਫ ਅਮਰੀਕਾ ਦੇ ਡਾਇਰੈਕਟਰਸ ਨੇ ਉਹਨਾਂ ਨੂੰ ਤਲਵਾਰ ਤੇ ਮਮੈਂਟੋ ਭੇਂਟ ਕੀਤੇ। ਮੰਚ ਸੰਚਾਲਨ ਵਾਈਟ ਹਾਊਸ ਦੇ ਉੱਘੇ ਸਿੱਖ ਪੱਤਰਕਾਰ ਤੇ ਟੀ.ਵੀ. ਐਂਕਰ ਸਰਦਾਰ ਸੁਖਪਾਲ ਸਿੰਘ ਧਨੋਆ ਨੇ ਕੀਤਾ। ਮਨਜੀਤ ਸਿੰਘ ਜੀ.ਕੇ ਨੇ ਸਿੱਖਸ ਆਫ ਅਮਰੀਕਾ ਵਲੋਂ ਛੋਟੇ ਜਿਹੇ ਸੱਦੇ ਉੱਤੇ ਏਨੇ ਵਧੀਆ ਸਮਾਗਮ ਬਾਰੇ ਬੋਲਦਿਆਂ ਸਿੱਖਸ ਆਫ ਅਮ-ਰੀਕਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖ ਕੌਮ ਇਕ ਬੜੇ ਹੀ ਨਾਜ਼ੁਕ ਸਮੇਂ ਵਿਚੋਂ ਗੁਜ਼ਰ ਰਹੀ ਹੈ ਤੇ ਸਿੱਖ ਮਸਲਿਆਂ ਨੂੰ ਗੱਲਬਾਤ ਰਾਹੀਂ ਹੱਲ ਕਰਵਾਉਣ ਵਾਸਤੇ ਸਿੱਖ ਭਾਈਚਾਰੇ ਨੂੰ ਇਕੱਠਿਆਂ ਇਕ ਪਲੇਟਫਾਰਮ ਤੇ ਹੋਣ ਦਾ ਸੱਦਾ ਦਿੰਦਿਆਂ ਉਹਨਾਂ ਨੇ ਸਿੱਖਸ ਆਫ ਅਮਰੀਕਾ ਦਾ ਇਸ ਸਮਾਗਮ ਦੇ ਅਯੋਜਨ ਲਈ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ।

ਇਸ ਸਮਾਗਮ ਵਿਚ ਸਤਪਾਲ ਸਿੰਘ ਬਰਾੜ, ਜਰਨੈਲ ਸਿੰਘ ਟੀਟੂ, ਜੋਗਿੰਦਰ ਸਿੰਘ ਸਮਰਾ, ਤਰਲੋਚਨ ਸਿੰਘ, ਦਵਿੰਦਰ ਸਿੰਘ, ਚਤਰ ਸਿੰਘ, ਹਰਬੀਰ ਬੱਤਰਾ, ਪ੍ਰਭਜੋਤ ਬੱਤਰਾ, ਰਾਜ ਸੈਣੀ, ਸ਼੍ਰੀਮਤੀ ਰਾਜ ਸੈਣੀ, ਦਿਲਵੀਰ ਸਿੰਘ, ਰਤਨ ਸਿੰਘ, ਜਸਵੰਤ ਧਾਲੀਵਾਲ, ਚਰਨਜੀਤ ਧਾਲੀਵਾਲ ਸਰਪੰਚ, ਮਾਸਟਰ ਧਰਮਪਾਲ ਸਿੰਘ ਸਨ, ਚੰਚਲ ਧਾਲੀਵਾਲ, ਕਰਮਜੀਤ ਸਿੰਘ, ਰਾਜਾ ਸਿੰਘ, ਬਲਜੀਤ ਸਿੰਘ ਬੱਲੀ, ਸਰਬਜੀਤ ਸਿੰਘ, ਸਰਬਜੀਤ ਢਿੱਲੋਂ, ਸੰਨੀ ਮੱਲੀ, ਸੁਰਿੰਦਰ ਸਿੰਘ ਬੱਬੂ, ਸੁਖਵਿੰਦਰ ਸਿੰਘ ਘੋਗਾ, ਵਰਿੰਦਰ ਸਿੰਘ (ਅਮੇਜ਼ਿੰਗ ਟੀ.ਵੀ.), ਸਰਮੁੱਖ ਸਿੰਘ ਮਣਕੂ, ਇੰਦਰਜੀਤ ਸਿੰਘ ਗੁਜਰਾਲ, ਭੋਗਲ ਸਿੰਘ, ਜੈਮੋਦ ਨਿੱਬਰ, ਸ੍ਰ. ਪ੍ਰਿਤਪਾਲ ਸਿੰਘ ਲੱਕੀ, ਗੁਰਮੁਖ ਸਿੰਘ, ਜਸਵਿੰਦਰ ਸਿੰਘ ਰਾਇਲ ਤਾਜ, ਹਰਜੀਤ ਸਿੰਘ ਚੰਢੋਕ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਅਮਿਟ ਪੈੜਾਂ ਛੱਡ ਗਿਆ ਪੰਜਾਬੀ ਮਾਹ ਦੀ ਲੜੀ ਦਾ ਜ਼ਿਲ੍ਹਾ ਪੱਧਰੀ ਨਾਟ-ਉਤਸਵ








**ਪਠਾਨਕੋਟ, ਨਵੰਬਰ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਵੱਲੋਂ ਮਨਾਏ ਜਾ ਰਹੇ ਪੰਜਾਬੀ ਮਾਹ ਦੀ ਲੜੀ ਤਹਿਤ ਭਾਸ਼ਾ ਵਿਭਾਗ ਪੰਜਾਬ, ਜ਼ਿਲ੍ਹਾ ਪਠਾਨਕੋਟ ਵੱਲੋਂ ਪੰਜਾਬੀ ਨਾਟਕ ਦੇ ਪਿਤਾਮਾ ਪ੍ਰੋ. ਈਸ਼ਵਰ ਚੰਦਰ ਨੰਦਾ ਜੀ ਨੂੰ ਸਮਰਪਿਤ ਨਾਟ-ਉਤਸਵ ਐਵਲਨ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਪਠਾਨਕੋਟ ਦੇ ਆਡੀਟੋਰੀਅਮ ਵਿੱਚ ਮਨਾਇਆ ਗਿਆ । ਸਮੁੱਚੇ ਪ੍ਰੋਗਰਾਮ ਦੀ ਅਗਵਾਈ ਪਠਾਨਕੋਟ ਦੇ ਸਹਾਇਕ ਕਮਿਸ਼ਨਰ (ਜਨਰਲ) ਮੇਜਰ ਡਾ. ਸੁਮਿਤ ਮੁੱਧ ਜੀ ਨੇ ਕੀਤੀ ।

ਇਸ ਸਮਾਰੋਹ ਵਿੱਚ ਜ਼ਿਲ੍ਹੇ ਦੇ ਮਾਣਯੋਗ ਡਿਪਟੀ ਕਮਿਸ਼ਨਰ ਸ. ਹਰਬੀਰ ਸਿੰਘ ਜੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦਕਿ ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਡਾ. ਅਨੂਪ ਸਿੰਘ ਨੇ ਸਮਾਰੋਹ ਦੀ ਪ੍ਰਧਾਨਗੀ ਕੀਤੀ। ਆਏ ਮਹਿਮਾਨਾਂ ਦਾ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਅਤੇ ਭਾਸ਼ਾ ਦਫ਼ਤਰ ਦੀ ਟੀਮ ਵੱਲੋਂ ਫੁੱਲਾਂ ਦੇ ਗਮਲੇ ਭੇਂਟ ਕਰਕੇ ਸਵਾਗਤ ਕੀਤਾ ਗਿਆ । ਇਸ ਉਪਰੰਤ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਨੇ ਆਏ ਮਹਿਮਾਨਾਂ ਨੂੰ ਸਵਾਗਤੀ ਬੋਲਾਂ ਰਾਹੀਂ ਜੀ ਆਇਆਂ ਨੂੰ ਕਿਹਾ ਅਤੇ ਜ਼ਿਲ੍ਹਾ ਪਠਾਨਕੋਟ ਵੱਲੋਂ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਅਤੇ ਪਿਆਰ ਲਈ ਧੰਨਵਾਦ ਕੀਤਾ ।

ਮਾਣਯੋਗ ਡਿਪਟੀ ਕਮਿਸ਼ਨਰ ਸ. ਹਰਬੀਰ ਸਿੰਘ ਜੀ ਨੇ ਮਾਂ ਬੋਲੀ ਦੇ ਮਹੱਤਵ, ਲੋੜ ਅਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਸੁਹਿਰਦ ਉਪਰਾਲਿਆਂ ਬਾਰੇ ਰੋਸ਼ਨੀ ਪਾਉਂਦਿਆਂ ਜ਼ਿਲ੍ਹਾ ਭਾਸ਼ਾ ਦਫ਼ਤਰ ਵੱਲੋਂ ਕੀਤੇ ਗਏ ਇਸ ਸਫ਼ਲ ਸਮਾਰੋਹ ਲਈ ਵਧਾਈ ਦਿੱਤੀ ।

ਸਮਾਰੋਹ ਵਿੱਚ ਸ. ਪ੍ਰਿਤਪਾਲ ਸਿੰਘ ਦੀ ਅਦਾਕਾਰੀ ਵਿੱਚ ਇੱਕ ਪਾਤਰੀ ਨਾਟਕ 'ਭਾਸ਼ਾ ਵਹਿੰਦਾ ਦਰਿਆ' ਦੀ ਖ਼ੂਬ-ਸੂਰਤ ਪੇਸ਼ਕਾਰੀ ਦਿੱਤੀ ਗਈ । ਦੂਸਰਾ ਨਾਟਕ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਦਾ ਲਿਖਿਆ 'ਕਥਾ ਇੱਕ ਕਿੰਨਰ ਦੀ' ਪੇਸ਼ ਕੀਤਾ ਗਿਆ ਜਿਸ ਦੀ ਨਿਰਦੇਸ਼ਨਾਂ ਵੀ ਸ. ਪ੍ਰਿਤਪਾਲ ਸਿੰਘ ਦੀ ਸੀ । ਸਾਹਿਤਕਾਰਾਂ, ਭਾਸ਼ਾ ਪ੍ਰੇਮੀਆਂ, ਰੰਗਕਰਮੀਆਂ, ਕਲਾਕਾਰਾਂ ਅਤੇ ਵਿਦਿਆਰਥੀਆਂ ਨਾਲ ਖਚਾਖਚ ਭਰੇ ਹਾਲ ਵਿੱਚ ਚੁੱਪ ਪਸਰੀ ਰਹੀ ਤੇ ਸਾਰਾ ਸਮਾਂ ਹਾਲ ਤਾੜੀਆਂ ਨਾਲ ਗੂੰਜਦਾ ਰਿਹਾ। ਇਸ ਸਮਾਰੋਹ ਵਿੱਚ ਨਾਟਕਾਂ ਤੋਂ ਇਲਾਵਾ ਪ੍ਰੋ. ਮੋਹਨ ਸਿੰਘ ਦੀ ਰਚਨਾ 'ਅੰਬੀ ਦੇ ਬੂਟੇ ਥੱਲੇ' ਅਧਾਰਿਤ ਕੋਰੀਓਗ੍ਰਾਫ਼ੀ, ਸਕਿੱਟ, ਲੋਕ ਗੀਤ ਅਤੇ ਲੋਕ ਨਾਚ ਖਿੱਚ ਦਾ ਕੇਂਦਰ ਰਹੇ ਤੇ ਸਾਰਾ ਸਮਾਂ ਦਰਸ਼ਕ ਮੰਤਰਮੁਗਧ ਹੋਏ ਰਹੇ । ਸ਼ਹਿਰ ਦੇ ਕਾਲਜਾਂ ਦੇ ਸਟਾਫ਼ ਅਤੇ ਵਿਦਿਆਰਥੀ ਇਸ ਪ੍ਰੋਗਰਾਮ ਨੂੰ ਵੇਖਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਪੰਜਾਬੀਅਤ ਦੇ ਰੰਗ 'ਚ ਰੰਗਿਆ ਮਾਹੌਲ ਜਿੱਥੇ ਖਿੱਚ ਕੇਂਦਰ ਸੀ, ਉੱਥੇ ਕਿਤਾਬਾਂ ਦੇ ਸਟਾਲਾਂ ਤੋਂ ਲੋਕ ਕਿਤਾਬਾਂ ਵੀ ਖਰੀਦਦੇ ਰਹੇ ।

ਇਸ ਸਮਾਰੋਹ ਵਿੱਚ ਪੰਜਾਬੀ ਮਾਂ ਬੋਲੀ ਦੀ ਤਰੱਕੀ ਲਈ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਪੰਜ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿੱਚ ਡਾ. ਕੁਲਵਿੰਦਰ ਕੌਰ ਛੀਨਾ, ਡਾ. ਰੁਪਿੰਦਰਜੀਤ ਗਿੱਲ, ਡਾ. ਵਿਸ਼ਾਲ ਕੁਮਾਰ, ਸ਼੍ਰੀ ਵਿਨੋਦ ਕੁਮਾਰ ਅਤੇ ਸ. ਪ੍ਰਿਤਪਾਲ ਸ਼ਾਮਿਲ ਸਨ। ਸਮਾਰੋਹ ਦੇ ਸਮੁੱਚੇ ਪ੍ਰਬੰਧ ਦੀ ਜ਼ਿੰਮੇਵਾਰੀ ਨੂੰ ਖੋਜ ਅਫ਼ਸਰ ਸ਼੍ਰੀ ਰਾਜੇਸ਼ ਕੁਮਾਰ ਨੇ ਬਹੁਤ ਸੋਹਣੇ ਢੰਗ ਨਾਲ ਨਿਭਾਇਆ ਜਦਕਿ ਡਾ. ਰੁਪਿੰਦਰਜੀਤ ਗਿੱਲ ਦਾ ਮੰਚ ਸੰਚਾਲਨ ਬਾਕਮਾਲ ਸੀ । ਇਸ ਸਮਾਰੋਹ ਨੂੰ ਨੇਪਰੇ ਚੜਾਉਣ ਵਿੱਚ ਪ੍ਰਿੰਸੀਪਲ ਮਨਜੀਤ ਮੱਲ, ਸਾਹਿਲ ਸ਼ਰਮਾ, ਕਮਲ ਕਿਸ਼ੋਰ ਅਤੇ ਅਨੀਤਾ ਦੀ ਭੂਮਿਕਾ ਵੀ ਅਹਿਮ ਰਹੀ ।

# ਡਾ. ਗੁਰਮੀਤ ਕੱਲਰ ਮਾਜਰੀ ਦੀ, ਦਲਿਤ ਦਾਸਤਾਨ ਦੀ ਹਾਥ ਨਾਪਦੀ ਸ਼ਾਹਕਾਰ ਰਚਨਾ 'ਪੈਰਾਂ ਦੀ ਪਿਆਸ'



**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

'ਪੈਰਾਂ ਦੀ ਪਿਆਸ' ਪੁਸਤਕ ਨਾਲ ਗੁਰਮੀਤ ਕੱਲਰ ਮਾਜਰੀ ਦੀ ਕਾਵਿ ਕਲਾ ਜਿੱਥੇ ਸ਼ਿਖਰਾਂ 'ਤੇ ਪਹੁੰਚ ਗਈ ਹੈ, ਉਥੇ ਹੀ ਉਹਨਾਂ ਨੇ ਇਸ ਰਚਨਾ ਰਾਹੀਂ ਮਨੁੱਖੀ ਦਾਸਤਾਨ ਦੀ ਡੂੰਘਾਈ ਵੀ ਨਾਪ ਲਈ ਜਾਪਦੀ ਹੈ ਜੋ ਕਿ ਹਰ ਇਕ ਦੇ ਹੱਥ ਵੱਸ ਦੀ ਗੱਲ ਨਹੀਂ ਹੈ। ਕੱਲਰ ਮਾਜਰੀ ਨੇ ਭਾਵੇਂ ਕਵਿਤਾ ਲਿਖੀ ਭਾਵੇਂ ਵਾਰਤਾ ਉਸਨੇ ਸਮਾਜ ਦੇ ਉਹਨਾਂ ਮਨੁੱਖਾਂ ਦੀ ਗਾਥਾ ਕਹਿਣ ਦਾ ਪੱਲਾ ਨਹੀਂ ਛੱਡਿਆ, ਜਿਹਨਾਂ ਨੂੰ ਮਨੁੱਖ ਦੀ ਜੂਨੀ ਤਾਂ ਮਿਲੀ ਪਰ ਉਹਨਾਂ ਨੇ ਹੰਢਾਈ ਕੁੱਤਿਆਂ, ਬਿੱਲਿਆਂ, ਕਾਵਾਂ, ਗਿੱਧਾਂ, ਸੂਰਾਂ, ਉੱਲੂਆਂ, ਗਧਿਆਂ, ਬੈਲਾਂ, ਗੰਡੋਇਆਂ, ਘੋਗਿਆਂ ਤੇ ਕੀੜੇ ਮਕੌੜਿਆਂ ਵਾਲੀ। ਇਹ ਕਿਹੜਾ 'ਮਨੁੱਖ' ਸੀ ਜਿਸਦੀ ਪੈੜ ਤੇ ਪੈਰ ਰੱਖਣ ਨਾਲ ਜਾਂ ਪਰਛਾਵੇਂ ਨਾਲ ਹੀ ਕਿਸੇ ਦੂਜੇ ਮਨੁੱਖ ਨੂੰ ਭਿੱਟ ਚੜ੍ਹ ਜਾਂਦੀ ਸੀ? ਜਿਸ ਲਈ ਉਸਨੂੰ ਹੁਕਮ ਸੀ ਕਿ ਉਹ ਧਰਤੀ ਤੇ ਪਈ ਪੈੜ ਮਿਟਾਉਣ ਲਈ ਲੱਕ ਨਾਲ ਝਾੜੂ ਬੰਨ੍ਹੇ ਅਤੇ ਥੁੱਕਣ ਲਈ ਗਲ਼ ਵਿਚ ਕੁੱਜਾ ਲਟਕਾਵੇ। ਘਰੋਂ ਬਾਹਰ ਨਿਕਲਣ ਲੱਗਿਆਂ ਸਿਖਰ ਦੁਪਹਿਰੇ ਘੰਟੀਆਂ ਖੜਕਾਉਂਦਾ ਨਿਕਲੇ, ਜਿਹਨਾਂ ਦੀਆਂ ਆਵਾਜ਼ਾਂ ਸੁਣਕੇ ਦੂਜੇ ਲੋਕੀ ਪਾਸੇ ਹਟ ਜਾਣ- ਸਿਖਰ ਦੁਪਹਿਰੇ ਇਸ ਲਈ ਕਿ ਉਦੋਂ ਪਰਛਾਵਾਂ ਸਿਰ 'ਤੇ ਹੀ ਹੁੰਦਾ ਹੈ। ਇਤਿਹਾਸ ਦੇ ਇਸ ਪੜਾਅ 'ਤੇ ਉਸ ਲਈ ਖਾਣ ਲਈ ਛੱਡੀ ਹੋਈ ਜੂਠ ਜਾਂ ਮਰੇ ਡੰਗਰ ਅਤੇ ਪਹਿਨਣ ਲਈ ਉੱਤਰਨ ਹੀ ਉਪਲਬਧ ਸੀ। ਇਹ ਹਾਲਾਤ ਕੋਈ ਮਨੁੱਖਾਂ ਵਾਲੀ ਤਾਂ ਨਹੀਂ ਸਗੋਂ ਜਾਨਵਰਾਂ ਤੋਂ ਵੀ ਬਦਤਰ ਸੀ। ਜਾਨਵਰ ਨੂੰ ਤਾਂ ਪਾਲ਼ ਕੇ ਲਾਡ ਪਿਆਰ ਵੀ ਕੀਤਾ ਜਾਂਦਾ ਸੀ, ਉਸਦਾ ਦੁੱਧ ਵੀ ਪੀਤਾ ਜਾ ਸਕਦਾ ਸੀ। ਇਹ ਦੁਰਦਸ਼ਾ ਗੁਲਾਮਾਂ ਤੋਂ ਵੀ ਭੈੜੀ ਸੀ, ਜਿਸਨੂੰ ਛੂਹਿਆ ਜਾ ਸਕਦਾ ਸੀ, ਉਸਨੂੰ ਖਾਣ ਪੀਣ ਨੂੰ ਵੀ ਦਿੱਤਾ ਜਾਂਦਾ ਸੀ। ਇਸ ਤਰਸਯੋਗ ਹਾਲਤ ਵਿਰੁੱਧ ਸੰਘਰਸ਼ ਕਰਦਿਆਂ ਕਿੰਨੀਆਂ ਕੁਰਬਾਨੀਆਂ ਦੇਣੀਆਂ ਪਈਆਂ, ਅਣਗਿਣਤ ਜ਼ਿੰਦਗੀਆਂ ਭੇਂਟ ਚਾੜ੍ਹੀਆਂ ਗਈਆਂ ਅਤੇ ਅਕਹਿ ਦੁਸ਼ਵਾਰੀਆਂ ਝੱਲੀਆਂ ਗਈਆਂ। ਪਰ ਜਾਤ ਪਾਤ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਉਤਰ ਚੁੱਕੀਆਂ ਹਨ ਕਿ ਆਜ਼ਾਦੀ ਵੀ ਆਈ, ਲੋਕ ਰਾਜ ਵੀ ਆਇਆ, ਵਿਗਿਆਨਕ ਯੁੱਗ ਵੀ ਆਇਆ ਪਰ ਇਹਨਾਂ ਨੂੰ ਪੁੱਟਿਆ ਨਹੀਂ ਜਾ ਸਕਿਆ। ਇਹੋ ਕਾਰਨ ਹੈ ਕਿ ਇਸ ਜਾਤਪਾਤੀ ਵੰਡ ਦੇ ਸ਼ਿਕਾਰ ਲੋਕ ਜੋ ਦੇਸ਼ ਦੀ ਕੁੱਲ ਭੁੱਖਮਰੀ ਅਤੇ ਗਰੀਬੀ ਦਾ ਲਗਭਗ 90 ਫੀਸਦੀ ਹਨ, ਇਹ ਸੰਤਾਪ ਹਾਲੇ ਵੀ ਭੋਗ ਰਹੇ ਹਨ। ਇਸੇ ਦਾਇਰੇ ਦੇ ਇਨ੍ਹਾਂ ਲੋਕਾਂ ਦੀ ਗਰੀਬੀ, ਭੁੱਖ, ਮਜਬੂਰੀ, ਲਾਚਾਰੀ, ਮਰੀਆਂ ਹੋਈਆਂ ਇੱਛਾਵਾਂ, ਦਬਾਈਆਂ ਹੋਈਆਂ ਆਸਾਂ, ਕੁਚਲੇ ਹੋਏ ਅਰਮਾਨਾਂ ਅਤੇ ਲਿਤਾੜੇ ਹੋਏ ਚਾਅਵਾਂ ਦੇ ਹੱਦ ਬੰਨਿਆਂ ਦੀ ਗੱਲ ਕੀਤੀ ਹੈ ਡਾ. ਕੱਲਰ ਮਾਜਰੀ ਨੇ ਇਸ ਪੁਸਤਕ ਵਿਚ।

ਪੁਸਤਕ ਵਿਚ ਦਰਜ ਹਰ ਕਵਿਤਾ ਦਾ ਪਾਤਰ ਅੰਤਾਂ ਦੀ ਮਿਹਨਤ ਮਜ਼ਦੂਰੀ ਕਰਦਿਆਂ, ਨਿੱਤ ਦੀਆਂ ਨਿੱਕੀਆਂ ਨਿੱਕੀਆਂ ਤੰਗੀਆਂ ਤੁਰਸ਼ੀਆਂ ਨਾਲ ਘੁਲਦਾ ਲਗਾਤਾਰ ਸਮੇਂ ਨੂੰ ਗੇੜ ਦੇਈ ਜਾ ਰਿਹਾ ਹੈ। ਇਹ ਪਾਤਰ ਭਾਵੇਂ ਮਾਂ ਦੇ ਰੂਪ ਵਿਚ ਹੈ, ਭਾਵੇਂ ਬਾਪੂ ਦੇ ਰੂਪ ਵਿਚ ਤੇ ਭਾਵੇਂ ਮਜ਼ਦੂਰ ਦੇ ਵੱਖ-ਵੱਖ ਰੂਪਾਂ ਵਿਚ। ਉਸਨੂੰ ਸਮਝ ਹੀ ਨਹੀਂ ਪੈ ਰਹੀ ਕਿ ਇਹ ਵਰਤਾਰਾ ਕੀ ਵਰਤ ਰਿਹਾ ਹੈ ਜੋ ਉਸਦੀ ਹੱਡ ਭੰਨਵੀਂ ਮਿਹਨਤ ਮਜ਼ਦੂਰੀ ਨੂੰ ਭਖਦਾ ਜਾ ਰਿਹਾ ਤੇ ਪੱਲੇ ਕੁਝ ਨਹੀਂ ਪਾ ਰਿਹਾ। ਉਹ ਤੰਗ ਪ੍ਰੇਸ਼ਾਨ ਕੋਹਲੂ ਦੇ ਬੈਲ ਵਾਂਗ ਲਗਾਤਾਰ ਤੁਰਦਾ ਤਾਂ ਜਾ ਰਿਹਾ ਹੈ ਪਰ ਪਹੁੰਚ ਕਿਤੇ ਨਹੀਂ ਰਿਹਾ। ਇਹ ਮਨੂੰਵਾਦੀ ਵਿਵਸਥਾ ਦੀ ਦੇਣ ਹੈ ਜੋ ਜਾਤਪਾਤਾਂ ਵਿਚ ਵੰਡੀ 'ਉੱਚਿਆਂ' ਦੀ ਬਹੁ-ਗਿਣਤੀ ਨੂੰ ਤਾਂ ਸੁਖ ਸਹੂਲਤਾਂ ਪ੍ਰਦਾਨ ਕਰਦੀ ਹੈ ਪਰ 'ਨਿਚਿਆਂ' ਦੀ ਬਹੁਗਿਣਤੀ ਨੂੰ ਹਰ ਤਰ੍ਹਾਂ ਨਪੀੜਦੀ ਹੈ ਜਿਸ ਕਾਰਨ ਉਹ ਮਿਹਨਤ ਮੰਗਦੇ ਗੰਦੇ ਕੰਮਾਂ ਨੂੰ ਵੀ ਤੁੱਛ ਜਿਹੇ ਮਿਹਨਤਾਨੇ ਤੇ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਸ ਵਿਚਾਰਗੀ ਵਿਚ ਜਿਉਂਦੇ ਕੱਲਰ ਮਾਜਰੀ ਦੇ ਇਹ ਪਾਤਰ ਸ਼ਾਇਦ ਹੀ ਕਿਸੇ ਕਲਾਕਾਰ/ ਸਾਹਿਤਕਾਰ ਦੀ ਨਜ਼ਰੇ ਚੜ੍ਹੇ ਹੋਣ ਜਾਂ ਬਹੁਤ ਹੀ ਘੱਟ ਨਜ਼ਰ 'ਚ ਆਏ ਹੋਣਗੇ। ਸ਼ਾਇਦ ਹੀ ਕਿਸੇ ਨੇ ਇਹਨਾਂ ਦੀ ਤਰਸਯੋਗ ਹਾਲਤ 'ਤੇ ਦੋ ਹੰਝੂ ਵਹਾਏ ਹੋਣਗੇ, ਜਦੋਂ ਕਿ ਇਹ ਉਹਨਾਂ ਦਾ ਇਖਲਾਕੀ ਫਰਜ਼ ਵੀ ਬਣਦਾ ਸੀ ਤੇ ਉਹਨਾਂ ਦੇ ਕਸਬ ਦੀ ਪਹਿਲੀ ਮੰਗ ਵੀ ਇਹੋ ਹੈ। ਕੱਲਰ ਮਾਜਰੀ ਦੇ ਆਪਣੇ ਅੰਦਰ ਬੈਠੇ ਕਵੀ/ਸਾਹਿਤਕਾਰ ਨੇ ਇਸ ਫਰਜ਼ ਨੂੰ ਬਾਖੂਬੀ ਨਿਭਾਉਂਦਿਆਂ ਇਹਨਾਂ ਦੀ ਲਹੂ-ਭਿੱਜੀ ਗਾਥਾ ਆਖੀ ਹੈ, ਇਹਨਾਂ ਦੇ ਹੰਝੂ ਵੀ ਪੂੰਝੇ ਹਨ।

ਕੱਲਰ ਮਾਜਰੀ ਦੇ ਪਾਤਰ ਮੜ੍ਹੀਆਂ ਵਿਚ ਮੁਰਦੇ ਜਲਾਉਣ ਦਾ ਆਮ ਤੋਂ ਹਟਵਾਂ ਕੰਮ ਕਰਦੇ ਹਨ; ਹੱਡਾ ਰੋੜੀ 'ਤੇ ਗਿਰਝਾਂ, ਕਾਵਾਂ, ਕੁੱਤਿਆਂ ਨਾਲ ਲੜਦੇ ਹਨ; ਕੂੜੇ ਕਚਰੇ ਦੀ ਰੇਹੜੀ ਧੂੰਹਦੇ ਹਨ ਤੇ ਉਸ ਵਿਚੋਂ ਸੜਿਆਂਦ ਮਾਰਦਾ ਗੰਦ-ਮੰਦ ਫਰੋਲਦਿਆਂ ਵਿਚੋਂ ਕੁਝ ਅਲੱਗ ਅਲੱਗ ਛਾਂਟਦੇ ਹਨ; ਸੜਕ ਕਿਨਾਰੇ ਟੁੱਟੀ ਜਿਹੀ ਠਾਹਰ ਵਿਚ ਬੈਠ ਟੁੱਟੇ ਛਿੱਤਰ ਗੰਢਦੇ ਹਨ; ਸੀਵਰਮੈਨ ਬਣ ਔਖਾ, ਅੰਤਾਂ ਦਾ ਗੰਦਾ ਜਾਨ ਜ਼ੋਖਮ ਵਾਲਾ ਕੰਮ ਕਰਦੇ ਹਨ; ਝਾੜੂ ਪੋਚੇ ਵਾਲੀ ਛੋਟੇ ਬੱਚਿਆਂ ਦਾ ਬਣਦਾ ਪਿਆਰ ਕੁਰਬਾਨ ਕਰ ਜਾਨ ਮਾਰਦੀ ਹੈ; ਝੋਕੇ ਵਾਲਾ ਆਖਰੀ ਉਮਰੇ ਗਰਮੀ ਸਰਦੀ ਵਿਚ ਦਿਨ ਰਾਤ ਝੋਕਾ ਲਾਉਂਦਿਆਂ ਕਮਰ ਦੀ ਕਮਾਨ ਬਣਾ ਲੈਂਦਾ ਹੈ ਤੇ ਸਰੀਰ ਦਾ ਗੁੱਲਾ ਬਣਾ ਲੈਂਦਾ ਹੈ; ਸੀਰੀ ਸਾਲ ਭਰ ਲਈ ਸਸਤੇ ਜਿਹੇ ਵਿਚ 24 ਘੰਟਿਆਂ ਦਾ ਨੌਕਰ, ਹਾਲੀ-ਪਾਲੀ ਬਣ ਕੇ ਵਹੀ 'ਤੇ ਅੰਗੂਠਾ ਲਾ ਇਕਲਵੇ ਵਾਂਗ ਅੰਗੂਠਾ ਕਟਵਾ ਬਹਿੰਦਾ ਹੈ; ਸਾਲ ਭਰ ਮਿੱਟੀ ਨਾਲ ਮਿੱਟੀ ਹੋਇਆ ਘੁਮਿਆਰ ਛੋਟੇ ਵੱਡੇ ਭਾਂਡੇ ਬਣਾ ਗਲੀ ਗਲੀ ਹੋਕਾ ਦਿੰਦਾ ਅਜੋਕੇ ਮਸ਼ੀਨੀ ਯੁੱਗ ਦੇ ਖਾਧੇ ਗਾਹਕ ਲੱਭ ਲੱਭ ਨਿਢਾਲ ਹੋਇਆ ਫਿਰਦਾ ਹੈ; ਘਾਹ ਖੋਤਣ ਵਾਲੀ ਅੱਖਾਂ ਵਿਚ ਸੁਫਨੇ ਲੈ ਵੱਟ ਵੱਟ ਘੁੰਮਦੀ ਫਿਰਦੀ ਹੈ; ਗਰੀਬ ਕਿਸਾਨ, ਮਾਲੀ, ਛੱਲੀਆਂ ਭੁੰਨਣ ਵਾਲੀ, ਕਪਾਹ ਚੁਗਣ ਵਾਲੀ, ਟੱਪਰੀਵਾਸ, ਮਰਾਸਣ, ਬੱਲੀਆਂ ਚੁਗਣ ਵਾਲੀ ਤੇ ਹੋਰ ਪਤਾ ਨਹੀਂ ਕਿੰਨੇ ਹੀ ਛੋਟੇ ਮੋਟੇ ਕੰਮ ਕਰਨ ਵਾਲਿਆਂ ਨੂੰ ਕੱਲਰ ਮਾਜਰੀ ਨੇ ਆਪਣੇ ਕਲਾਵੇ ਵਿਚ ਲਿਆ ਹੈ, ਉਹਨਾਂ ਦੀ ਵਿੱਥਿਆ ਸੁਣੀ ਹੈ, ਉਹਨਾਂ ਦੇ ਹੰਝੂ ਪੂੰਝੇ ਹਨ। ਸੰਵੇਦਨਾ ਵਿਚ ਗਹਿਗੱਚ ਦਿਲ ਹੀ ਇੰਨੀ ਡੂੰਘਾਈ ਨਾਲ ਕਿਸੇ ਦਿਲ ਦੀ ਅਣਕਹੀ ਵੇਦਨਾ ਮਹਿਸੂਸ ਕਰਕੇ ਪ੍ਰਗਟ ਕਰ ਸਕਦਾ ਹੈ:-

ਮੜ੍ਹੀਆਂ ਵਾਲੇ ਮਜ਼ਦੂਰ ਦਾ ਹਾਲ ਇੰਝ ਬਿਆਨਿਆ ਹੈ:-

ਰੋਟੀਆਂ ਲਈ ਯੁੱਧ ਕਰਦਾ/ ਸਵੇਰ ਸ਼ਾਮ ਹੌਲੀ ਹੌਲੀ/ ਸੁਣਦੇ ਉਦਾਸ ਸੰਗੀਤ 'ਚ ਆਪੇ ਨੂੰ ਸਮੇਟਦਾ/ ਠੰਢੀ ਹੋ ਚੁੱਕੀ ਲਾਸ਼ ਦੇ ਅੰਗਾਂ ਦੀ ਰਾਖ ਨੂੰ ਤੱਕਦਾ/ ਸੌਂ ਜਾਂਦਾ ਹਾਂ ਮੈਂ/ ਵਰ੍ਹਿਆਂ ਤੋਂ ਗਲੀਆਂ/ਚੌਰਾਹਿਆਂ, ਬਾਗਾਂ ਤੇ ਫੁੱਲਾਂ ਨਾਲ ਭਰੇ/ ਇਸ ਸ਼ਹਿਰ 'ਚ ਨਹੀਂ/ ਮੜ੍ਹੀਆਂ 'ਚ ਹਾਂ/ ਮੈਂ। (77)

ਸੀਵਰਮੈਨ ਦੀ ਮਾਰਮਿਕ ਤਸਵੀਰ ਇੰਝ ਪੇਸ਼ ਕੀਤੀ ਹੈ:- ਝਾੜੂ ਤੋਂ ਬਿਨਾਂ/ ਉਹ ਅਕਸਰ ਗਟਰ 'ਚ ਉਤਰਦਾ ਹੈ/ ਸ਼ਹਿਰ ਦੀ ਸੰਘਣੀ ਆਬਾਦੀ 'ਚ/ ਗਟਰ ਦੇ ਕਾਲੇ ਗਾਹੜੇ ਮਲ਼ ਦੇ/ ਆਕਾਰ 'ਚੋਂ/ ਸੁਪਨੇ ਤਲਾਸ਼ਦਾ ਹੈ/ ਉਹ ਪਿੰਡ ਦੀਆਂ ਗਲੀਆਂ ਨਾਲੀਆਂ ਦੀ/ ਸਫਾਈ ਕਰਨ ਵਾਲਾ, ਕੂੜਾਮੈਨ ਨਹੀਂ/ ਸੀਵਰੇਜ ਬੋਰਡ ਦਾ ਪੱਕਾ ਮੁਲਾਜ਼ਮ ਹੈ/ ਅੱਜਕਲ੍ਹ ਤੇ/ ਉਸਦਾ ਨਾਮਕਰਨ ਹੋ ਗਿਆ ਹੈ/ ਨਵਾਂ ਨਾਮ ਮਿਲ ਗਿਆ ਹੈ/ ਸੀਵਰਮੈਨ। (64)

ਹੱਡਾ ਰੋੜੀ ਵਾਲੇ ਦੀ ਵਿੱਥਿਆ ਇੰਝ ਬਿਆਨੀ ਹੈ:- ਮੋਏ ਪਸ਼ੂਆਂ ਨੂੰ/ ਸਾਰੀ ਉਮਰ ਆਪਣੇ ਮੋਢਿਆਂ 'ਤੇ ਢੋਂਹਦਿਆਂ/ ਤੇ ਹੱਡਾ ਰੋੜੀ 'ਚ/ ਕਾਵਾਂ ਕੁੱਤਿਆਂ ਤੇ ਗਿਰਝਾਂ ਦੇ ਹਮਲਿਆਂ ਤੋਂ/ ਕਰੰਗ ਨੂੰ ਬਚਾਉਂਦਿਆਂ/ ਕਰੰਗ ਹੀ ਤਾਂ ਬਣ ਗਿਆ ਹੈ ਉਹ। (79)

ਇਸੇ ਤਰ੍ਹਾਂ ਰੁੱਖ ਹੇਠ ਸੜਕ ਕਿਨਾਰੇ ਬੈਠੇ ਮੋਚੀ ਦਾ ਹਾਲ ਹੈ:- ਵਰ੍ਹਿਆਂ ਤੋਂ/ ਬਾਜ਼ਾਰ ਦੇ ਇਕ ਕੋਨੇ 'ਚ/ ਟੁੱਟੀਆਂ ਭੱਜੀਆਂ ਇੱਟਾਂ ਨੂੰ ਚੁਣ/ ਬੁੱਢੇ ਰੁੱਖ ਦੀ ਛਾਂ ਹੇਠ/ ਰੰਬੀ ਅਤੇ ਆਰ ਸਮੇਤ/ ਉਸਨੇ ਬੜੇ ਹੀ ਸਲੀਕੇ ਨਾਲ ਰੱਖੀਆਂ ਹਨ/ ਸੁਆਰਨ ਲਈ/ ਟੁੱਟੀਆਂ ਚੱਪਲਾਂ, ਘਸੇ ਹੋਏ ਬੂਟ/ ਟੁੱਟੀਆਂ ਜੁੱਤੀਆਂ ਨੂੰ/ ਆਰ ਅਤੇ ਰੰਬੀ ਨਾਲ ਸੁਆਰਦਾ/ ਤੋਪ ਲਾਉਂਦਾ/ ਦੁਆਨੀ ਚੁਆਨੀ ਇਕੱਠੀ ਕਰਕੇ/ ਬੋਰੀ ਦੇ ਇਕ ਨਿੱਕੇ ਜਿਹੇ ਪਲੜੇ ਹੇਠ ਛੁਪਾਉਂਦਾ/ ਘਸੀਆਂ ਅਤੇ ਮੈਲ਼ੀਆਂ ਜੁੱਤੀਆਂ ਨੂੰ/ ਪਾਲਸ਼ ਨਾਲ ਸ਼ੀਸ਼ੇ ਵਾਂਗ ਲਿਸ਼ਕਾਉਂਦਾ/ ਉਮਰ ਦੇ ਆਖਰੀ ਪਲਾਂ'ਚ/ ਹੁਣ ਥੱਕ ਹੀ ਗਿਆ ਹੈ/ ਉਹ ਮੁਸਾਫਿਰ। (82)

ਕੂੜੇ ਦੀ ਰੇਹੜੀ ਵਾਲੇ ਦੀ ਹਾਲਤ ਇੰਝ ਹੈ:- ਅੰਦਰੋਂ ਨਿਕਲਦੇ/ ਬੱਚੇ ਦੀ ਚਮਕਦੀ ਵਰਦੀ/ ਗਲ਼ 'ਚ ਟਾਈ ਤੇ/ ਲਿਸ਼ਕਦੇ ਬੈਗ ਵੱਲ ਵੇਖਕੇ/ ਰੇਹੜੀ ਕੋਲ ਖੜ੍ਹੀ/ ਆਪਣੀ ਬੱਚੀ ਵੱਲ/ ਨੀਝ ਲਾ ਕੇ ਤੱਕਦਾ/ ਆਖਿਰ ਲਾ ਹੀ ਦਿੰਦਾ ਹੈ ਉਹ/ ਹੰਝੂਆਂ ਦੀ ਝੜੀ/ ਕਿਉਂ ਉਸਨੂੰ ਰਾਤ ਦੇ/ ਗਲ਼ੇ ਸੜੇ ਛਿਲਕਿਆਂ 'ਚੋਂ/ ਗੰਧ ਨਹੀਂ ਆਉਂਦੀ/ ਕਿਉਂ ਉਸਨੂੰ ਕਾਗ਼ਜ਼ਾਂ ਦੀ ਰੱਦੀ 'ਚ/ ਉੱਕਰੇ ਅੱਖਰ ਨਹੀਂ ਦਿਸਦੇ/ ਫਟੀਆਂ ਪੁਰਾਣੀਆਂ ਜੁਰਾਬਾਂ/ ਮੰਗਵੇ ਬੂਟਾਂ 'ਚ ਪੈਰ ਅੜਾ/ ਰੈਗਜ਼ 'ਚੋਂ ਖਰੀਦੀ/ ਗਰਮ ਜੈਕਟ ਗਲ਼ੇ 'ਚ ਫਸਾ/ ਅੰਤਾਂ ਦੀ ਸਰਦੀ 'ਚ/ ਹੌਲੀ ਹੌਲੀ ਰੇਹੜੀ ਨੂੰ ਧੂੰਹਦਾ/ ਆਖਰ ਆ ਕੇ ਖੜ੍ਹ ਹੀ ਗਿਆ ਹੈ/ ਉਹ ਸਵੇਰੇ ਸਵੇਰੇ/ ਮੇਰੇ ਦਰ ਅੱਗੇ। (80)

ਝੋਕੇ ਵਾਲੇ ਦੀ ਤਰਸਯੋਗ ਹਾਲਤ ਇੰਝ ਦੱਸੀ ਹੈ:- ਸਾਰੀ ਉਮਰ ਉਸਨੂੰ ਇਲਮ ਹੀ ਨਹੀਂ ਹੋਇਆ/ ਬੁੱਢਾ ਹੋ ਗਿਆ ਉਹ, ਝੋਕਾ ਲਾਉਂਦਾ/ ਅੱਖਾਂ ਅੰਨ੍ਹੀਆਂ ਹੋ ਗਈਆਂ/ ਨਹੁੰ ਕਾਲੇ ਹੋ ਗਏ/ ਗੰਨੇ ਵਾਂਗ ਕੜਕ ਕਰਕੇ/ ਟੁੱਟ ਗਈਆਂ ਹੱਡੀਆਂ/ ਚੱਕ 'ਚ ਪਏ ਗਰਮ ਲਾਲ਼ੇ ਨੂੰ ਇਕੱਠਾ ਕਰਦਾ/ ਠੰਢੇ ਹੋ ਰਹੇ ਗੁੜ ਨੂੰ/ ਖੁਰਪੇ ਨਾਲ ਚੰਡਦਾ/ ਭੇਲੀਆਂ ਨੂੰ ਨਿਹਾਰਦਾ/ ਪਿਉਸੀਆਂ ਬਣਾਉਂਦਾ/ ਗੁਲਰੇ ਵਾਂਗ ਸੁੱਕ ਗਿਆ/ ਉਹ ਸਾਰੇ ਦਾ ਸਾਰਾ। (55)

ਕੱਲਰ ਮਾਜਰੀ ਦੇ ਇਹ ਸਾਰੇ ਪਾਤਰ ਉਹ 'ਮਨੁੱਖੀ ਜੀਵ' ਹਨ ਜਿਨ੍ਹਾਂ ਨਾਲ ਇਕ ਤੋਂ ਬਾਅਦ ਇਕ ਪੈਰ ਪੈਰ ਤੇ ਵਧੀਕੀਆਂ ਹੁੰਦੀਆਂ ਹਨ ਤੇ ਇਹ ਵਰਤਾਰਾ ਸਦੀਆਂ ਤੋਂ ਸਮੇਂ ਸਮੇਂ ਵੱਖ-ਵੱਖ ਰੂਪਾਂ ਵਿਚ ਵਰਤਦਾ ਆ ਰਿਹਾ ਹੈ। ਕਵੀ ਇਸ ਵਰਤਾਰੇ ਨੂੰ ਰੂਪਮਾਨ ਕਰਨ ਲੱਗਿਆਂ ਨਾ ਮਿਥਿਹਾਸ ਨੂੰ ਭੁੱਲਿਆ ਹੈ ਨਾ ਇਤਿਹਾਸ ਨੂੰ। ਰਮਾਇਣ ਕਾਲ ਵਿਚ ਰਾਮ ਵੱਲੋਂ ਸ਼ੂਦਰ ਸੰਭੂਕ ਦਾ ਕਤਲ ਇਸ ਲਈ ਕੀਤਾ ਗਿਆ ਕਿ ਉਹ ਧਾਰਮਿਕ ਅਤੇ ਸ਼ਸਤਰ ਵਿੱਦਿਆ ਦੀਆਂ ਵਰਜਿਤ ਗਤੀਵਿਧੀਆਂ ਕਰਦਾ ਸੀ। ਸ਼ੰਭੂਕ ਦੀ ਰੱਬ ਅੱਗੇ ਅਰਜੋਈ ਇਸ ਤਰ੍ਹਾਂ ਉਲੀਕੀ ਹੈ:-

ਇਕ ਦਿਨ/ ਸ਼ੰਭੂਕ ਨੇ ਰੱਬ ਨੂੰ ਕਿਹਾ/ ਯਾ ਰੱਬ ਆ ਵੇਖ/ ਤੇਰੇ ਲਈ ਅੰਨ੍ਹੀ ਗੁਫਾ 'ਚ/ ਵਰ੍ਹਿਆਂ ਤੋਂ ਲਟਕਦਾ ਹਾਂ/ ਮੁਕਤੀ ਲਈ/ ਤੇਰੇ ਆਸ਼ੀਰਵਾਦ ਲਈ/ ਸਦੀਆਂ ਤੋਂ ਤੜਪਦਾ ਹਾਂ/ ਮੈਂ ਸਮੁੰਦਰ ਨਹੀਂ/ ਨਦੀ ਵੀ ਨਹੀਂ/ ਨਾ ਹੀ ਵਹਿੰਦਾ ਹਾਂ ਚਸ਼ਮੇ ਵਾਂਗ/ ਸਦੀਆਂ ਤੋਂ ਮੁਕਤੀ ਲਈ ਇਸ ਜੰਗਲ ਵਿਚ/ ਭਟਕਦਾ ਹਾਂ। (119)

ਇਸੇ ਤਰ੍ਹਾਂ ਮਹਾਂਭਾਰਤ ਯੁੱਗ ਵਿਚ ਚੋਟੀ ਦੇ ਤੀਰ ਅੰਦਾਜ਼ ਇਕਲਵੇ (ਸ਼ੂਦਰ) ਦਾ ਅੰਗੂਠਾ ਧੋਖੇ ਨਾਲ 'ਗੁਰੂ' ਦਰੋਣਾਚਾਰੀਆ ਨੇ ਗੁਰੂ ਦਕਸ਼ਣਾ ਦੇ ਤੌਰ 'ਤੇ ਲੈ ਲਿਆ ਤਾਂ ਜੋ ਅਰਜਨ ਦੇ ਮੁਕਾਬਲੇ ਦਾ ਕੋਈ ਤੀਰ ਅੰਦਾਜ਼ ਨਾ ਰਹੇ। ਇਕਲਵੇ ਦਾ ਦਰਦ ਇੰਝ ਚਿਤਰਿਆ ਹੈ:-

ਇਕ ਦਿਨ/ ਪੁੱਤਰ ਨੇ ਮਾਂ ਨੂੰ ਕਿਹਾ/ ਮਾਂ! ਆ ਕੋਈ ਸਵਰਗ ਸਿਰਜੀਏ/ ਅੱਖਰ ਅੱਖਰ ਕਮਾਨ ਬਣੀਏ/ ਸ਼ਬਦ ਸ਼ਬਦ ਤਰਕਸ਼/ ਤੇ ਸੁਣ ਮਾਂ!/ ਵਾਕ ਵਾਕ ਤੀਰ ਬਣੀਏ/ ਆਪਣੇ ਅੰਗੂਠੇ ਦੀ ਆਜ਼ਾਦੀ ਲਈ/ ਮਾਂ ਆ ਇਕ ਵਾਰੀ/ ਇਕਲਬਿਆ ਦੀ ਅੱਖ ਦਾ ਨੀਰ ਬਣੀਏ। (119) ਕਵੀ ਇਕਲਵੇ ਨੂੰ ਹੁਣ ਨਵੇਂ ਰੂਪ ਵਿਚ ਵੇਖਣਾ ਚਾਹੁੰਦਾ ਹੈ:-

ਅੱਖਾਂ 'ਚ ਸਲਾਖਾਂ/ ਕੰਨਾਂ 'ਚ ਸਿੱਕਾ/ ਕਦਮਾਂ 'ਚ ਪੱਥਰ 'ਤੇ/ ਕਟਿਆ ਹੋਇਆ ਅੰਗੂਠਾ ਲੈ/ ਮੈਂ ਅਗਨ ਕੋਲ ਗਿਆ/ ਹੇ ਦਾਵਾਨਲ/ ਕਰ ਤਾਂ ਇਸ ਕਬਚ ਨੂੰ ਨੇਸਤੋ ਨਾਬੂਦ/ ਮੈਂ ਆਪਣੇ ਮੋਢੇ 'ਤੇ/ ਨਵਾਂ ਤਰਕਸ਼ ਸਜਾਉਣਾ/ ਚਾਹੁੰਦਾ ਹਾਂ/ ਨਵੇਂ ਤੀਰ, ਨਵੀਂ ਕਮਾਨ ਸਮੇਤ/ ਕਰ ਤਾਂ ਮੈਨੂੰ/ ਅੰਗੂਠੇ ਦਾ ਵਰਦਾਨ/ ਕਿ ਮੈਂ ਇਕਲਬਿਆ ਅਖਵਾਉਣਾ/ ਚਾਹੁੰਦਾ ਹਾਂ। (61)

ਭਾਰਤ ਦੀ ਚਹੁੰ ਵਰਣੀ ਵਿਵਸਥਾ ਬ੍ਰਹਮਾ ਦੇ ਮੂੰਹ, ਬਾਹਾਂ, ਢਿੱਡ ਅਤੇ ਪੈਰਾਂ ਤੋਂ ਉਪਜੀ ਸ਼ੁਰੂ ਹੋ ਕੇ ਅੱਜ ਇਹ ਛੇ ਹਜ਼ਾਰ ਜਾਤਾਂ ਤੋਂ ਵੀ ਵੱਧ ਤੱਕ ਪਹੁੰਚ ਚੁੱਕੀ ਹੈ। ਇਸ ਵਿਵਸਥਾ ਨੇ ਸਮਾਜ ਨੂੰ ਵੰਡ ਦਰ ਵੰਡ ਵਿਚ ਤੋੜਕੇ, ਦੇਸ਼ ਦਾ ਅੰਤਾਂ ਦਾ ਨੁਕਸਾਨ ਕੀਤਾ ਹੈ, ਜਿਸਦੇ ਸਿੱਟੇ ਵਜੋਂ ਦੇਸ਼ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਕਿਸੇ ਵੀ ਖੇਤਰ ਵਿਚ ਮੂਹਰਲੀਆਂ ਕਤਾਰਾਂ ਵਿਚ ਥਾਂ ਹੀ ਨਹੀਂ ਮਿਲੀ। ਇਹੀ ਨਹੀਂ ਸਗੋਂ ਲੰਬਾ ਸਮਾਂ ਬਾਹਰਲੀਆਂ ਤਾਕਤਾਂ ਦੀ ਗੁਲਾਮੀ ਵੀ ਭੁਗਤਣੀ ਪਈ। ਪੈਰਾਂ ਤੋਂ ਉਪਜੇ ਸਭ ਤੋਂ ਨੀਵੇਂ ਮੰਨੇ ਜਾਂਦੇ ਸ਼ੂਦਰ ਨੇ ਤਾਂ ਯਾਤਨਾਵਾਂ ਝੱਲੀਆਂ ਹੀ ਝੱਲੀਆਂ ਸਮੁੱਚੇ ਦੇਸ਼ ਨੇ ਵੀ ਕੋਈ ਵੱਡੀ ਪੁਲਾਂਘ ਨਹੀਂ ਪੁੱਟੀ। ਅੱਜ ਵੀ ਇਹ ਜ਼ਹਿਰ ਦੇਸ਼ ਦੀਆਂ ਰਗਾਂ ਵਿਚ ਦੌੜਦਾ ਨਜ਼ਰ ਆ ਰਿਹਾ ਹੈ। ਕਵੀ ਸ਼ੂਦਰ ਦੇ ਇਸ ਵਿਰਲਾਪ ਨੂੰ ਇੰਝ ਪ੍ਰਗਟ ਕਰਦਾ ਹੈ।

ਕਿੰਨੇ ਵਰ੍ਹੇ ਹੋ ਗਏ/ ਕਵਿਤਾ ਲਿਖਦਿਆਂ/ ਖੂਨ ਦੀ ਇਬਾਰਤ 'ਚ ਲਿਖਦਿਆਂ/ ਗੁਜ਼ਰ ਗਏ ਕਿੰਨੇ ਸਾਲ/ ਸਦੀਆਂ ਗੁਜ਼ਰ ਗਈਆਂ/ ਰੁੱਖਾਂ ਦੇ ਟੁੱਟੇ ਪੱਤਿਆਂ ਵਾਂਗ/ ਪੈਰਾਂ ਵਿਚ ਰੁਲ਼ਦਿਆਂ/ ਤੇਰੇ ਪੁਜਾਰੀ ਦੇ ਹੱਥ 'ਚ/ ਵਰਕਾ ਵਰਕਾ ਹੋ ਕੇ/ ਖਿੱਲਰ ਗਿਆ/ ਮੇਰਾ ਇਤਿਹਾਸ/ ਮੈਂ ਸੂਦ ਪੁੱਤਰ ਹੋ ਰਿਹਾ ਹਾਂ/ ਸਦੀਆਂ ਤੋਂ ਰਾਖ਼/ (124)

ਕੱਲਰ ਮਾਜਰੀ ਨੇ ਇਸ ਦਾਸਤਾਨ ਦੀ ਸਾਂਝ ਅਫ਼ਰੀਕਾ ਦੇ ਕਾਲ਼ੇ ਗੁਲਾਮ ਦੋਸਤ ਦੀ ਡੂੰਘੀ ਦਰਦ ਵੇਦਨਾ ਨਾਲ ਪੁਆ ਕੇ ਅੰਤਰ ਰਾਸ਼ਟਰੀ ਪੱਧਰ ਤੇ ਮਨੁੱਖੀ ਲੁੱਟ ਵਿਰੁੱਧ ਹੁੰਗਾਰਾ ਭਰਿਆ ਹੈ, ਹਾਅ ਦਾ ਨਾਹਰਾ ਮਾਰਿਆ ਹੈ ਅਤੇ ਦੋਸਤ ਨੂੰ ਹੌਸਲਾ ਨਾ ਛੱਡਣ ਦਾ ਹੋਕਾ ਵੀ ਦਿੱਤਾ ਹੈ:- ਆਪਣੇ ਕਾਲੇ ਰੰਗ ਦੀ ਦਿੱਖ 'ਤੇ/ ਕੋੜਿਆਂ ਦੀ ਭਾਸ਼ਾ ਨਾਲ ਤੜਪ ਰਹੇ/ ਅਫਰੀਕਨ ਕਾਲ਼ੇ ਗੁਲਾਮ ਦੋਸਤ/ ਤੂੰ ਉਦਾਸ ਨਾ ਹੋਵੀਂ/ ਆਪਣੇ ਗੋਰੇ ਮਾਲਕ ਹੱਥੋਂ/ ਆਪਣੀਆਂ ਕਾਲ਼ੀਆਂ ਅੱਖਾਂ 'ਚ/ ਚਮਕਦੇ ਸੂਰਜ ਨੂੰ/ ਅਸਤ ਨਾ ਹੋਣ ਦੇਵੀਂ/ ਜਾਤ ਦੇ ਜਵਾਲਾ ਮੁਖੀ ਦੇ ਲਾਵੇ ਨਾ਼ਲ/ ਤੜਪ ਰਿਹਾ/ ਗੋਰੀ ਚਮੜੀ 'ਚ ਲੁਪਤ/ ਕਾਲੇ ਅਮਰੀਕਨਾਂ ਦੇ ਜ਼ੁਲਮਾਂ ਨੂੰ ਸਹਿੰਦਾ/ ਭਾਰਤ ਦੀ ਮਿੱਟੀ ਦਾ ਮੂਲ ਹਾਂ ਮੈਂ/ (121)

ਕੱਲਰ ਮਾਜਰੀ ਦੀ ਇਹ ਵਿਲੱਖਣਤਾ ਹੈ ਕਿ ਉਹ ਸੂਦ (ਸ਼ੂਦਰ) ਨੂੰ ਇਸ ਭਾਰਤ ਦੀ ਧਰਤੀ ਦਾ ਮੂਲ (ਮੂਲ ਨਿਵਾਸੀ) ਮੰਨਦਾ ਹੋਇਆ ਉਸਨੂੰ ਜਾਤੀ ਦੇ ਜਵਾਲਾਮੁਖੀ ਲਾਵੇ ਨਾਲ ਤਪਦਾ ਮੰਨਦਾ ਹੈ। ਇਹ ਵਿਲੱਖਣਤਾ ਉਸਨੂੰ ਦਲਿਤ ਦੇ ਅਰਥਾਂ ਵਿਚ ਉਹਨਾਂ ਮਾਰਕਸਵਾਦੀਆਂ ਵੱਲੋਂ ਵਰਤੇ ਦਲਿਤ ਸ਼ਬਦ ਨਾਲੋਂ ਅਲੱਗ ਮੁਕਾਮ ਬਖਸ਼ਦੀ ਹੈ ਜੋ ਦਲਿਤ ਦੀ ਵਿਆਖਿਆ ਵਿਚੋਂ ਜਾਤੀ ਮਨਫ਼ੀ ਕਰਦੇ ਹਨ। ਕੱਲਰ ਮਾਜਰੀ ਦੀ ਇਹੋ ਵਿਲੱਖਣਤਾ ਜੋ 'ਭਾਰਤੀ ਦਲਿਤ' ਦੀ ਪਛਾਣ ਬਣਦੀ ਹੈ, ਉਸਨੂੰ ਦਮਿਤ ਅਤੇ ਸਬਾਲਟਰਨ ਵਰਗੇ ਸਿਰਨਾਵਿਆਂ ਤੋਂ ਵੀ ਅਲੱਗ ਕਰਦੀ ਹੈ।

ਗੁਰਮੀਤ ਦੀ ਕਵਿਤਾ ਦੀ ਸਮਾਜਿਕ ਸਾਰਥਿਕਤਾ ਲੱਭਦਿਆਂ ਪੰਜਾਬ ਯੂਨੀਵਰਸਿਟੀ ਪੰਜਾਬੀ ਵਿਭਾਗ ਦੇ ਮੁਖੀ ਡਾ. ਸਰਬਜੀਤ ਵੀ ਇਹ ਸਵਾਲ ਉਠਾਉਂਦੇ ਹਨ ਕਿ "…. ਮੜ੍ਹੀਆਂ ਵਿਚ ਮੁਰਦਿਆਂ ਨੂੰ ਕਿਉਂਟਣਾ ਜਾਂ ਹੱਡਾ ਰੋੜੀ ਵਿਚ ਕਰੰਗਾਂ ਨਾਲ ਜੂਝਣਾ, ਘੁਲਾੜੀ 'ਤੇ ਤੇਜ਼-ਤੱਤੇ ਵਾਤਾਵਰਣ 'ਚ ਝੋਕਾਵਾ ਲੱਗਣਾ ਜਾਂ ਸਾਫ ਸਫਾਈ ਵਾਲੇ ਕੰਮਾਂ ਨਾਲ ਨਿਪਟਣਾ ਦਲਿਤ ਮਨੁੱਖ ਦੇ ਹਿੱਸੇ ਹੀ ਕਿਉਂ ਆਇਆ ਹੈ? ਇਹ ਸਵਾਲ ਪਾਠਕ ਨੂੰ ਭਾਰਤੀ ਇਤਿਹਾਸ ਦੇ ਧੁਰ ਪਿਛੋਕੜ ਵਿਚ ਲਿਆ ਖੜ੍ਹਾ ਕਰਦੇ ਹਨ। ਇਹ ਸਵਾਲ ਹੀ ਚਿੰਤਾ ਤੋਂ ਚੇਤਨਾ ਦਾ ਸਫ਼ਰ ਕਰਨ ਕਰਾਉਣ ਵਾਲੇ ਹਨ।'' ਚੇਤਨਾ ਦਾ ਇਹ ਸਫ਼ਰ ਪਾਠਕ ਨੂੰ ਅਖੀਰ ਜਾਤ ਤੇ ਹੀ ਲਿਆ ਖਿਲਾਰਦਾ ਹੈ।

ਡਾ. ਸਰਬਜੀਤ ਇਸਨੂੰ ਹੋਰ ਨਿਖਾਰਦੇ ਲਿਖਦੇ ਹਨ, ''ਬਸਤੀਵਾਦੀ ਦੌਰ ਵਿਚ ਦਲਿਤ ਅੰਗਰੇਜ਼ ਦੀ ਖੈਰ ਮੰਗਦਾ ਹੈ। ਜੋਤੀਬਾ ਫੂਲੇ ਤੋਂ ਲੈ ਕੇ ਆਦਿ ਧਰਮ ਮੰਡਲ ਲਹਿਰ ਵਿਚ ਇਸਨੂੰ ਸਪਸ਼ਟ ਦੇਖਿਆ ਜਾ ਸਕਦਾ ਹੈ। ਸਵਾਲ ਹੈ ਕਿਉਂ? ਕਿਉਂਕਿ ਬਸਤੀਵਾਦ, ਬ੍ਰਾਹਮਣਵਾਦੀ ਵਰਣ ਵਿਵਸਥਾ ਉਪਰ ਸੱਟ ਮਾਰਦਾ ਸੀ। ਇਹ ਸੱਟ ਦਲਿਤ ਨੂੰ ਰਾਹਤ ਦਿੰਦੀ ਸੀ। ਬਿਨਾਂ ਸ਼ੱਕ ਦਲਿਤ ਮਨੁੱਖ ਦਾ ਹਰ ਤਰ੍ਹਾਂ ਦਾ ਸੋਸ਼ਲ ਸੀ ਪ੍ਰੰਤੂ ਜਾਤੀ ਵਿਵਸਥਾ ਦਾ ਸ਼ੋਸ਼ਣ ਜਟਿਲ ਵੀ ਸੀ, ਦੁਖਾਂਤਕ ਵੀ ਸੀ, ਮਾਨਸਿਕ ਵੀ ਸੀ ਅਤੇ ਦਲਿਤ ਮਨੁੱਖ ਨੂੰ ਲਗਾਤਾਰ ਹੀਣੇ ਮਨੁੱਖ ਦਾ ਅਹਿਸਾਸ ਕਰਵਾ ਕਰਵਾ ਕੇ ਉਸਨੂੰ ਧਰਤੀ ਵਿਚ ਗੱਡ ਦੇਣ ਦੇ ਬਰਾਬਰ ਸੀ।''

ਡਾ. ਸਰਬਜੀਤ ਇਸ ਚੇਤਨਾ ਦੇ ਨਿਕਾਸ ਤੇ ਵਿਕਾਸ ਦੀ ਗੱਲ ਕਰਦਿਆਂ ਅੱਗੇ ਲਿਖਦੇ ਹਨ, ''ਬਸਤੀਵਾਦ ਤੋਂ ਬਾਅਦ ਆਜ਼ਾਦ ਭਾਰਤ ਵਿਚ ਜਾਤੀ ਰਾਖਵੇਂਕਰਨ ਨੇ ਦਲਿਤ ਮਨੁੱਖ ਲਈ ਸਮਾਜਿਕ ਅਤੇ ਆਰਥਿਕ ਨਿਆਂ ਦਾਂ ਵਾਤਾਵਰਣ ਸਿਰਜਿਆ, ਉਸ ਵਾਤਾਵਰਣ ਵਿਚੋਂ ਦਲਿਤ ਮੱਧ ਵਰਗ ਦਾ ਜਨਮ ਹੋਇਆ। ਇਹੋ ਦਲਿਤ ਮੱਧ ਵਰਗ ਹੈ ਜੋ ਅੱਸੀਵਿਆਂ ਦੇ ਸਮੇਂ ਵਿਚ ਆਪਣਾ ਮੌਨ ਤੋੜ ਕੇ ਅਸਹਿਮਤੀ ਦਾ ਪ੍ਰਵਚਨ ਸਿਰਜਦਾ ਹੈ। ਇਸ ਕਰਕੇ ਆਜ਼ਾਦ ਭਾਰਤ ਦੇ ਸਮੇਂ ਵਿਚ ਦਲਿਤ ਆਵਾਜ਼, ਦਲਿਤ ਅਧਿਕਾਰ ਚੇਤਨਾ, ਦਲਿਤ ਹੋਂਦ ਚੇਤਨਾ, ਦਲਿਤ ਮਨੁੱਖ ਦਾ ਜਾਤੀ ਵਿਵਸਥਾ ਪ੍ਰਤੀ ਅਵਿਸ਼ਵਾਸ ਅਤੇ ਆਕਰੋਸ਼, ਦਲਿਤ ਮਨੁੱਖ ਨੂੰ ਹੀਣੀਆਂ ਕਰ ਦੇਣ ਵਾਲੀਆਂ ਪ੍ਰਸਥਿਤੀ ਪ੍ਰਤੀ ਪ੍ਰਤੀਰੋਧ, ਦਲਿਤ ਮਨੁੱਖ ਦਾ ਭਾਰਤੀ ਮੂਲ ਦੇ ਹੋਣ ਪ੍ਰਤੀ ਹਲਫੀਆ ਬਿਆਨ ਵਰਗ ਐਲਾਨ ਆਦਿਕ ਪਰਤਾਂ ਨੂੰ ਇਸ ਉਤਪੰਨ ਹੋਏ ਮੱਧ ਵਰਗ ਦੀ ਚੇਤਨਾ ਤੋਂ ਵਿਛੁੰਨ ਕੇ ਨਹੀਂ ਦੇਖਿਆ ਜਾ ਸਕਦਾ।'' ਇਹ ਬਿਲਕੁਲ ਸਹੀ ਹੈ।

ਇੱਥੇ ਇਹ ਵਰਣਨਯੋਗ ਹੈ ਕਿ ਇਹੀ ਉਹ ਸਮਾਂ ਸੀ ਜਦੋਂ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਕਾਂਸ਼ੀ ਰਾਮ ਨੇ ਅਮਲੀ ਰੂਪ ਦੇ ਕੇ ਜਾਤੀਵਾਦੀ ਵਿਵਸਥਾ ਦੇ ਲੁੱਟੇ ਤੇ ਸਤਾਏ ਲੋਕਾਂ ਨੂੰ ਸੰਗਠਿਤ ਕਰਕੇ 'ਬਹੁਜਨ ਲਹਿਰ' ਦਾ ਵਿਧੀਵਤ ਆਗਾਜ਼ ਕੀਤਾ। ਇਸ ਲਹਿਰ ਦਾ ਮਨੋਰਥ ਹੀ ਜਾਤੀ ਕੋਹੜ ਨੂੰ ਜਾਤੀ ਔਜ਼ਾਰ ਨਾਲ ਹੀ ਵੱਢਕੇ ਸਮਤਾ, ਸੁਤੰਤਰਤਾ ਅਤੇ ਭਾਈਚਾਰੇ ਦੀ ਸਥਾਪਤੀ ਕਰਨਾ ਸੀ। ਗੌਤਮ ਬੁੱਧ ਤੋਂ ਲੈ ਕੇ ਜੋਤੀਬਾ ਫੂਲੇ ਅਤੇ ਉਹਨਾਂ ਵਰਗੇ ਕਿੰਨੇ ਹੀ ਹੋਰ ਸਮਾਜ ਨੂੰ ਸਮਰਪਿਤ ਸਿਰਕੱਢ ਸ਼ਖ਼ਸੀਅਤਾਂ ਦੇ ਪ੍ਰਵਚਨਾਂ, ਸਮੇਤ ਸਿੱਖ ਅੰਦੋਲਨ ਦੇ ਇਸ ਲਹਿਰ ਦਾ ਅਟੁੱਟ ਅਤੇ ਮਹੱਤਵਪੂਰਨ ਅੰਗ ਰਹੇ ਹਨ। ਡਾ. ਕੱਲਰ ਮਾਜਰੀ ਨੇ ਇਸ ਸਮੇਂ ਨੂੰ ਅੰਦਰੋਂ ਬਾਹਰੋਂ ਪਾਰਖੂ ਨਜ਼ਰਾਂ ਨਾਲ ਤੱਕਿਆ ਵੀ ਹੈ ਅਤੇ ਕਾਫੀ ਹੱਦ ਤੱਕ ਇਸ ਲਹਿਰ ਦਾ ਹਿੱਸਾ ਬਣਕੇ ਵਿਚਰੇ ਵੀ ਹਨ। ਭਾਵੇਂ ਉਹ ਉਸ ਵੇਲੇ ਪੜ੍ਹਨ ਦੇ ਦੌਰ ਵਿਚ ਸਨ ਜਾਂ ਨੌਕਰੀ ਵਿਚ ਸਨ। ਆਪਣੀਆਂ ਲਿਖਤਾਂ ਨਾਲ ਉਹਨਾਂ ਨੇ ਬਣਦਾ ਹਿੱਸਾ ਪਾਇਆ। ਇਸ ਲਹਿਰ ਸਦਕਾ ਨਿਗੂਣਾ ਜਿਹਾ ਬਣਾਇਆ ਦਲਿਤ ਦੇਸ਼ ਦੇ ਰਾਜਨੀਤਿਕ ਨਕਸ਼ੇ ਤੇ ਤੇਜ਼ੀ ਨਾਲ ਉਭਰਕੇ ਮੂਹਰਲੀਆਂ ਕਤਾਰਾਂ ਵਿਚ ਤੀਜੀ ਧਿਰ ਬਣ ਖਲੋਇਆ। ਇਸ ਲਹਿਰ ਦਾ ਰੰਗ ਕੱਲਰ ਮਾਜਰੀ ਤੇ ਵੀ ਚੋਖਾ ਚੜ੍ਹਿਆ ਜਾਪਦਾ ਹੈ, ਜੋ ਉਸ ਦੀ ਹੱਥਲੀ ਪੁਸਤਕ ਵਿਚ ਵੇਖਿਆ ਜਾ ਸਕਦਾ ਹੈ। ਉਹ ਆਪਣੇ ਪੁਰਖੇ ਇਕਲਵੇ, ਸ਼ੰਭੂਕ ਨੂੰ ਯਾਦ ਕਰਦਾ ਹੈ, ਸ਼ੂਦਰ ਦਾ ਬ੍ਰਹਮਾ ਦੇ ਪੈਰਾਂ ਤੋਂ ਪੈਦਾ ਹੋਣ ਦਾ ਵਿਅੰਗਾਤਮਕ ਸੰਵਾਦ ਰਚਦਾ ਹੈ, ਗੰਗਾ ਨੂੰ ਔਖੇ ਸਵਾਲ ਪਾਉਂਦਾ ਹੈ, ਦੇਵਦਾਸੀ ਪ੍ਰਥਾ ਦੀ ਗੱਲ ਕਰਦਾ ਹੈ, ਜਾਤੀਵਾਦ ਦੇ ਦਿੱਤੇ ਡੂੰਘੇ ਜ਼ਖਮਾਂ ਦੀ ਵੇਦਨਾ ਦੱਸਦਾ ਹੈ। ਇਹਨਾਂ ਦੇ ਵਾਦ ਵਿਵਾਦ ਦੀ ਚਰਚਾ ਕਿਸੇ ਵੇਲੇ 'ਬਹੁਜਨ ਲਹਿਰ' ਦਾ ਮਹੱਤਵਪੂਰਨ ਹਿੱਸਾ ਰਹੇ ਹਨ।

ਡਾ. ਸੰਤੋਖ ਸਿੰਘ ਸੁੱਖੀ ਵੀ ਜਦੋਂ ਕੱਲਰ ਮਾਜਰੀ ਦੀ ਕਵਿਤਾਵਾਂ ਦਾ ਪਾਠ ਕਰਦਿਆਂ ਵਿਸ਼ੇ ਵਸਤੂ ਦੀ ਗੱਲ ਕਰਦੇ ਹਨ ਤਾਂ ਉਹਨਾਂ ਦਾ ਨਜ਼ਰੀਆ ਵੀ ਦਲਿਤ ਦੇ ਪਰਿਪੇਖ ਵਿਚ ਕੱਲਰ ਮਾਜਰੀ ਦੀ ਪ੍ਰੋੜ੍ਹਤਾ ਕਰਦਾ ਹੈ। ਉਹ ਲਿਖਦੇ ਹਨ, "ਡਾ. ਗੁਰਮੀਤ ਕੱਲਰ ਮਾਜਰੀ ਭਾਰਤੀ ਸਮਾਜਿਕ ਜੀਵਨ ਵਿਚ ਉਹਨਾਂ ਉਖਾੜੇ, ਲਿਤਾੜੇ, ਸਤਾਏ, ਛੁਟਿਆਏ, ਬਦੀਨ ਕੀਤੇ, ਸਦਾ ਲਈ ਦੂਰ ਕੀਤੇ, ਉਦਾਸੇ, ਪਿਆਸੇ ਲੋਕਾਂ ਦਾ ਸ਼ਾਇਰ ਹੈ, ਜਿਨ੍ਹਾਂ ਨੂੰ ਜਨਮ ਦਾ ਆਧਾਰ ਬਣਾ ਕੇ ਹਮੇਸ਼ਾ ਲਈ ਜੀਵਨ ਦੇ ਕੇਂਦਰੀ ਸਥਾਨ ਤੋਂ ਦੂਰ ਰੱਖਿਆ ਗਿਆ ਹੈ। ਹਰ ਕਿਸਮ ਦੀ ਰਹਿੰਦ ਖੂੰਹਦ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਕੀਤਾ ਗਿਆ, ਜਿਸ ਨਾਲ ਨਾ ਉਹਨਾਂ ਦੇ ਜੀਵਨ ਪ੍ਰਤੀ ਨਾ ਹੀ ਕੋਈ ਵਿਸ਼ਵਾਸ ਤੇ ਨਾ ਹੀ ਕੋਈ ਉਤਸ਼ਾਹ ਤੇ ਉਦਮ ਉਭਰਿਆ।''

ਗੁਰਮੀਤ ਕੱਲਰ ਮਾਜਰੀ ਦੀਆਂ ਕਵਿਤਾਵਾਂ ਪੜ੍ਹਦਿਆਂ ਇਹ ਅਹਿਸਾਸ ਵੀ ਹੁੰਦਾ ਹੈ ਕਿ ਇਹ ਉਹਨਾਂ ਦੀ ਆਪਣੀ ਜੀਵਨ ਗਾਥਾ ਹੈ। ਭਾਵੇਂ ਸਾਹਿਤਕਾਰ ਹੱਡ ਬੀਤੀ ਜਾਂ ਜੱਗ ਬੀਤੀ ਦੋਹਾਂ ਤੇ ਲਿਖ ਸਕਦਾ ਹੈ ਪਰ ਹੱਡ ਬੀਤੀ ਨੂੰ ਜੱਗ ਬੀਤੀ ਬਣਾ ਕੇ ਪੇਸ਼ ਕਰ ਦੇਣਾ ਕਿਸੇ ਸਾਹਿਤਕਾਰ ਦੀ ਉੱਤਮ ਕਲਾ ਦਾ ਨਮੂਨਾ ਹੋ ਨਿਬੜਦਾ ਹੈ। ਕੱਲਰ ਮਾਜਰੀ ਜਦੋਂ ''ਪੈਰਾਂ ਦਾ ਸਫ਼ਰ'' ਸਿਰਲੇਖ ਵਾਲੀ ਕਵਿਤਾ ਰਚਦਾ ਹੈ ਤਾਂ ਉਸਦਾ ਹਰ ਪਲ ਇੰਨੀ ਬਰੀਕੀ ਅਤੇ ਸੰਵੇਦਨਸ਼ੀਲਤਾ ਨਾਲ ਬਿਆਨ ਕਰਦਾ ਹੈ ਕਿ ਇਹ ਨਿੱਜੀ ਤਜਰਬੇ ਤੋਂ ਬਿਨਾਂ ਸੰਭਵ ਹੋ ਹੀ ਨਹੀਂ ਸਕਦਾ। ਇਸੇ ਤਰ੍ਹਾਂ ਦੀਆਂ ਆਪਾ ਪ੍ਰਗਟ ਕਰਦੀਆਂ ਹੋਰ ਕਵਿਤਾਵਾਂ ਵੀ ਸ਼ਾਮਲ ਹਨ। ਮਾਂ ਅਤੇ ਬਾਪੂ ਬਾਰੇ ਲਿਖੀਆਂ ਕਵਿਤਾਵਾਂ ਪੜ੍ਹਦਿਆਂ ਵੀ ਇਹੀ ਪ੍ਰਭਾਵ ਬਣਦਾ ਹੈ।

ਇਸ ਤਰ੍ਹਾਂ ਆਖਿਆ ਜਾ ਸਕਦਾ ਹੈ ਕਿ ਡਾ. ਗੁਰਮੀਤ ਕੱਲਰ ਮਾਜਰੀ ਨੇ ਜੋ ਵੀ ਲਿਖਿਆ ਉਹ ਪੂਰੀ ਤਨਦੇਹੀ ਨਾਲ ਇਕਾਗਰ ਚਿੱਤ ਹੋ ਕੇ ਬੇਬਾਕੀ ਨਾਲ ਸੱਚ ਨੂੰ ਉਜਾਗਰ ਕਰਨ ਲਈ ਲਿਖਿਆ ਹੈ, ਜੋ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ। ਆਸ ਹੈ ਇਹ ਰਚਨਾ ਇਸ 'ਵਰਜਿਤ ਖੇਤਰ' ਸਬੰਧੀ ਲਿਖਣ ਲਈ ਹੋਰ ਲੇਖਕਾਂ ਨੂੰ ਵੀ ਉਤਸ਼ਾਹਿਤ ਕਰੇਗੀ ਅਤੇ ਖੋਜਾਰਥੀਆਂ ਲਈ ਇਕ ਚਾਨਣਮੁਨਾਰੇ ਦਾ ਕੰਮ ਕਰੇਗੀ। ਮੈਂ ਇਸ ਸ਼ਾਹਕਾਰ ਰਚਨਾ ਨੂੰ ਖੁਸ਼ ਆਮਦੀਦ ਆਖਦਾ ਹਾਂ ਅਤੇ ਡਾ. ਸੁੱਖੀ ਦੇ ਇਹਨਾਂ ਸ਼ਬਦਾਂ ਨਾਲ ਸਹਿਮਤ ਹੁੰਦਾ ਹਾਂ, "ਅਜਿਹੇ ਮਨੁੱਖ ਦੀ ਮਨੁੱਖੀ ਮੋਹ ਲਈ ਲਿਖੀ ਕਵਿਤਾ ਨੂੰ ਸਵੀਕਾਰਨਾ, ਪਿਆਰਨਾ, ਸਤਿਕਾਰਨਾ ਬਹੁਤ ਲਾਜ਼ਮੀ ਹੈ ਕਿਉਂਕਿ ਅਜਿਹੀ ਕਵਿਤਾ ਸਾਨੂੰ ਨਵੇਂ ਤੇ ਨਿਵੇਕਲੇ ਅਨੁਭਵ ਨਾਲ ਰੂਬਰੂ ਕਰਵਾਏਗੀ।'' ਆਮੀਨ!!

# ਦਲਿਤਾਂ ਦਾ ਆਜ਼ਾਦੀ ਸੰਗਰਾਮ ਵਿੱਚ ਯੋਗਦਾਨ



ਹਰਦੀਪ ਸਿੰਘ ਚੁੰਬਰ
91-94636-01616

ਹਜਾਰਾਂ ਸਾਲਾਂ ਦੇ ਭਾਰਤ ਦੀ ਹਿੰਦੂ ਸੰਸਕਿਰਤੀ ਦੇ ਨਾਲ ਯੁੱਗਾਂ ਯੁਗਾਂਤਰਾਂ ਤੋਂ ਗੁਲਾਮ ਹੀ ਨਹੀਂ ਮਨੁੱਖ ਨੂੰ ਜਾਨਵਰਾਂ ਨਾਲੋਂ ਵੀ ਵੱਧ ਦੁਰਕਾਰ, ਪੜਤਾੜਿਤ ਕਰਨ ਦੀ ਉਧਾਰਨ ਭਾਰਤ ਵਿੱਚ ਪੌਣੀ ਸਦੀ ਪਹਿਲਾਂ ਤਰ ਮੌਜੂਦ ਰਹੀ ਹੈ। ਜਿਸ ਮਨੁੱਖ ਨੂੰ ਕਦੇ ਜਾਨਵਰਾਂ ਦੇ ਬਰਾਬਰ ਵੀ ਨਾਂ ਸਮਝਿਆ ਗਿਆ ਹੋਵੇ ਉਸ ਕੋਲੋਂ ਸਵਰਣ ਸਮਾਜ ਵਾਲੇ ਆਪਣੇ ਲਈ ਅੰਗਰੇਤਜਾਂ ਤੋਂ ਅਜਾਦੀ ਮੰਗਦੇ ਹੋਂਣ ਅਤੇ ਫਿਰ ਹਜਾਰਾਂ ਸਾਲਾ ਦੇ ਦੱਬੇ ਕੁੱਚਲੇ ਜੀਵਨ ਦੇ ਹਰ ਵਸ਼ੀਲੇ ਤੋਂ ਮਹੁਥਾਜ ਕੀਤੇ ਸਮਾਜ ਦੇ ਉਤੇ ਸਵਾਲ ਖੜਾ ਕਰਨ ਵਾਲਿਆਂ ਦੀ ਸਮਝ ਲਈ ਕਿਹੜਾ ਸ਼ਬਦ ਵਰਤਿਆ ਜਾਵੇ ਕਿ ਦਲਿਤਾਂ ਨੇ ਭਾਰਤ ਦੀ ਅਜਾਦੀ ਵਿੱਤ ਯੋਗਦਾਨ ਨਹੀਂ ਪਾਇਆ, ਇਹ ਗਲਤ ਹੈ।

ਅਜਿਹੇ ਹਾਲਾਤ ਹੁੰਦਿਆਂ ਹੋਇਆਂ ਵੀ ਅਗਰ ਸਾਨੂੰ ਦਲਿਤਾਂ ਦੀਆਂ ਕੁਰਬਾਨੀਆਂ ਦੀ ਲੰਬੀ ਸੂੱਚੀ ਮਿਲ ਜਾਂਦੀ ਹੈ ਤਾਂ ਉਸ ਨੂੰ ਸੰਭਾਲ ਕੇ ਰਖਣ ਦਾ ਕਾਰਨ ਇਕ ਦਲਿਤ ਸਮਾਜ ਦੀ ਹਿੰਮਤ ਹੀ ਹੈ, ਜਦੋ ਕਿ ਹਰ ਪਹਿਲੂ ਉਤੇ ਉਹਨਾ ਨੂੰ ਅਣਦਿਖਿਆਂ ਹੀ ਕੀਤਾ ਗਿਆ ਹੋਵੇ। ਜਿਹੜਾ ਸਮਾਜ ਕਿਸੇ ਮਨੁੱਖ ਤੋਂ ਕੰਮ ਕਰਾਉਣ ਨੂੰ ਬਗਾਰ ਕਰਾਉਣ ਨੂੰ ਧਰਮ ਸਮਝਦਾ ਹੋਵੇ ਕੀ ਉਮੀਦ ਕੀਤੀ ਜਾਂਦੀ ਹੈ ਉਹਨਾ ਦੀਆਂ ਕੁਰਬਾਨੀਆਂ ਨੂੰ ਅਹਿਮੀਅਤ ਦੇਵੇਗਾ, ਜਾਂ ਉਸ ਦਾ ਰਿਕਾਰਡ ਸੰਭਾਲਕੇ ਰਖੇਗਾ। ਦਲਿਤਾਂ ਨੂੰ ਤਾਂ ਹਜਾਰਾਂ ਲੱਖਾਂ ਵਰਕੇ ਫਰੋਲ਼ਕੇ, ਕਿਤਾਬਾਂ ਵਿੱਚੋਂ ਕਿਧਰੇ ਜਾਣੇ ਅਣਜਣੇ ਸਵਰਣਾ ਦੇ ਲਿਖਤ ਸਹਿਤ ਵਿੱਚੋ ਇਕ- ਦੋ ਲਾਈਨਾ ਮਿਲ ਜਾਂਦੀਆਂ ਹਨ, ਉਸ ਨੂੰ ਸੰਜੋਣ ਪਰੋਣ ਵਿੱਚ ਲਗਾ ਹੈ। ਦਲਿਤ ਇਤਿਹਾਸ ਲਿਖਤਾਂ ਦਾ ਹੁਣ ਬਚਪਨ ਹੀ ਕਿਹਾ ਜਾ ਸਕਦਾ ਹੈ। ਇਹ ਦਲਿਤ ਚਿੰਤਕਾਂ ਲੇਖਿਕਾਂ ਦੀ ਅਥਾਹ ਕੋਸ਼ਿਸ਼ ਹੀ ਹੈ ਜੋ ਬਿਨਾ ਕਿਸੇ ਲਾਭ ਦੇ ਜਾਂ ਨੁਕਸਾਨ ਕਰਵਾ ਕੇ ਵੀ ਆਪਣਾ ਇਤਿਹਾਸ ਖੋਜ ਰਹੇ ਹਨ ਅਤੇ ਪ੍ਰਚਾਰ ਕਰ ਰਹੇ ਹਨ। ਗਲ ਦਲਿਤਾਂ ਦੇ ਯੋਗਦਾਨ ਦੀ ਹੋ ਰਹੀ ਹੈ।

ਸਵਰਨਾਂ ਦੁਆਰਾ ਅਕਸਰ ਇਹ ਪੁੱਛਿਆ ਜਾਂਦਾ ਹੈ ਕਿ ਦਲਿਤ ਨੇ ਸੁਤੰਤਰਤਾ ਸੰਗਰਾਮ ਵਿਚ ਕਿਹੜਾ ਯੋਗਦਾਨ ਪਾਇਆ ਹੈ, ਉਹ ਉੱਚ ਜਾਤੀ ਦੀਆਂ ਇਨਕਲਾਬੀਆਂ ਦੀਆਂ ਸੂਚੀ ਦਿਖਾ ਕੇ, ਉਹ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਲੜੀ ਅਤੇ ਬਾਕੀ ਅਛੂਤ ਦਲਿਤਾਂ ਨੇ ਕੁਝ ਨਹੀਂ ਕੀਤਾ। ਇਹ ਮਾਨਸਿਕਤਾ ਉਹ ਹੈ ਜੋ ਹਜ਼ਾਰਾਂ ਸਾਲਾਂ ਤੋਂ ਚਲ ਰਹੀ ਹੈ, ਮਾਨਸਿਕਤਾ ਦੇ ਕਾਰਨ, ਏਕਲਾਵਿਆ ਦੇ ਅੰਗੂਠੇ ਕੱਟਣ ਤੋਂ ਬਾਅਦ ਅਰਜੁਨ ਨੂੰ ਸਰਬੋਤਮ ਹੋਣ ਦਾ ਖਿਤਾਬ ਦਿੱਤਾ ਗਿਆ।

ਹਰ ਕੋਈ ਜਾਣਦਾ ਹੈ ਕਿ ਆਜ਼ਾਦੀ ਦੀ ਲੜਾਈ 1857 ਵਿਚ ਮੰਗਲ ਪਾਂਡੇ ਨਾਲ ਸ਼ੁਰੂ ਹੋਈ ਸੀ। ਹਾਲਾਂਕਿ ਮੰਗਲ ਪਾਂਡੇ ਨੂੰ ਮਤਾਦਿਨ ਭੰਗੀ ਤੋਂ ਪ੍ਰੇਰਣਾ ਮਿਲੀ, ਨਹੀਂ ਤਾਂ ਪਾਂਡੇ ਸਾਰੀ ਉਮਰ ਬ੍ਰਿਟਿਸ਼ ਸਰਕਾਰ ਨੌਕਰੀ ਕਰਦੇ ਰਹਿੰਦੇ। ਮਤਾਦੀਨ ਭੰਗੀ ਨੂੰ ਇੱਕ ਅਛੂਤ ਹੋਣ ਦੇ ਵਜੋਂ ਭੁੱਲ ਗਿਆ ਸੀ। ਉਸ ਦੀ ਜਿੰਦਗੀ ਵੱਛ ਕਿਸੇ ਨੇ ਝਾਤ ਮਾਰਨ ਦੀ ਕੋਸ਼ਿਸ ਨਹੀਂ ਕੀਤੀ। ਆਜ਼ਾਦੀ ਦੀ ਪਹਿਲੀ ਲੜਾਈ 1857 ਵਿਚ ਮੰਗਲ ਪਾਂਡੇ ਨੇ ਨਹੀਂ ਲੜੀ ਸੀ, ਬਲਕਿ ਸੁਤੰਤਰਤਾ ਸੰਗਰਾਮ ਸੌ ਸਾਲ ਪਹਿਲਾਂ ਹੀ ਬਿਹਾਰ ਦੇ ਮਾਂਝੀਆਂ ਨੇ ਸਿਰੂ ਕਰ ਦਿਤਾ ਸੀ। 1804 ਵਿੱਚ ਇਹ ਲੜਾਈ ਅੱਗੇ ਵਧਾਉਂਦੇ ਹੋਏ ਯੂਪੀ ਦੇ ਛਤਰੀ ਦੇ ਏਰੀਏ ਵਿੱਚ ਲੜੀ ਗਈ ਸੀ, ਇਹ ਪਰਮਵੀਰ ਯੋਧਾ ਦੁਆਰਾ ਜਿਸ ਨੇ ਛਤਰੀ ਦੇ ਨਵਾਬ ਦੇ ਵਲੋਂ ਅੰਗਰੇਜ਼ਾਂ ਨਾਲ ਲੜੀ ਗਈ। ਛਤਰੀ ਦੇ ਨਵਾਬ ਵਲੋਂ ਲੜਨ ਵਾਲਾ "ਉਧੇ ਚਮਾਰ" ਸੀ, ਜਿਸਨੇ ਸੈਂਕੜੇ ਬ੍ਰਿਟਿਸ਼ ਨੂੰ ਮਾਰਿਆ ਸੀ। ਅਲੀਗੜ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਅੱਜ ਉਸਦੀ ਬਹਾਦਰੀ ਦੀ ਚਰਚਾ ਹੋ ਰਹੀ ਹੈ। ਉਸਨੂੰ ਅੰਗਰੇਜ਼ਾਂ ਨੇ 1807 ਵਿੱਚ ਫਾਂਸੀ ਦਿੱਤੀ ਸੀ।





ਉਸ ਤੋਂ ਬਾਅਦ ਬਾਂਕੇ ਚਮਾਰ, ਬੰਕੇ ਜੌਨਪੁਰ ਜ਼ਿਲ੍ਹਾ ਮੱਛਲੀ ਤਹਿਸੀਲ ਆਉਂਦੀ ਹੈ ਤਹਿਸੀਲ ਦੇ ਪਿੰਡ ਕੁੰਵਰਪੁਰ ਦੇ ਵਸਨੀਕ ਸਨ, ਉਨ੍ਹਾਂ ਦੇ ਬਹੁਤ ਸਾਰੇ ਅੰਗਰੇਜ਼ੀ ਘਬਰਾਹਟ ਇਹ ਸੀ ਕਿ 1857 ਦੇ ਸਮੇਂ, ਬ੍ਰਿਟਿਸ਼ ਨੇ ਉਨ੍ਹਾਂ 'ਤੇ 50 ਹਜ਼ਾਰ ਦਾ ਇਨਾਮ ਰੱਖਿਆ ਸੀ। ਹੁਣ ਤੁਸੀਂ ਸੋਚਦੇ ਹੋ, ਜਦੋਂ "2 ਪੈਸੇ" ਇੰਨੇ ਮੁੱਲ ਸਨ ਕਿ ਇਹ ਜੇ ਇਸ ਤੋਂ ਬਲਦ ਨੂੰ ਖਰੀਦਿਆ ਜਾ ਸਕਦਾ ਸੀ, ਤਾਂ ਉਸ ਸਮੇਂ "50 ਹਜ਼ਾਰ" ਦਾ ਇਨਾਮ ਕਿੰਨਾ ਵੱਡਾ ਹੋਵੇਗਾ। ਵੀਰੰਗਾਣਾ ਝਲਕਾਰੀ ਬਾਈ ਨੂੰ ਕੌਣ ਨਹੀਂ ਜਾਣਦਾ? ਰਾਣੀ ਝਾਂਸੀ ਨਾਲੋ ਵੱਧਕੇ ਉਨ੍ਹਾਂ ਵਿੱਚ ਹਿੰਮਤ ਸੀ, ਉਹ ਚਮਾਰ ਜਾਤੀ ਦੀ ਉਪ ਜਾਤੀ, ਕੋਰੀ ਜਾਤੀ ਦੇ ਸਨ। ਪਰ ਇੱਕ ਦਲਿਤ ਹੋਣ ਕਾਰਨ ਉਹਨਾਂ ਨੂੰ ਪਿਛਾਂਹ ਧੱਕਿਆ ਗਿਆ ਅਤੇ ਰਾਣੀ ਝਾਂਸੀ ਦੀ ਪ੍ਰਸ਼ੰਸਾ ਕੀਤੀ ਗਈ।

1857 ਵਿਚ, ਰਾਜਾ ਬੇਨੀ ਮਾਧਵ (ਖਲੀਲਾਬਾਦ) ਨੂੰ ਅੰਗਰੇਜ਼ਾਂ ਨੇ ਕੈਦ ਕਰ ਦਿੱਤਾ। ਅਛੂਤ ਵੀਰਾ ਪਾਸੀ ਉਹ ਸੀ ਜਿਸ ਨੇ ਉਨ੍ਹਾਂ ਨੂੰ ਛੁੱਡਾਇਆ ਜਦੋਂ ਉਨ੍ਹਾਂ ਨੇ ਬਚ-ਾਇਆ! ਇਸ ਤੋਂ ਇਲਾਵਾ ਕੁਝ ਹੋਰ ਦਲਿਤ ਇਨਕਲਾਬੀਆਂ ਦਾ ਨਾਮ ਹੈ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਗੋਰਖਪੁਰ ਦੇ ਰਿਕਾਰਡ ਵਿਚ ਕਿਹੜੇ ਦਰਜ ਹਨ।

ਚੌਰਾ-ਚੌਰੀ ਘਟਨਾ ਆਜ਼ਾਦੀ ਸੰਗਰਾਮ ਵਿਚ ਇਕ ਮੀਲ ਪੱਥਰ ਹੈ, "ਰਮਾਪਤੀ ਚਮਾਰ" ਇਸ ਚੌਰਾ-ਚੌਰੀ ਘਟਨਾ ਦਾ ਨਾਇਕ ਸੀ ਉਸ ਦੀ ਸਰਪਸਤੀ ਵਿਚ ਹਜ਼ਾਰਾਂ ਦਲਿਤਾਂ ਦੀ ਭੀੜ ਨੇ ਚੌਰਾ-ਚੌਰੀ ਥਾਣੇ ਨੂੰ ਅੱਗ ਲਾ ਦਿੱਤੀ, ਜਿਸ ਕਾਰਨ 23 ਬ੍ਰਿਟਿਸ਼ ਫੌਜਾਂ ਦੀ ਮੌਤ ਹੋ ਗਈ। ਇਤਿਹਾਸਕਾਰ ਸ੍ਰੀ. ਡੀਸੀ ਦਿਨਕਰ ਨੇ ਆਪਣੀ ਕਿਤਾਬ "ਆਜ਼ਾਦੀ ਸੰਘਰਸ਼" ਵਿਚ ਅਛੂਤਾਂ ਦੇ ਯੋਗਦਾਨ ਦਾ ਜ਼ਿਕਰ ਕੀਤਾ ਹੈ - ਬ੍ਰਿਟਿਸ਼ ਨੇ ਇਸ ਮਾਮਲੇ ਵਿਚ ਸੈਂਕੜੇ ਦਲਿਤਾਂ ਨੂੰ ਗ੍ਰਿਫਤਾਰ ਕੀਤਾ ਸੀ। 228 ਦਲਿਤਾਂ ਤੇ ਸੈਸ਼ਨ ਦੇ ਹਵਾਲੇ ਕਰ ਦਿੱਤਾ ਅਤੇ ਮੁਕੱਦਮਾ ਚਲਾਇਆ ਹੇਠਲੀ ਅਦਾਲਤ ਨੇ 172 ਦਲਿਤਾਂ ਨੂੰ ਫਾਂਸੀ ਦਿੱਤੀ ਹੈ ਨੂੰ ਸਜਾ ਸੁਣਾਈ ਗਈ। ਇਸ ਫੈਸਲੇ ਨੂੰ ਉੱਚ ਅਦਾਲਤ ਵਿੱਚ ਅਪੀਲ ਕੀਤੀ ਗਈ, ਅੱਪਰ ਕੋਰਟ ਨੇ 19 ਨੂੰ ਫਾਂਸ਼ੀ, 14 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ, ਬਾਕੀਆਂ ਨੂੰ ਅੱਠ ਤੋਂ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ। 2 ਜੁਲਾਈ 1923 ਨੂੰ ਚੌਰਾ-ਚੌਰੀ ਕਾਂਡ ਦੇ ਨਾਇਕ ਰਾਮਾਪਤੀ ਨੂੰ 18 ਹੋਰ ਦਲਿਤਾਂ ਸਮੇਤ ਫਾਂਸੀ ਦੇ ਦਿੱਤੀ ਗਈ ਸੀ। ਚੌਰਾ-ਚੌਰੀ ਕਾਂਡ ਵਿੱਚ ਇਨਕਲਾਬੀਆਂ ਨੂੰ ਫਾਂਸੀ ਦਿੱਤੀ ਗਈ ਅਤੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਦਲਿਤਾਂ ਦੇ ਨਾਮ ਸਨ-

1- ਸੰਪਤੀ ਚਮਾਰ - ਥਾਣਾ - ਚੌੜਾ, ਗੋਰਖਪੁਰ, ਅਧੀਨ ਧਾਰਾ 302 ਤਹਿਤ 1923 ਵਿਚ ਫਾਂਸੀ ਦਿੱਤੀ ਗਈ,
2- ਅਯੁੱਧਿਆ ਪ੍ਰਸਾਦ ਪੁੱਤਰ ਮਹਿੰਗਾ ਪਾਸੀ - ਪਿੰਡ - ਮੋਤੀ ਪਕੜ, ਜ਼ਿਲ੍ਹਾ. ਚੌਰਾ, ਗੋਰਖਪੁਰ, ਨੂੰ ਸਜਾ
3- ਕੱਲੂ ਚਮਾਰ ਪੁੱਤਰ ਸੁਮਨ - ਪਿੰਡ ਗੋਗਰਾ, ਥਾਣਾ-ਜਗਾਹਾ ਗੋਰਖਪੁਰ, ਸਜਾ - 8 ਸਾਲ ਦੀ ਕੈਦ
4- ਗਰੀਬ ਦਾਸ, ਬੇਟਾ ਮਹਿੰਗਾ ਪਾਸੀ - ਧਾਰਾ 302 ਅਧੀਨ ਸਜ਼ਾ ਉਮਰ ਕੈਦ
5- ਨੋਹਰਦਾਸ, ਪੁਤ੍ਰ ਡੇਵਿਡਿਨ - ਪਿੰਡ - ਰੇਬਤੀ ਬਾਜ਼ਾਰ, ਥਾਣਾ ਚੌੜਾ-ਚੌਰੀ, ਗੋਰਖਪੁਰ, ਉਮਰ ਕੈਦ
6-ਸ਼੍ਰੀ ਫਲਾਈ, ਪੁੱਤਰ ਘਾਸੀ ਪ੍ਰਸਾਦ- ਪਿੰਡ- ਥਾਣਾ ਚੌੜਾ-ਚੌਰੀ, 8 ਸਖਤ ਕੈਦ ਦਾ ਸਾਲ,
7- ਬਿਰਜਾ ਪੁੱਤਰ ਧਵਲ ਚਮਾਰ - ਪਿੰਡ - ਡੁਮਰੀ, ਥਾਣਾ ਚੌੜਾ, ਧਾਰਾ 302 ਅਧੀਨ 1924 ਵਿਚ ਉਮਰ ਕੈਦ
8- ਸ੍ਰੀ. ਮੇਧਾਈ, ਪੁੱਤਰ ਬੁਧੈ- ਥਾਣਾ ਚੌੜਾ, ਗੋਰਖਪੁਰ, ਉਮਰ ਕੈਦ....

ਇਸ ਤੋਂ ਇਲਾਵਾ, ਹਜ਼ਾਰਾਂ ਦਲਿਤ ਹਨ ਜਿਨ੍ਹਾਂ ਨੇ 1942 ਦੇ ਭਾਰਤ ਛੱਡੋ ਅੰਦੋਲਨ ਵਿਚ ਮਾਰਿਆ ਅਤੇ ਹਿੱਸਾ ਲਿਆ, ਜਿਨ੍ਹਾਂ ਵਿਚੋਂ ਕੁਝ ਪ੍ਰਮੁੱਖ ਹਨ -

1-ਮੇਨਕੂਲਲ, ਪੁੱਤਰ ਪਨਾ ਲਾਲ, ਜ਼ਿਲ੍ਹਾ ਸੀਤਾ ਪੁਰ ਇਹ ਬਹਾਦਰ ਦਲਿਤ 1932 ਦੇ ਮੋਤੀ ਬਾਗ ਵਿਚ ਸ਼ਹੀਦ ਹੋਇਆ ਸੀ।
2- ਸ਼ਿਵਦਾਨ, ਪੁਤਰਾ ਦੂਬਰ - ਨਿਵਾਸੀ ਪਿੰਡ - ਪਹਾਦੀਪੁਰ, ਮਧੂਬਨ ਆਜ਼ਮਗੜ੍ਹ, ਇਸਨੇ 15 ਅਗਸਤ 1942 ਨੂੰ ਮਧੂਬਨ ਥਾਣੇ ਵਿਚ ਸਵੇਰੇ 10 ਵਜੇ ਅੰਗਰੇਜ਼ਾਂ ਨਾਲ ਭੜਾਸ ਕੱਢੀ ਅਤੇ ਅੰਗਰੇਜ਼ਾਂ ਨੇ ਉਸ ਨੂੰ ਸ਼ਹੀਦ ਕਰ ਦਿੱਤਾ।

ਇਸ ਤੋਂ ਇਲਾਵਾ, ਦਲਿਤ ਅਮਰ ਸ਼ਹੀਦਾਂ ਦਾ ਭਾਰਤ ਸ਼ਿਲਾਲੇਖ ਤੋਂ ਪ੍ਰਾਪਤ ਹੋਇਆ ਜਾਣ-ਪਛਾਣ ਬਿਹਾਰ ਪ੍ਰਾਂਤ ਤੋਂ ਮੁੰਡਾ, ਮਾਲਦੇਵ, ਸੰਥੇ, ਸਿਨਾਰਾਮ, ਸੁਖਰਾਮ, ਸਾਵਰਾਉ, ਆਦਿ।

ਆਂਧਰਾ ਪ੍ਰਦੇਸ਼ ਤੋਂ 100 ਤੋਂ ਵੱਧ ਦਲਿਤ ਆਗੂ ਅਤੇ ਕਾਰਕੁਨ ਕੈਦੀ। ਬੰਗਾਲ ਦੇ 45 ਦਲਿਤ ਨੇਤਾਵਾਂ ਨੇ ਆਜ਼ਾਦੀ ਸੰਗਰਾਮ ਵਿੱਚ ਕੁਰਬਾਨੀਆਂ ਦਿੱਤੀਆ। ਦੇਸ਼ ਦੇ ਹੋਰ ਰਾਜਾਂ ਵਿਚ ਵੀ ਦਲਿਤਾਂ ਨੇ ਆਜ਼ਾਦੀ ਸੰਗਰਾਮ ਵਿਚ ਹਿੱਸਾ ਲਿਆ ਉਸਨੇ ਆਪਣੀ ਕੁਰਬਾਨੀ ਦਿੱਤੀ।

ਸਭ ਤੋਂ ਮਹੱਤਵਪੂਰਣ ਨਾਮ, ਜਲਿਆਂਵਾਲਾ ਬਾਗ ਲੈਣਾ ਭੁੱਲ ਗਏ ਦਲਿਤ "ਸ਼ਹੀਦ "ਊਧਮ ਸਿੰਘ" ਦਾ ਨਾਮ ਸੁਣਦਿਆਂ ਹੀ ਜਿਸਨੇ ਬਦਲਾ ਲਿਆ ਅਤੇ ਲੰਡਨ ਦੇ ਮਾਈਕਲ ਐਡੇਵਿਰ 'ਤੇ ਗੋਲੀ ਮਾਰ ਦਿੱਤੀ। ਅੰਗਰੇਜ਼ਾਂ ਵਿਚ ਡਰ ਦੀ



ਲਹਿਰ ਸੀ। ਇਹ ਸਾਰੇ ਦਲਿਤ "ਆਜ਼ਾਦੀ ਘੁਲਾਟੀਆਂ" ਅਤੇ ਹਜ਼ਾਰਾਂ ਅਜਿਹੇ ਅਣਪਛਾਤੇ ਸ਼ਹੀਦ ਜੋ 'ਦਲਿਤ' ਹੋਣ ਕਰਕੇ ਕਦੇ ਵੀ ਮੁੱਖ ਲਾਈਨ ਵਿੱਚ ਨਹੀਂ ਆ ਸਕੇ ਸਨ ਸਿਰਫ ਉੱਚ ਜਾਤੀ ਹੀ ਦੇਸ਼ ਨੂੰ ਵੇਖ ਸਕਦੀ ਹੈ।

ਕੀ ਸਾਡੇ ਪੁਰਾਣੇ ਮਹਾਨ ਆਦਮੀ ਬ੍ਰਾਹਮਣਾਂ ਦੁ-ਆਰਾ ਬ੍ਰਿਟਿਸ਼ ਵਿਰੁੱਧ ਅੰਦੋਲਨ ਵਿਚ ਸ਼ਾਮਲ ਸਨ?

1. "ਸ਼ੂਦਰਾਂ, ਅਤੀਸ਼ੂਦਰਾਂ (ਮੂਲ ਦੇ ਬਹੁਜਨ) ਨੂੰ ਆਪਣੇ ਆਪ ਨੂੰ ਬ੍ਰਾਹਮਣਾਂ ਦੀ ਗੁਲਾਮੀ ਤੋਂ ਮੁਕਤ ਕਰਨ ਲਈ ਜਲਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿੰਨਾ ਚਿਰ ਬ੍ਰਿਟਿਸ਼ ਭਾਰਤ ਵਿੱਚ ਹਨ, ਅਵਸਰ ਹਨ।"
- ਰਾਸ਼ਟਰ ਪਿਤਾ ਮਹਾਤਮਾ ਜੋਤੀਰਾਓ ਫੂਲੇ (ਗੁਲਾਮਗਿਰੀ)

2. "ਤੁਸੀਂ ਬ੍ਰਾਹਮਣ ਮੇਰੇ ਵਰਗੇ ਰਾਜੇ ਨੂੰ ਇਹ ਨਹੀਂ ਸੋਚਣ ਦਿੰਦੇ ਕਿ ਮੇਰੇ ਲੋਕਾਂ ਦਾ ਕੀ ਬਣੇਗਾ ਜੇ ਤੁਸੀਂ ਅਜ਼ਾਦੀ ਪ੍ਰਾਪਤ ਕਰੋਗੇ?"
- ਲੋਕਾਰਾਜੇ ਰਾਜਸ਼੍ਰੀ ਛਤਰਪਤੀ ਸ਼ਾਹੂ ਮਹਾਰਾਜ (ਤਿਲਕ ਦਾ ਜਵਾਬ)

3. "ਜਿਸ ਦੇ ਬੋਲ ਅਸੀਂ ਗੁਲਾਮੀ ਵਿੱਚ ਸਹਿਣ ਨਹੀਂ ਕਰਦੇ, ਸਾਨੂੰ ਉਨ੍ਹਾਂ ਨੂੰ ਆਜ਼ਾਦੀ ਵਿੱਚ ਖਾਣਾ ਪਵੇਗਾ."
- ਬਾਬਾ ਸਾਹਿਬ ਡਾ ਅੰਬੇਡਕਰ (ਬਾਹਿਸ਼ਕ੍ਰਿਤ ਭਾਰਤ)

. "ਜੇ ਗਾਂਧੀ ਜੀ ਦਾ ਅੰਦੋਲਨ ਚੋਣ ਕਮਿਸ਼ਨ ਵਾਂਗ ਜਾਰੀ ਰਿਹਾ ਤਾਂ ਬ੍ਰਾਹਮਣਵਾਦ (ਬ੍ਰਾਹਮਣਵਾਦ) ਇਸ ਦੇਸ਼ ਵਿੱਚ ਆਵੇਗਾ, ਲੋਕਤੰਤਰ (ਲੋਕਤੰਤਰ) ਨਹੀਂ।"
- ਪਾਰੀਅਰ ਰਾਮਾਸਾਮੀ ਨਾਈਕਰ
(ਇਰੂਡ ਪ੍ਰੈਸ ਕਾਨਫਰੰਸ, ਕਾਂਗਰਸ ਤੋਂ ਅਸਤੀਫਾ ਦੇਣ ਤੋਂ ਬਾਅਦ)

5. "ਇਹ ਆਜ਼ਾਦੀ ਝੂਠੀ ਹੈ, ਦੇਸ਼ ਦੇ ਲੋਕ ਭੁੱਖੇ ਹਨ।" -



ਅੰਨਾ ਭਾਉ ਸਾਠੀ
(14 ਅਗਸਤ, 1979, ਅਜ਼ਾਦ ਮੈਦਾਨ, 60 ਹਜ਼ਾਰ ਲੋਕਾਂ ਦੇ ਮੋਰਚੇ ਨੂੰ ਸੰਬੋਧਿਤ ਕਰਦੇ ਹੋਏ)

ਸਾਰੇ ਮਹਾਂਪੁਰਸ਼ਾਂ ਨੇ ਅਜ਼ਾਦੀ ਦੇ ਅੰਦੋਲਨ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਹੁਣ ਸਵਾਲ ਇਹ ਹੈ ਕਿ ਕੀ ਕਾਂਗਰਸ ਦੁਆਰਾ ਚਲਾਈ ਗਈ ਅਜ਼ਾਦੀ ਦੀ ਲਹਿਰ ਸਾਰੇ ਲੋਕਾਂ ਦੀ ਆਜ਼ਾਦੀ ਦੀ ਲਹਿਰ ਸੀ?

ਇਸਦਾ ਉੱਤਰ ਇਹ ਹੈ ਕਿ ਸਾਡੇ ਮਹਾਂ ਪੁਰਸ਼ ਜਾਣਦੇ ਸਨ ਕਿ ਕਾਂਗਰਸ ਦੁਆਰਾ ਚਲਾਈ ਗਈ ਆਜ਼ਾਦੀ ਦੀ ਲਹਿਰ ਸਾਰੇ ਲੋਕਾਂ ਦੀ ਆਜ਼ਾਦੀ ਦੀ ਲਹਿਰ ਨਹੀਂ ਸੀ, ਇਹ ਸਿਰਫ ਬ੍ਰਾਹਮਣਾਂ ਦੀ ਬ੍ਰਿਟਿਸ਼ ਤੋਂ ਆਜ਼ਾਦੀ ਪ੍ਰਾਪਤ ਕਰਨ ਦੀ ਲਹਿਰ ਸੀ, ਸਾਨੂੰ ਦੁਬਾਰਾ ਗ਼ੁਲਾਮ ਬਣਾਉਣ ਦੀ ਲਹਿਰ ਸੀ। ਇਹੀ ਕਾਰਨ ਹੈ ਕਿ ਸਾਡੇ ਮਹਾਂ ਪੁਰਸ਼ ਅੰਗਰੇਜ਼ਾਂ ਵਿਰੁੱਧ ਅਜ਼ਾਦੀ ਦੀ ਲਹਿਰ ਵਿਚ ਸ਼ਾਮਲ ਨਹੀਂ ਹੋਏ, ਬਲਕਿ ਉਹ ਆਪਣੀ ਵੱਖਰੀ ਲਹਿਰ ਚਲਾ ਰਹੇ ਸਨ।

**ਮਦਾਰੀ ਪਾਸੀ: -** ਮਦਾਰੀ ਪਾਸੀ ਦਾ ਜਨਮ 1860 ਵਿੱਚ ਉੱਤਰ ਪ੍ਰਦੇਸ਼ ਦੇ ਹਰਦੋਈ ਤਹਿਸੀਲ ਸੰਦੀਲਾ ਜ਼ਿਲ੍ਹੇ ਦੇ ਪਿੰਡ ਮੋਹਨਖੇੜਾ ਵਿੱਚ ਹੋਇਆ ਸੀ। 60 ਸਾਲ ਦੀ ਉਮਰ ਵਿੱਚ, ਗੁਮ ਪੰਧੀ ਮਦਾਰੀ ਪਾਸੀ ਨੇ ਕਿਸਾਨੀ ਅਤੇ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਇੱਕ ਅੰਦੋਲਨ ਦੀ ਸ਼ੁਰੂਆਤ ਕੀਤੀ। ਕਾਮਨਾਥ ਨੇ 'ਕਾਲ ਕਥਾ' ਨਾਂ ਦਾ ਨਾਵਲ ਲਿਖਿਆ ਹੈ।

ਅਵਧ ਕਿਸਾਨੀ ਲਹਿਰ ਦੇ ਨਾਇਕਾਂ ਵਿਚੋਂ, ਮਦਾਰੀ ਪਾਸੀ ਇਕ ਗਰੀਬ ਅਤੇ ਹਾਸ਼ੀਏ ਵਾਲੇ ਸਮਾਜ ਦਾ ਨਾਇਕ ਹੈ। ਉਸਨੇ ਗਰੀਬ ਕਿਸਾਨਾਂ, ਲਗਾਨ ਅਤੇ ਬਹੁਤ ਸਾਰੇ ਗੈਰ ਕਾਨੂੰਨੀ ਟੈਕਸਾਂ ਨੂੰ ਬੰਦ ਕਰਨ ਲਈ ਇੱਕ ਸੰਗਠਿਤ ਅਤੇ ਵਿਦਰੋਹੀ ਲਹਿਰ ਬਣਾਈ। ਜਦੋਂ 1921 ਦੇ ਅੱਧ ਵਿਚ ਦੱਖਣੀ ਅਵਧ ਸੂਬੇ ਦੀ ਕਿਸਾਨੀ ਲਹਿਰ ਨੂੰ ਸਰਕਾਰ ਅਤੇ ਜ਼ਿਮੀਂਦਾਰਾਂ ਦੇ ਵਹਿਸ਼ੀ ਦਮਨ ਕਾਰਨ ਦੱਬ ਦਿੱਤਾ ਗਿਆ। ਅਤੇ ਅਸਹਿਯੋਗ ਨੂੰ ਅੰਦੋਲਨਕਾਰੀਆਂ ਨੇ ਨਿਗਲ ਲਿਆ, ਉਸੇ ਸਮੇਂ, 1921 ਦੇ ਅਖੀਰ ਵਿਚ ਅਤੇ 1922 ਦੇ ਅਰੰਭ ਵਿਚ, ਮਦਾਰੀ ਪਾਸੀ ਦੀ 'ਏਕਾ ਅੰਦੋਲਨ' ਹਰਦੋਈ ਜ਼ਿਲ੍ਹੇ ਦੇ ਉੱਤਰੀ ਜ਼ਿਲ੍ਹਿਆਂ ਅਤੇ ਅਵਧ ਦੇ ਪੱਛਮੀ ਜ਼ਿਲ੍ਹਿਆਂ ਵਿਚ ਨਿਗਰਾਨੀ ਵਿੱਚ ਅਰੰਭ ਹੋਈ।

**ਮਹਾਂਗੁ ਰਾਮ: -** ਕੌਣ ਮੰਗੂ ਰਾਮ ਦੇ ਇਤਿਹਾਸ ਨੂੰ ਨਹੀਂ ਜਾਣਦਾ ਸੀ, ਪਰ 1942 ਦੀ ਅਗਸਤ ਇਨਕਲਾਬ ਦਾ ਬਹੁਜਨ ਨਾਇਕ ਮਹਿੰਗੂ ਰਾਮ ਬਲਦ ਦੀ ਗੱਡੀਆ ਦਾ ਮਾਮੂਲੀ ਕਾਰੀਗਰ ਸੀ, ਮਹਾਂਗੁ ਰਾਮ ਅਗਸਤ ਦੇ ਇਨਕਲਾਬ ਸਮੇਂ ਅੰਗਰੇਜ਼ਾਂ ਦੁਆਰਾ ਜਗਦੀਸ਼ ਪ੍ਰਸਾਦ ਨੂੰ ਮਾਰਨ ਦੇ ਗੁੱਸੇ ਵਿੱਚ ਸੀ। 14 ਅਗਸਤ 1942 ਨੂੰ ਬ੍ਰਿਟਿਸ਼ ਨੇ ਮਹਿੰਗੂ ਰਾਮ ਨੂੰ ਸਿਪਾਹੀ ਨੂੰ ਕੁੱਟ ਕੁੱਟ ਕੇ ਮਾਰ ਦਿਤਾ, ਇਸੇ ਕਾਰਨਾਮੇ ਦੇ ਕਾਰਨ ਅੰਗਰੇਜ ਦੇ ਉਸ ਨੂੰ ਗੋਲੀ ਮਾਰ ਦਿੱਤੀ।

ਅਗਸਤ ਦੇ ਇਨਕਲਾਬ ਦੀ ਲਹਿਰ ਨੂੰ ਅਗੇ ਵਧਾਉਂਦੇ ਹੋਏ, 14 ਅਗਸਤ ਨੂੰ ਵਿਦਿਆਰਥੀਆਂ ਨੇ ਵਿਦਿਆਰਥੀ ਆਗੂ ਜਗਦੀਸ਼ ਪ੍ਰਸਾਦ ਦੀ ਅਗਵਾਈ ਹੇਠ ਇੱਕ ਜਲੂਸ ਕੱਢਿਆ। ਜਲੂਸ ਦੇ ਮੱਦੇਨਜ਼ਰ, ਟੌਮੀ ਪੁਲਿਸ ਨੇ ਵਿਦਿਆਰਥੀਆਂ 'ਤੇ ਖੰਭਿਆਂ ਅਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਵਿਚ 20 ਸਾਲਾ ਜਗਦੀਸ਼ ਪ੍ਰਸਾਦ, ਜੋ ਬਚਾਰੀ ਦਾ ਵਸਨੀਕ ਸੀ, ਬ੍ਰਿਟਿਸ਼ ਦੀ ਗੋਲੀ ਨਾਲ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਇਲਾਜ ਦੌਰਾਨ ਉਹ ਵੀ ਸ਼ਹੀਦ ਹੋ ਗਏ ਸਨ।

**ਪੀਤਾਂਮਬਰ ਅਤੇ ਨੀਲਾਂਬਰ ਸ਼ਾਹੀ: -** ਪੀਤਾਂਮਬਰ ਅਤੇ ਨੀਲਾਂਮਬਰ ਸ਼ਾਹੀ 1857 ਵਿਚ ਆਜ਼ਾਦੀ ਸੰ-ਗਰਾਮ ਦੌਰਾਨ ਪਲਾਮੂ ਦੇਸ਼ ਦਾ ਗੜਬੜ ਵਾਲਾ ਇਲਾਕਾ ਸੀ। ਪਲਾਮੂ ਵਿਚ ਸਭ ਤੋਂ ਲੰਬੇ ਵਿਦਰੋਹ ਦੇ ਵਿਰੋਧ ਪ੍ਰਦਰਸ਼ਨ ਦੌਰਾਨ, ਦਲਿਤ ਅਤੇ ਆਦਿਵਾਸੀਆਂ ਨੇ ਆਪਣੇ ਆਪ ਨੂੰ ਪੀਤਾਂਮਬਰ ਅਤੇ ਨੀਲਾਂਮਬਰ ਸ਼ਾਹੀ ਦੀ ਅਗਵਾਈ ਹੇਠ ਸੰਗਠਿਤ ਕੀਤਾ। ਸੰਗਠਿਤ ਲੋਕਾਂ ਨੇ ਬ੍ਰਿਟਿਸ਼ ਪੱਖੀ ਰਘੂਵਰ ਦਿਆਲ ਸਿੰਘ ਜ਼ਮੀਦਾਰ ਵਿਰੁੱਧ ਜ਼ਬਰਦਸਤ ਲੜਾਈ ਲੜੀ, 1857 ਵਿਚ, ਬਾਗ਼ੀਆਂ ਨੇ ਰਾਜਹਾਰਾ ਕੰਪਨੀ ਉੱਤੇ ਹਮਲਾ ਕਰ ਦਿੱਤਾ, ਜਿਸ ਨਾਲ ਅੰਗਰੇਜ਼ਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ।


**ਚੂਹੜ ਅੰਦੋਲਨ: -** ਚੂਹੜ ਅੰਦੋਲਨ ਦੀ ਸ਼ੁਰੂਆਤ ਝਾਰਖੰਡ ਦੇ ਆਦਿਵਾਸੀਆਂ ਦੁਆਰਾ ਰਘੂਨਾਥ ਮਹਾਤੋ ਦੀ ਅਗਵਾਈ ਵਿਚ ਈਸਟ ਇੰਡੀਆ ਕੰਪਨੀ ਦੇ ਵਿਰੁੱਧ ਜੰਗਲਾਤ ਦੀ ਜ਼ਮੀਨ ਦੇ ਬਚਾਅ ਅਤੇ ਸ਼ੋਸ਼ਣ ਲਈ 1759 ਵਿਚ ਕੀਤੀ ਗਈ ਸੀ। 5 ਅਪ੍ਰੈਲ 1778 ਨੂੰ ਲੋਟਾ ਦੇ ਜੰਗਲ ਵਿੱਚ ਇੱਕ ਮੀਟਿੰਗ ਜਿਸ ਵਿੱਚ ਸੈਂਕੜੇ ਅੰਗ੍ਰੇਜ਼ੀ ਸੈਨਾ ਦੀ ਕਾਰਵਾਈ ਕਾਰਨ ਗ੍ਰਿਫ਼ਤਾਰ ਕੀਤੇ ਗਏ, ਜਿਸ ਵਿੱਚ ਬਹੁਤ ਸਾਰੇ ਲੋਕ ਮਾਰੇ ਗਏ ਅਤੇ ਰਘੂਨਾਥ ਮਹਾਤੋ ਸ਼ਹੀਦ ਹੋ ਗਏ।

**ਤਾਨਾ ਭਗਤ ਅੰਦੋਲਨ: -** ਤਾਨਾ ਭਗਤ ਅੰਦੋਲਨ ਬਿਹਾਰ ਵਿਚ 1914 ਵਿਚ ਸ਼ੁਰੂ ਹੋਇਆ ਸੀ, ਇਸ ਅੰਦੋਲਨ ਦੀ ਸ਼ੁਰੂਆਤ ਉੱਚ ਦਰ ਅਤੇ ਲਾਗਨ ਅਤੇ ਚੌਕੀਦਾਰੀ ਦੇ ਵਿਰੋਧ ਵਿਚ ਕੀਤੀ ਗਈ ਸੀ। ਜਤਾਰਾ ਭਗਤ ਦੀ ਅਗਵਾਈ ਵਿਚ ਐਲਾਨ ਕੀਤਾ ਗਿਆ ਸੀ ਕਿ ਤਾਨਾ ਭਗਤ ਅੰਦੋਲਨ: - ਤਾਨਾ ਭਗਤ ਅੰਦੋਲਨ ਤਾਨਾ ਭਗਤ ਲਹਿਰ ਬਿਹਾਰ ਵਿਚ 1914 ਵਿਚ ਸ਼ੁਰੂ ਹੋਈ ਸੀ, ਇਸ ਅੰਦੋਲਨ ਦੀ ਸ਼ੁਰੂਆਤ ਉੱਚ ਦਰ ਅਤੇ ਚੌਕੀਦਰੀ ਦੇ ਵਿਰੋਧ ਵਿਚ ਲਗਾਨ ਵਿਚ ਕੀਤੀ ਗਈ ਸੀ। ਇਸ ਅੰਦੋਲਨ ਦਾ ਪ੍ਰਚਾਰਕ ਜੱਤਰਾ ਭਗਤ ਹੈ, ਜਤਰਾ ਭਗਤ ਦੀ ਅਗਵਾਈ ਹੇਠ ਇਹ ਘੋਸ਼ਣਾ ਕੀਤੀ ਗਈ ਸੀ ਕਿ ਉਹ ਮਾਲੀਆ ਨਹੀਂ ਦੇਣਗੇ, ਜਬਰੀ ਬੇਗਾਰੀ ਨਹੀਂ ਕਰਨਗੇ ਅਤੇ ਟੈਕਸ ਅਦਾ ਨਹੀਂ ਕਰਨਗੇ ਜਿਵੇਂ ਹੀ ਤਾਨਾ ਭਗਤ ਅੰਦੋਲਨ ਦੇ ਚਰਚੇ ਵਿੱਚ ਆਇਆ, ਬ੍ਰਿਟਿਸ਼ ਨੇ 1914 ਵਿੱਚ ਉਸਨੂੰ ਗ੍ਰਿਫਤਾਰ ਕਰ ਲਿਆ ਅਤੇ ਉਸਨੂੰ ਡੇਢ ਸਾਲ ਦੀ ਸਜ਼ਾ ਸੁਣਾਈ ਗਈ। 1940 ਵਿਚ ਵੱਡੀ ਗਿਣਤੀ ਵਿਚ ਤਾਨਾ ਭਗਤ ਨਾਗਪੁਰ ਵਿਚ ਸ਼ਾਮਲ ਹੋਏ, ਮਤਭੇਦਾਂ ਦੇ ਕਾਰਨ,ਤਾਨਾ ਭਗਤਾਂ ਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਵਧੀਆਂ, ਉਨ੍ਹਾਂ ਦੀ ਮੁੱਖ ਸ਼ਾਖਾ ਸਦਾ ਭਗਤਾ ਕਿਹਾ ਜਾਂਦਾ ਹੈ।

**ਝਲਕਾਰੀ ਬਾਈ: -** ਝਲਕਾਰੀ ਬਾਈ ਦਾ ਜਨਮ 22 ਨਵੰਬਰ ਨੂੰ ਬੁੰਦੇਲਖੰਡ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਹੋਇਆ ਸੀ। ਉਸਦਾ ਵਿਆਹ ਝਾਂਸੀ ਦੀ ਸੈਨਾ ਵਿੱਚ ਪੂਰਨ

**(ਬਾਕੀ ਅਗਲੇ ਸਫੇ 'ਤੇ)**

# ਕਿਵੇਂ ਮੁੜ ਖੜ੍ਹਾ ਹੋ ਸਕਦਾ ਹੈ ਪੰਜਾਬ ?



ਹਰਕੀਰਤ ਕੌਰ ਸਭਰਾ
9779118066

ਪੰਜਾਬ ਗੰਭੀਰ ਸੰਕਟ ਦਾ ਸ਼ਿਕਾਰ ਹੈ। ਇਹ ਸੰਕਟ ਕਿਸੇ ਇੱਕ ਖੇਤਰ ਤੱਕ ਸੀਮਤ ਨਹੀਂ, ਸਗੋਂ ਵਿਭਿੰਨ ਖੇਤਰਾਂ ਤੱਕ ਫੈਲਿਆ ਹੋਇਆ ਹੈ। ਪੰਜਾਬ ਜਿਹੜਾ ਕਿਸੇ ਵਕਤ ਹਰ ਖੇਤਰ ਵਿੱਚ ਮੋਹਰੀ ਰਾਜ ਹੁੰਦਾ ਸੀ, ਹੁਣ ਪਛੜੇਪਣ ਵੱਲ ਵੱਧ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਇਸ ਸੰਕਟ ਗ੍ਰਸਤ ਸਥਿਤੀ ਲਈ ਕੋਈ ਇੱਕ ਵਿਅਕਤੀ, ਇੱਕ ਰਾਜਸੀ ਪਾਰਟੀ , ਇੱਕ ਸਮਾਜਿਕ ਸੰਸਥਾ ਜਾਂ ਇੱਕ ਵਿਸ਼ੇਸ਼ ਖਿੱਤਾ ਜ਼ਿੰਮੇਵਾਰ ਨਹੀਂ ਬਲਕਿ ਪੰਜਾਬ ਦਾ ਹਰ ਇੱਕ ਵਾਸੀ ਜ਼ਿੰਮੇਵਾਰ ਹੈ। ਇਸ ਸਾਰੇ ਵਰਤਾਰੇ ਨੂੰ ਮੂਕ ਦਰਸ਼ਕ ਬਣਕੇ ਦੇਖਣ ਵਾਲੇ ਵੀ ਉਨੇ ਹੀ ਜ਼ਿੰਮੇਵਾਰ ਹਨ, ਜਿੰਨੀਆਂ ਕਿ ਇਸ ਨੂੰ ਪੈਦਾ ਕਰਨ ਵਾਲੀਆਂ ਸ਼ਕਤੀਆਂ।

ਪੰਜਾਬ ਕਿਹੜੇ ਸੰਕਟਾਂ ਨਾਲ ਜੂਝ ਰਿਹਾ ਹੈ, ਇਸ ਸਭ ਤੋਂ ਅਸੀ ਸਾਰੇ ਜਾਣੂ ਹਾਂ, ਲੇਖਾਂ, ਭਾਸ਼ਣਾ ਰਾਹੀ ਅਸੀਂ ਸਾਰੇ ਹਲਾਤਾਂ, ਸੰਕਟਾਂ ਉੱਤੇ ਤਾਂ ਝਾਤ ਮਾਰਦੇ ਹਾਂ ਪਰ ਉਸਦੇ ਢੁਕਵੇਂ ਹੱਲਾਂ ਬਾਰੇ ਗਹਿਰਾਈ ਨਾਲ ਵਿਚਾਰ ਨਹੀਂ ਕਰਦੇ। ਸੋ ਅੱਜ ਦੇ ਇਸ ਲੇਖ ਵਿੱਚ ਕੁਝ ਵਾਜਿਬ ਅਤੇ ਢੁਕਵੇਂ ਹੱਲਾਂ ਉੱਤੇ ਚਾਨਣਾ ਪਾਉਣ ਦਾ ਯਤਨ ਕਰ ਰਹੀ ਹਾਂ।ਪੰਜਾਬ ਦੇ ਮੌਜੂਦਾ ਹਾਲਾਤਾਂ ਦੇ ਜਿਆਦਾਤਰ ਜ਼ਿੰਮੇਵਾਰ ਅਸੀ ਸਰਕਾਰਾਂ ਜਾਂ ਰਾਜਨੀਤਿਕ ਪਾਰਟੀਆਂ ਨੂੰ ਠਹਿਰਾਉਂਦੇ ਹਾਂ। ਜੋ ਬਹੁਤ ਹੱਦ ਤੱਕ ਠੀਕ ਹੈ, ਪਰ ਕਹਿੰਦੇ ਹਨ ਕਿ "ਡੱਕੇ ਮਾਰਨ ਰੋੜਣੋ ਸੋਮਾਂ ਏਹਦਾ ਮਾਰ " ਕਹਿਣ ਤੋ ਭਾਵ ਕਿ ਖੇਤਾਂ ਵਿੱਚੋਂ ਜਦੋਂ ਪਾਣੀ ਟੁੱਟਦਾ ਤਾਂ ਜੱਟ ਪਹਿਲਾਂ ਇਹ ਦੇਖਦਾ ਹੈ ਕਿ ਸੀਰ ਕਿੱਥੇ ਪੈ ਰਹੀ ਹੈ ।ਬਿਲਕੁਲ ਇਸੇ ਤਰ੍ਹਾਂ ਸਰਕਾਰਾਂ ਤੋਂ ਪਹਿਲਾਂ ਆਮ ਜਨਤਾ ਜ਼ਿੰਮੇਵਾਰ ਹੈ ਕਿਉਂਕਿ ਸਰਕਾਰਾਂ ਨੂੰ ਬਣਾਉਣ ਦਾ ਜ਼ਿਮਾ ਤਾਂ ਸਾਡੇ ਮੋਢਿਆਂ ਉੱਤੇ ਸੀ,ਇਹ ਜਨਤਾ ਦਾ ਫਰਜ ਬਣਦਾ ਹੈ ਕਿ ਵੋਟਾਂ ਦੇ ਦਿਨਾਂ ਵਿੱਚ ਮਦਹੋਸ਼ ਹੋ ਕੇ ਨਹੀਂ ਬਲਕਿ ਹੋਸ਼ ਵਿੱਚ ਰਹਿ ਕੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ ਜਾਵੇ।ਵੋਟਾਂ ਸਮੇਂ ਤਾਂ ਅਸੀ ਇੱਕ ਸ਼ਰਾਬ ਦੀ ਬੋਤਲ ਪਿੱਛੇ ਆਪਣੀ ਜਮੀਰ ਵੇਚਣ ਲਈ ਤਿਆਰ ਹੋ ਜਾਂਦੇ ਹਾਂ, ਬਜਾਇ ਇਹ ਸੋਚਣ ਦੇ ਕਿ ਜੋ ਸਰਕਾਰ ਬਨਣ ਤੋਂ ਪਹਿਲਾਂ ਨਸ਼ਾ ਫੈਲਾਅ ਰਹੇ ਹਨ, ਸਰਕਾਰ ਬਨਣ ਤੋਂ ਬਾਅਦ ਉਹਨਾਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ। ਸੋ ਸਭ ਤੋਂ ਪਹਿਲਾਂ ਤਾਂ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਵੋਟ ਦੇ ਅਧਿਕਾਰ ਦਾ ਇਸਤੇਮਾਲ ਬਹੁਤ ਹੀ ਸੰਜੀਦਗੀ ਅਤੇ ਜ਼ਿੰਮੇਵਾਰ ਨਾਗਰਿਕ ਦੀ ਤਰ੍ਹਾਂ ਕਰੀਏ।

ਜਨਤਾ ਤੋਂ ਬਾਅਦ ਜੇਕਰ ਗੱਲ ਕੀਤੀ ਜਾਵੇ ਸਰਕਾਰਾਂ ਦੀ ਤਾਂ ਪਾਰਟੀਆਂ ਨੂੰ ਬਹੁਤ ਸੰਜੀਦਗੀ ਨਾਲ ਵਿਚਾਰ ਕੇ ਆਪਣੇ ਪਾਰਟੀ ਦੇ ਨੁਮਾਇੰਦੇ ਚੁਣਨੇ ਚਾਹੀਦਾ ਹਨ, ਕਿਉਂਕਿ ਜੇਕਰ ਮੈਂ ਗਲਤ ਨਾ ਹੋਵਾਂ ਤਾਂ ਪੰਜਾਬ ਦੀਆਂ ਵੱਡੀਆਂ ਤੋਂ ਲੈਕੇ ਛੋਟੀਆਂ ਪਾਰਟੀਆਂ ਤੱਕ ਬਹੁਤਾਤ ਮੈਂਬਰ ਬਹੁਤ ਘੱਟ ਪੜੇ ਹਨ। ਸ਼ਾਇਦ ਜਿੰਨਾ ਨੂੰ ਰਾਜਨੀਤੀ ਦੇ ਮੁੱਢਲੇ ਸਿਧਾਂਤਾਂ ਬਾਰੇ ਵੀ ਜਾਣਕਾਰੀ ਨਾ ਹੋਵੇ। ਜੇਕਰ ਅਸੀਂ ਪੰਜਾਬ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੇ ਹਾਂ ਤਾਂ ਇਹ ਯਕੀਨੀ ਬਣਾਉਣਾ ਪਵੇਗਾ ਕਿ ਸਾਡਾ ਪੰਜਾਬ ਅਨਪੜ ਤੇ ਗਵਾਰ ਨੇਤਾਵਾਂ ਦੇ ਹੱਥ ਵਿੱਚ ਨਹੀਂ ਬਲਕਿ ਪੜੇ ਲਿਖੇ,ਮਾਹਿਰ, ਸੂਝਵਾਨ, ਤਰਕਸ਼ੀਲ ਅਤੇ ਵਿਦਵਾਨਾਂ ਦੇ ਹੱਥ ਵਿੱਚ ਹੋਵੇ ।



ਨੌਜਵਾਨ ਪੀੜੀ ਦੇ ਵਿਦੇਸ਼ਾਂ ਵੱਲ ਨੂੰ ਵੱਧ ਰਹੇ ਅਤੇ ਹੱਥੀ ਕੰਮ ਕਰਨ ਦੇ ਘੱਟ ਰਹੇ ਰੁਝਾਨ ਉੱਪਰ ਗਹਿਰਾਈ ਨਾਲ ਸੋਚਣ ਉਪਰੰਤ ਮੈਨੂੰ ਮਸ਼ਹੂਰ ਸੂਫ਼ੀ ਕਵੀ ਅਤੇ ਗਾਇਕ ਮਾਣਯੋਗ ਸਤਿੰਦਰ ਸਰਤਾਜ ਜੀ ਦੇ ਬੋਲ ਯਾਦ ਆਉਂਦੇ ਹਨ ਕਿ "ਚਾਰ ਹੀ ਤਰੀਕਿਆਂ ਨਾਲ ਬੰਦਾ ਕਰੇ ਕੰਮ ਸਦਾ ਸ਼ੌਕ ਨਾਲ , ਪਿਆਰ ਨਾਲ, ਲਾਲਚ ਜਾਂ ਡੰਡੇ ਨਾਲ " ਅਸੀਂ ਦੇਖਦੇ ਹਾਂ ਸਾਡੇ ਬਹੁਤ ਸਾਰੇ ਨੌਜਵਾਨ ਮੁੰਡੇ ਕੁੜੀਆਂ ਜੋ ਪੰਜਾਬ ਵਿੱਚ ਪਾਣੀ ਦਾ ਗਿਲਾਸ ਤੱਕ ਨਹੀਂ ਸਨ ਫੜਦੇ, ਵਿਦੇਸ਼ ਜਾ ਦੂਹਰੀਆਂ ਦੂਹਰੀਆਂ ਸਿਫਟਾਂ ਲਗਾਉਂਦੇ ਹਨ। ਹੁਣ ਇੱਥੇ ਸਵਾਲ ਇਹ ਹੈ ਕਿ ਅਜਿਹਾ ਕੀ ਹੈ ਜੋ ਭੰਨ ਕੇ ਡੱਕਾ ਦੂਹਰਾ ਨਾ ਕਰਨ ਵਾਲੇ ਨੌਜਵਾਨ ਵੀ ਕੰਮ ਕਰਨ ਲੱਗ ਜਾਂਦੇ ਹਨ। ਇਸ ਦਾ ਬਹੁਤ ਹੀ ਸਰਲ ਜਿਹਾ ਉੱਤਰ ਹੈ "ਅਨੁਸ਼ਾਸਨ " ਬਾਹਰਲੇ ਮੁਲਕਾਂ ਵਿੱਚ ਹਰ ਜਗ੍ਹਾ ਅਨੁਸ਼ਾਸਨ ਹੈ। ਹਰ ਕੰਮ ਅਨੁਸ਼ਾਸਨਮਈ ਤਰੀਕੇ ਨਾਲ ਕੀਤਾ ਜਾਂਦਾ ਹੈ। ਸਾਡੇ ਨੌਜਵਾਨਾਂ ਨੂੰ ਨਾ ਚਾਹੁੰਦੇ ਹੋਏ ਵੀ ਅਨੁਸ਼ਾਸਨ ਵਿੱਚ ਰਹਿ ਕੇ ਕੰਮ ਕਰਨਾ ਪੈਂਦਾ ਹੈ। ਕਾਨੂੰਨਾ ਦੀ ਪਾਲਣਾ ਕਰਨੀ ਹੀ ਪਵੇਗੀ ਭਾਵੇਂ ਪਿਆਰ ਨਾਲ ਜਾਂ ਫਿਰ ਡੰਡੇ ਨਾਲ। ਸਾਡੇ ਭਾਰਤੀ ਸਿਸਟਮ ਵਾਂਗ ਨਹੀਂ ਕਿ ਲਾਲ ਬੱਤੀ ਤੇ ਵਾਹਨ ਨਾ ਰੋਕਣ ਦੀ ਸਜ਼ਾ ਕੇਵਲ 100 ਰੁਪਿਆ ਹੋਵੇਗੀ। ਦੂਸਰੀ ਗੱਲ ਵਿਅਕਤੀ ਦੀ ਮਹਿਨਤ ਦਾ ਮੁੱਲ ਪੈਂਦਾ ਹੈ।ਸੋ ਜੇਕਰ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੀ ਰੌਣਕ ਪੰਜਾਬ ਵਿੱਚ ਰਹੇ ਤਾਂ ਸਾਨੂੰ ਹਰ ਕੰਮ ਨੂੰ ਅਨੁਸ਼ਾਸਨਮਈ ਬਣਾਉਣਾ ਪਵੇਗਾ। ਕਾਨੂੰਨਾ ਨੂੰ ਅਮਲੀ ਰੂਪ ਦੇਣਾ ਪਵੇਗਾ। ਨੌਜਵਾਨਾਂ ਲਈ ਅਜਿਹੀਆਂ ਸਹੂਲਤਾਂ ਪ੍ਰਦਾਨ ਕਰਨੀਆਂ ਪੈਣਗੀਆਂ।ਵੱਧ ਤੋਂ ਵੱਧ ਉਦਯੋਗ ਸਥਾਪਿਤ ਕੀਤੇ ਜਾਣ। ਜੇਕਰ ਪਿਛਲੇ ਕੁਝ ਸਮੇਂ ਵੱਲ ਝਾਤ ਮਾਰੀਏ ਤਾਂ ਪੰਜਾਬ ਦੇ ਲੁਧਿਆਣਾ ਸ਼ਹਿਰ ਵਿੱਚ 150 ਫੈਕਟਰੀਆਂ ਬੰਦ ਹੋ ਚੁੱਕੀਆਂ ਹਨ। ਅੰਮ੍ਰਿਤਸਰ ਵਿੱਚ ਕਿਸੇ ਸਮੇਂ 110 ਟੈਕਸਟਾਈਲ ਇੰਡਸਟਰੀਜ਼ ਸਨ ਜਿੰਨਾ ਦੀ ਮੌਜੂਦਾ ਸਮੇਂ ਵਿੱਚ ਗਿਣਤੀ ਕੇਵਲ 20 ਹੈ। ਪੰਜਾਬ ਨਿਰਮਾਣਕਰਤਾ ਤੋਂ ਖਪਤਕਾਰ ਬਣ ਚੁੱਕਾ ਹੈ। ਜੋ ਪੰਜਾਬ ਦੀ ਤਰੱਕੀ ਲਈ ਸੁਖਾਵਾਂ ਨਹੀਂ ਹੈ।

ਇਸਤੋਂ ਇਲਾਵਾ ਜੋ ਪੰਜਾਬ ਦੀ ਜਵਾਨੀ ਅਤੇ ਪੰਜਾਬ ਨੂੰ ਮੁੜ ਪੱਬਾਂ ਭਾਰ ਖੜਾ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਦਾ ਹੈ, ਉਹ ਹੈ ਸਾਡਾ ਪੰਜਾਬੀ ਸਾਹਿਤ। ਪਰਿਵਾਰ ਤੋਂ ਸ਼ੁਰੂਆਤ ਕਰਕੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਹਰ ਇੱਕ ਦੀ ਪਹਿਲੀ ਕੋਸ਼ਿਸ਼ ਨੌਜਵਾਨਾਂ ਵਿੱਚ ਸਾਹਿਤ ਨੂੰ ਪੜਨ ਦੀ ਰੁਚੀ ਨੂੰ ਪੈਦਾ ਕਰਨਾ ਹੋਵੇ। ਇਹ ਮੇਰਾ ਨਿੱਜੀ ਤਜ਼ੁਰਬਾ ਹੈ ਕਿ ਸਾਹਿਤ ,ਕਿਤਾਬਾਂ ਨਾਲ ਜੁੜਿਆ ਵਿਅਕਤੀ ਇੱਕ ਜ਼ਿੰਮੇਵਾਰ ਨਾਗਰਿਕ ਹੋ ਨਿਬੜਦਾ ਹੈ। ਜਿੰਨਾ ਵੀ ਹਲਾਤਾਂ ਬਾਰੇ ਚਰਚਾ ਕਰਨ ਦਾ ਯਤਨ ਕੀਤਾ ਇਹ ਪੰਜਾਬ ਦੀ ਜਮੀਨੀ ਹਕੀਕਤ ਹੈ ਅਤੇ ਇਸਤੋਂ ਅਸੀਂ ਮੂੰਹ ਨਹੀਂ ਮੋੜ ਸਕਦੇ, ਜਰੂਰਤ ਹੈ ਤਾਂ ਆਪਣਾ ਮੁਹਾਵਣਾ ਮੋੜਨ ਦੀ। ਪੰਜਾਬ ਦੀ ਤੜਫਦੀ ਰੂਹ ਨੂੰ ਸ਼ਾਂਤੀ ਉਦੋਂ ਹੀ ਮਿਲੇਗੀ ਜਦੋਂ ਪੰਜਾਬ ਫਿਰ ਤੋਂ ਖੁਸ਼ਹਾਲ ਹੋਵੇਗਾ ਐਨ ਉਦਾਂ ਜਿਵੇ ਇੱਕ ਬਜ਼ੁਰਗ ਬਾਬਾ ਆਪਣੇ ਪੋਤੇ ਪੋਤਰੀਆਂ ਤੇ ਬਾਗ ਪਰਿਵਾਰ ਨੂੰ ਹੱਸਦਾ ਵੱਸਦਾ ਵੇਖ ਖੁਸ਼ ਹੁੰਦਾ ਹੈ।

ਪੰਜਾਬ ਦੀ ਵਿਲਕਦੀ ਰੂਹ ਨੂੰ ਸ਼ਾਂਤ ਕਰਨ ਲਈ ਪੰਜਾਬ ਦੀਆਂ ਸਾਰੀਆਂ ਧਿਰਾਂ ਨੂੰ ਰਾਜਸੀ ਲਾਲਸਾ, ਵੋਟ ਰਾਜਨੀਤੀ, ਸਵਾਰਥੀ ਲਾਭ ਤੋਂ ਉਪਰ ਉੱਠ ਕੇ ਪੂਰੀ ਸੂਝ ਬੂਝ ਨਾਲ ਵਿਚਾਰ ਕਰਨਾ ਚਾਹੀਦਾ ਹੈ ਅਤੇ ਬੇਤੁਕੇ ਬਿਆਨਾਂ, ਬਹਾਨੇਬਾਜ਼ੀ ਤੋਂ ਲਾਂਭੇ ਹੋ ਕੇ ਗੰਭੀਰ ਕਦਮ ਚੁੱਕਣੇ ਚਾਹੀਦੇ ਹਨ ਇਸ ਵਿੱਚ ਪੰਜਾਬ ਅਤੇ ਪੰਜਾਬੀਆਂ ਦਾ ਹੀ ਭਲਾ ਹੈ । ਪੰਜਾਬ ਨੂੰ ਮੁੜ ਪੈਰਾਂ ਤੇ ਖੜਾ ਕਰਨ ਲਈ ਸਾਨੂੰ ਸਾਰਿਆਂ ਨੂੰ ਇੱਕਜੁਟ ਹੋਕੇ ਹੰਭਲਾ ਮਾਰਨਾ ਪਵੇਗਾ।

# ਪੁਰਾਤਨ ਵਸਤਾਂ ਸਾਂਭੀ ਬੈਠਾ ਬਠਿੰਡੇ ਦਾ 'ਹਰਮਨ ਵਧਵਾ'



ਤਸਵਿੰਦਰ ਸਿੰਘ ਬੜੈਚ
91-98763-22677

ਸਮੇਂ ਦੇ ਬਦਲਾਅ ਨਾਲ ਅਮੀਰ ਵਿਰਸੇ, ਸੱਭਿਆਚਾਰ ਤੇ ਇਤਿਹਾਸ ਨਾਲ ਜੁੜੀਆਂ ਚੀਜ਼ਾਂ ਸਾਥੋਂ ਦੂਰ ਜਾ ਰਹੀਆਂ ਨੇ, ਪਰ ਕਈ ਲੋਕ ਅੱਜ ਵੀ ਅਜਿਹੀਆਂ ਵਿਰਾਸਤੀ ਚੀਜ਼ਾਂ ਸਾਂਭਣ ਦੇ ਸ਼ੌਕੀਨ ਹਨ। ਅਜਿਹੇ ਸ਼ੌਕੀਨਾਂ ਵਿਚੋਂ ਇਕ ਹੈ ਸ਼ਹੀਦ ਭਗਤ ਸਿੰਘ ਨਗਰ, ਨਰੂਆਣਾ ਰੋਡ ਬਠਿੰਡਾ ਦਾ ਵਸਨੀਕ ਹਰਮਨ ਵਧਵਾ। ਉਸਨੇ ਆਪਣੇ ਘਰ ਵਿਚ ਹੀ ਇਕ ਅਜਾਇਬ ਘਰ ਬਣਾਇਆ ਹੋਇਆ ਹੈ, ਜਿਸ ਵਿਚ ਉਸ ਨੇ ਪੰਜਾਬ 'ਚੋਂ ਲੋਪ ਹੋ ਰਹੀਆਂ ਵਿਰਾਸਤੀ ਵਸਤਾਂ, ਜਿਹੜੀਆਂ ਕਿਤੇ ਨਹੀਂ ਮਿਲਦੀਆਂ, ਰੱਖੀਆਂ ਹੋਈਆਂ ਹਨ, ਜਿਨ੍ਹਾਂ ਨੂੰ ਲੋਕੀਂ ਦੂਰੋਂ-ਦੂਰੋਂ ਵੇਖਣ ਆਉਂਦੇ ਹਨ। ਉਸਦੇ ਅਜਾਇਬ ਘਰ ਵਿਚ ਪਾਣੀ ਭਰਨ ਵਾਲੀ ਡੋਲ, ਦੇਸੀ ਸੇਰ ਵਾਲੇ ਵੱਟੇ, ਪੁਰਾਣਾ ਗੱਡਾ, ਊਠ ਹਲ, ਤੱਕੜੀ, ਉਲਟਾਵਾਂ ਹਲ, ਬਾਲਟੀ, ਨਿਉਲੇ ਜਿੰਦਰੇ, ਗਾਗਰ, ਭੜੋਲੇ, ਸੁਰਮੇਦਾਨੀਆਂ, ਰੱਥ, ਖਰਖਰੇ, ਪੰਜੇ, ਕੁੰਡੀਆਂ, ਮਧਾਣੀਆਂ, ਕੱਦੂਕਸ, ਮੂੜਾ, ਬੋਹੀਏ, ਊਰੀਆਂ, ਬਲਦਾਂ ਦੀਆਂ ਟੱਲੀਆਂ, ਕੱਤਣੀ, ਮਕਸੂਦ, ਘੋਟਣਾਂ, ਕੰਗਣੀ ਵਾਲੇ ਗਲਾਸ, ਫੁਲਕਾਰੀ, ਝੂਲਾ, ਗੜਬੀਆਂ, ਨਾਲੇ ਬੁਣਨ ਵਾਲਾ ਅੱਡਾ, ਊਠ ਦੇ ਪੈਰਾਂ ਵਾਲੀ ਨਿਉਲ, ਥਾਲ, ਹੱਥ ਪੱਖੇ-ਪੱਖੀਆਂ, ਵਲਟੋਹੀਆਂ, ਟਿੰਡਾਂ, ਊਠ ਦੀ ਕਾਠੀ, ਗੜਬਾ, ਕਪਾਹ ਵੇਲਣਾ, ਜੱਗ, ਕੋਠੇ ਉੱਪਰ ਵੱਜਣ ਵਾਲਾ ਸਪੀਕਰ, ਕੋਲੀਆਂ, ਛਾਬਾ, ਛੰਨੇ, ਹੱਥ ਖੱਡੀਆਂ ਦਾ ਸਮਾਨ, ਫੁੱਲਦਾਨ, ਅਟੇਰਨ, ਕੜਛੀਆਂ, ਛਿੱਕੂ, ਡੋਲੂ, ਰਕਾਬਾਂ, ਰੋਟੀ ਰੱਖਣ ਵਾਲੇ ਡੱਬੇ, ਤੂੰਬਾ, ਬਲਦਾਂ ਦੀਆਂ ਛਿਕਲੀਆਂ, ਗਰਾਮੋਫੋਨ ਮਸ਼ੀਨਾਂ, ਐਲ ਪੀ ਯਾਨੀ ਕੁੱਤੇ ਮਾਰਕਾ ਤਵੇ, ਪੁਰਾਤਨ ਕ੍ਰਿਪਾਨਾ, ਕੈਸਟਾਂ, ਚੱਕੀ, ਤਰਫਾਲੀ, ਉੱਖਲੀ, ਸੰਦੂਕ, ਸਿਆਹੀ ਦੀਆਂ ਦਵਾਤਾਂ, ਚਰਖਾ, ਪੀੜ੍ਹਾ, ਮੰਜੀ, ਟੇਪਾਂ,ਪਲੇਟਾਂ, ਪਿੱਤਲ ਦਾ ਛਾਬਾ, ਪੰਜਾਲੀ, ਰੇਡੀਓ, ਪੁਰਾਣੇ ਗੇਟ, ਲੈਂਪ, ਸਾਗ ਚੀਰਨ ਵਾਲੀ ਦਾਤੀ, ਲੋਟਾ, ਲਾਲਟੈਣ,



ਬੱਤੀਆਂ ਵਾਲੇ ਦੀਵੇ, ਚਰਖੇ ਅਤੇ ਹੋਰ ਪਤਾ ਨਹੀਂ ਕਿੰਨੀਆਂ ਛੋਟੀਆਂ ਵੱਡੀਆਂ ਚੀਜ਼ਾਂ ਸਾਂਭੀਆਂ ਹੋਈਆਂ ਹਨ। ਜਿਨ੍ਹਾਂ ਨੂੰ ਉਸ ਨੇ ਆਪਣੇ ਘਰ ਦੇ ਨਿੱਜੀ ਅਜਾਇਬ ਘਰ ਵਿਚ ਖੂਬਸੂਰਤ ਢੰਗ ਨਾਲ ਸਜਾਇਆ ਹੋਈਆ ਹੈ। ਭਾਂਵੇ ਉਸਦਾ ਅਜਾਇਬ ਘਰ ਸਰਕਾਰੀ ਅਜਾਇਬ ਘਰਾਂ ਜਿੰਨੇ ਥਾਂ ਵਿਚ ਨਹੀਂ ਹੈ ਪ੍ਰੰਤੂ ਇਸ ਵੱਡੇ ਦਿਲ ਵਾਲੇ ਸ਼ਖਸ ਨੇ ਥੋੜ੍ਹੀ ਜਗ੍ਹਾ ਹੋਣ ਦੇ ਬਾਵਜੂਦ ਇਨ੍ਹਾਂ ਸਾਰੀਆਂ ਵਸਤਾਂ ਨੂੰ ਬੜੇ ਸਲੀਕੇ ਨਾਲ ਸਾਂਭ ਕੇ ਰੱਖਿਆ ਹੋਇਆ ਹੈ। ਨਸ਼ਿਆਂ ਤੋਂ ਕੋਹਾਂ ਦੂਰ ਇਸ ਸ਼ਖਸ ਨੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀਆਂ ਲੋਪ ਹੋ ਰਹੀਆਂ ਤੇ ਲੋਪ ਹੋ ਚੁੱਕੀਆਂ ਇਹ ਚੀਜ਼ਾਂ ਪੰਜਾਬ ਦੇ ਕੋਨੇ-ਕੋਨੇ ਵਿਚ ਘੁੰਮ ਕੇ ਪੱਲਿਉ ਪੈਸੇ ਖਰਚ ਕਰਕੇ ਆਪਣੇ ਦਿਹਾੜੀ ਛੱਡ ਕੇ ਘਰੇਲੂ ਤੰਗੀਆਂ ਤਰੁਟੀਆਂ ਝਲ ਕੇ ਇਕੱਤਰ ਕੀਤੀਆਂ ਹਨ। ਉਹ ਪਿੱਤਲ ਤੇ ਕਾਂਸੀ ਦੇ ਭਾਂਡਿਆਂ, ਜਿਨ੍ਹਾਂ 'ਤੇ ਬਹੁਤ ਹੀ ਬਰੀਕ ਅਰਥ ਭਰਪੂਰ ਮੀਨਾਕਾਰੀ ਕੀਤੀ ਹੋਈ ਹੈ, ਨੂੰ ਆਮ ਨਹੀਂ ਵਰਤਦੇ, ਜਦੋਂ ਕੋਈ ਵਿਸ਼ੇਸ ਮਹਿਮਾਨ ਜਾਂ ਪੰਜਾਬੀ ਸੱਭਿਆਚਾਰ ਤੇ ਵਿਰਸੇ ਤੋਂ ਅਣਜਾਣ ਬੰਦਾ ਆਉਂਦਾ ਹੈ ਤਾਂ ਉਹ ਉਸ ਨੂੰ ਵਿਖਾਉਂਦੇ ਹਨ ਤਾਂ ਜੋ ਉਨ੍ਹਾਂ ਨੂੰ ਇਨ੍ਹਾਂ ਭਾਂਡਿਆਂ ਦੀ ਇਤਿਹਾਸਕਤਾ ਤੋਂ ਜਾਣੂ ਕਰਵਾਇਆ ਜਾ ਸਕੇ। ਇਨ੍ਹਾਂ ਭਾਂਡਿਆਂ ਨੂੰ ਸਾਫ ਕਰਨ ਲਈ ਜਿਆਦਾਤਰ ਉਹ ਨਿੰਬੂ ਅਤੇ ਸਵਾਹ ਦੀ ਹੀ ਵਰਤੋਂ ਕਰਦਾ ਹੈ। ਹਰਮਨ ਵਧਵਾ ਨੇ ਕਿਹਾ ਕਿ ਉਸ ਨੂੰ ਆਪਣੇ ਪਰਿਵਾਰ 'ਤੇ ਮਾਣ ਹੈ ਜਿਸ ਤੋਂ ਮਿਲਦੇ ਸਹਿਯੋਗ ਸਦਕਾ ਉਹ ਆਪਣੇ ਹਰ ਕੰਮ ਨੂੰ ਬਿਹਤਰ ਤਰੀਕੇ ਨਾਲ ਕਰ ਰਿਹਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਵੀ ਮੇਰਾ ਸੁਨੇਹਾ ਹੈ ਕਿ ਆਪਣੇ ਪੰਜਾਬ ਦੀਆਂ ਅਲੋਪ ਹੋ ਰਹੀਆਂ ਵਿਰਾਸਤੀ ਵਸਤੂਆਂ ਦੀ ਸਾਂਭ-ਸੰਭਾਲ ਕਰਨ ਤਾਂ ਕਿ ਅਸੀਂ ਅਗਲੀਆਂ ਸੰਤਾਨਾਂ ਨੂੰ ਪੰਜਾਬ ਦੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਂਦੇ ਰਹੀਏ। ਮੈਂ ਪੰਜਾਬ ਸਰਕਾਰ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਅਜਿਹੀਆਂ ਵਸਤਾਂ ਦੀ ਸੰਭਾਲ ਕਰਨ ਲਈ ਲੋਕਾਂ ਨੂੰ ਉਤਸਾਹਿਤ ਕਰੇ। ਪੁਰਾਤਨ ਵਿਰਸੇ ਨੂੰ ਸਾਂਭਣ ਲਈ ਜੀ ਜਾਨ ਲਾ ਰਹੇ ਅਜਿਹੇ ਕਲਾ ਪ੍ਰੇਮੀ, ਜੋ ਕਿ ਏਨਾ ਮਿਹਨਤੀ ਹੋਣ ਦੇ ਬਾਵਜੂਦ ਵੀ ਗਰੀਬੀ ਦੀ ਦਲਦਲ ਵਿਚੋਂ ਬਾਹਰ ਨਹੀਂ ਨਿਕਲ ਸਕਿਆ, ਦੇ ਲਈ ਸੱਭਿਆਚਾਰਕ ਕਲੱਬਾਂ ਅਤੇ ਸਰਕਾਰ ਦਾ ਫ਼ਰਜ ਬਣਦਾ ਹੈ ਕਿ ਇਸ ਉੱਦਮੀ ਇਨਸਾਨ ਦੀ ਵਿੱਤੀ ਮਦਦ ਕਰੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਸ ਵੱਲੋਂ ਸੰਭਾਲੇ ਪੁਰਾਤਨ ਵਿਰਸੇ ਨਾਲ ਸਬੰਧਿਤ ਵਸਤਾਂ ਨੂੰ ਵੇਖ ਸਕਣ।

# ਦਲਿਤਾਂ ਦਾ ਆਜ਼ਾਦੀ ਸੰਗਰਾਮ ਵਿੱਚ ਯੋਗਦਾਨ

(ਸਫਾ 24 ਦੀ ਬਾਕੀ)

ਪੋਲੀ ਨਾਮ ਦੇ ਇੱਕ ਸਿਪਾਹੀ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਹ ਝਾਂਸੀ ਦੀ ਰਾਣੀ ਲਕਸ਼ਮੀਬਾਈ ਦੀ ਨਿਯਮਤ ਸੈਨਾ ਵਿੱਚ ਪੂਰਨ ਨਾਲ ਝਾਂਸੀ ਚਲੀ ਗਈ। ਉਹ ਮਹਿਲਾ ਸ਼ਾਖਾ ਪਾਰਟੀ ਦੀ ਕਮਾਂਡਰ ਬਣੀ,ਉਹ ਲਕਸ਼ਮੀਬਾਈ ਦੀ ਹਮਸ਼ਕਲ ਵੀ ਸੀ ਇਸ ਕਾਰਨ ਉਹ ਦੁਸ਼ਮਣ ਨੂੰ ਧੋਖਾ ਦੇਣ ਲਈ ਰਾਣੀ ਦੇ ਰੂਪ ਵਿੱਚ ਵੀ ਲੜਦੀ ਸੀ। ਰਾਣੀ ਦੇ ਸ਼ਕਲ ਵਿੱਚ ਲੜਦਿਆਂ ਲੜਕੀ ਨੂੰ ਉਸਦੀ ਆਖਰੀ ਸਮੇਂ ਵਿੱਚ ਅੰਗਰੇਜ਼ਾਂ ਨੇ ਫੜ ਲਿਆ ਸੀ ਅਤੇ ਉਸ ਲੜਾਈ ਦੌਰਾਨ ਰਾਣੀ ਨੂੰ ਕਿਲ੍ਹੇ ਤੋਂ ਭੱਜਣ ਦਾ ਮੌਕਾ ਮਿਲਿਆ ਸੀ। ਇਕ ਗੋਲੀ ਝਲਕਾਰੀ ਬਾਈ ਨੂੰ ਵੀ ਲੱਗੀ ਅਤੇ ਉਹ ਜ਼ਮੀਨ 'ਤੇ ਡਿੱਗੀ ਝਲਕਾਰੀ ਬਾਈ ਇੰਨੀ ਵੱਡੀ ਨਾਇਕਾ ਸੀ।

**ਤਿਲਕਾ ਮਾਂਝੀ: –** ਤਿਲਕਾ ਮਾਂਝੀ, ਸੰਥਾਲ ਨਾਇਕ ਤਿਲਕਾ ਮਾਂਝੀ ਨੇ 1779 ਵਿਚ ਬ੍ਰਿਟਿਸ਼ ਦੇ ਵਿਰੁੱਧ ਹਥਿਆਰ ਚੁੱਕੇ, ਜਿਸ ਤੋਂ ਬਾਅਦ 1855 ਵਿਚ, ਸੰਥਾਲਿਆਂ ਨੇ ਆਜ਼ਾਦੀ ਦੀ ਲੜਾਈ ਵਿਚ ਬ੍ਰਿਟਿਸ਼ ਦੇ ਵਿਰੁੱਧ ਲੜਾਈ ਲੜੀ, 1857 ਦੀ ਲੜਾਈ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ, ਇਸ ਲੜਾਈ ਵਿਚ ਅੰਗਰੇਜ਼ਾਂ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਉਹਨਾਂ ਦੀ ਯਾਦ ਵਿਚ, ਹਰ ਸਾਲ ਇਨਕਲਾਬੀ ਦਿਵਸ ਹਰ ਸਾਲ 30 ਜੂਨ ਨੂੰ ਮਨਾਇਆ ਜਾਂਦਾ ਹੈ।

**ਬਿਰਸਾ ਮੁੰਡਾ: –** ਬਿਰਸਾ ਮੁੰਡਾ ਦਾ ਜਨਮ ਮੌਜੂਦਾ ਝਾਰਖੰਡ ਰਾਜ ਵਿੱਚ 1875 ਵਿੱਚ ਹੋਇਆ ਸੀ। ਉਸਨੇ ਮਹਿਸੂਸ ਕੀਤਾ ਕਿ ਸਮਾਜਿਕ ਬੁਰਾਈਆਂ ਨੇ ਆਦਿਵਾਸੀ ਸਮਾਜ ਨੂੰ ਗਿਆਨ ਤੋਂ ਦੂਰ ਕਰ ਦਿੱਤਾ ਹੈ। ਬਿਰਸਾ ਮੁੰਡਾ ਨੇ ਇਨ੍ਹਾਂ ਨੂੰ ਆਦਿਵਾਸੀਆਂ ਨੂੰ ਆਜ਼ਾਦ ਕਰਵਾਉਣ ਲਈ ਤਿੰਨ ਪੱਧਰਾਂ 'ਤੇ ਸੰਗਠਿਤ ਕੀਤਾ। ਮਹੱਤਤਾ ਬਾਰੇ ਦੱਸਿਆ, ਅਤੇ ਨਾਲ ਹੀ ਸਹਿਯੋਗ ਅਤੇ ਸਰਕਾਰ ਦਾ ਤਰੀਕਾ ਦਰਸਾਇਆ, ਆਦਿਵਾਸੀਆਂ ਨੇ ਜਬਰੀ ਮਜ਼ਦੂਰੀ ਪ੍ਰਣਾਲੀ ਦੇ ਵਿਰੁੱਧ ਅੰਦੋਲਨ ਲਈ ਮਜਬੂਰ ਕੀਤਾ ਸਮਾਜਿਕ ਅਤੇ ਵਿਹਾਰਕ ਚੇਤਨਾ ਦਾ ਵਿਰੋਧ ਕਰਨ ਤੋਂ ਬਾਅਦ, ਕਬਾਇਲੀ ਸਰਕਾਰ ਰਾਜਨੀਤੀ ਦੇ ਪੱਧਰ ਤੋਂ ਜਾਣੂ ਹੋ ਗਏ, ਬ੍ਰਿਟਿਸ਼ ਸਰਕਾਰ ਨੇ ਬਿਰਸਾ ਮੁੰਡਾ ਨੂੰ ਗ੍ਰਿਫਤਾਰ ਕਰ ਲਿਆ ਅਤੇ ਜੇਲ੍ਹ ਵਿੱਚ ਪਾ ਦਿੱਤਾ, ਉਹ 9 ਜੂਨ 1900 ਨੂੰ ਜੇਲ੍ਹ ਵਿੱਚ ਸ਼ਹੀਦ ਹੋ ਗਿਆ ਸੀ।

**ਟੈਂਟਿਆ ਮਾਮਾ: –** ਟੈਂਟਿਆ ਮਾਮਾ 1842 ਵਿਚ ਮੱਧ ਪ੍ਰਦੇਸ਼ ਦੇ ਖੰਡਵਾ ਜ਼ਿਲੇ ਵਿਚ ਪੈਦਾ ਹੋਇਆ ਸੀ, ਆਪਣੀ ਜਵਾਨੀ ਵਿਚ ਬ੍ਰਿਟਿਸ਼ ਸਹਿਯੋਗੀ ਸ਼ਾਹੂਕਾਰਾਂ ਦੀ ਪ੍ਰੇਸ਼ਾਨੀ ਤੋਂ ਤੰਗ ਆ ਕੇ, ਉਹ ਆਪਣੇ ਸਾਥੀਆਂ ਨਾਲ ਜੰਗਲ ਵਿਚ ਗਿਆ ਅਤੇ ਮਾਲ ਨਾਲ ਸਮਾਨ ਲੁੱਟਿਆ ਅਤੇ ਗਰੀਬਾਂ ਵਿਚ ਵੰਡਣਾ ਸ਼ੁਰੂ ਕਰ ਦਿੱਤਾ. ਅਜਿਹਾ ਕਰਨ ਦੇ ਕਾਰਨ, ਟੈਂਟਿਆ ਮਾਮਾ ਹਰ ਕਿਸੇ ਨੂੰ ਪਿਆਰੇ ਹੋ ਗਏ ਸਨ. 19 ਅਕਤੂਬਰ 1890 ਨੂੰ, ਉਸਨੂੰ ਮੌਤ ਦੀ ਸਜਾ ਸੁਣਾਈ ਗਈ।

ਦੇਸ਼ ਦੇ ਲਈ ਲੜਾਈ ਤਾਂ ਦਲਿਤਾਂ ਨੇ ਲਭ ਹੀ ਹੈ, ਕੁਰਬਾਨੀਆਂ ਵੀ ਇਹਨਾ ਦੇ ਹਿੱਸੇ ਹੀ ਆਈਆਂ ਹਨ। ਮਾਲ਼ ਸ਼ਕਣ ਵਾਲੇ ਦਲਾਲੀਆਂ ਕਰਨ ਵਾਲੇ ਅੱਝ ਦੇ ਸ਼ਾਸ਼ਕ ਵਰਗ ਦੇ ਅਧਿਕਤਰ ਲੋਕ ਹਨ। ਭਾਰਤ ਦੀ ਦਲਿਤ ਸਮਾਜ ਦਾ ਹਰ ਇੱਕ ਮਨੁੱਖ ਸਵਰਨਾਂ ਦੀ ਬੇਗਾਰੀ ਕਰਦਾ ਆਈਆ ਹੈ ਹਜਾਰਾਂ ਸਾਲਾਂ ਤੋ, ਪ੍ਹੀੜੀ ਦਰ ਪ੍ਹੀੜੀ ਸਰਾ ਸਵਰਣ ਸਮਾਜ ਦੀ, ਕੀ ਉਹ ਕੁਰਬਾਨੀ ਨਹੀਂ ਗਿਣਇਆ ਜਾਣਾ ਚਾਹੀਦਾ। ਬਹੁਤ ਲੰਬੀ ਲਿਸਟ ਹੈ ਦਲਿਤਾ ਦੀਆਂ ਕੁਰਬਾਨੀਆਂ ਦੀ ਹਰ ਕੰਮ ਜੋ ਨਿਰਸਵਾਰਥ ਦੂਜਿਆਂ ਦੀ ਭਲਾਈ ਲਈ ਕੀਤਾ ਜਾਂਦਾ ਹੈ ਕੁਰਬਾਨੀ ਹੀ ਹੁੰਦਾ ਹੈ। ਲੰਬੀ ਲਿਸ਼ਟ ਹੈ ਇਕ ਲੇਖ ਵਿੱਚ ਸੰਖੇਪ ਵੀ ਲਿਖਣ ਸੰਭਵ ਨਹੀ। ਫਿਰ ਲਿਖਾਂਗੇ।

# ਮਨ ਵਿੱਚ ਜਗਤ ਰਚਨੇ ਦੀ ਸ਼ਕਤੀ



ਰਵਿੰਦਰ ਕੁਮਾਰ
raviaarvee@gmail.com

ਭਗਵਾਨ ਵਾਲਮੀਕ ਜੀ ਦੇ ਮੌਕਸਪਾਏ ਯੋਗਵਸ਼ਿਸਟ ਵਿੱਚ ਜਿੰਨਾ ਵਰਣਨ ਮਨ ਅਤੇ ਉਸਦੀਆਂ ਸ਼ਕਤੀਆਂ ਦਾ ਕੀਤਾ ਗਿਆ ਹੈ ਉਨਾ ਹੋਰ ਕਿਸੀ ਵਸਤੂ ਦਾ ਨਹੀਂ ਕੀਤਾ ਗਿਆ। ਵਿਅਕਤ ਜਗਤ ਵਿੱਚ ਮਨ ਤੋਂ ਵੱਧਕੇ ਸ਼ਕਤੀਸ਼ਾਲੀ ਕੋਈ ਪਦਾਰਥ ਨਹੀਂ ਹੈ। ਮਨ ਹੀ ਜਗਤ ਦੀ ਸ੍ਰਿਸ਼ਟੀ ਕਰਦਾ ਹੈ, ਮਨ ਹੀ ਸਾਰੇ ਪ੍ਰਕਾਰ ਦੇ ਦੁੱਖ-ਸੁੱਖਾਂ ਦਾ ਉਤਪਾਦਕ ਹੈ। ਮਨ ਦੇ ਹੱਥ ਵਿੱਚ ਹੀ ਬੰਧ ਅਤੇ ਮੋਕਸ਼ ਹੈ। ਮਨ ਹੀ ਜਗਤ ਹੋ ਜਾਂਦਾ ਹੈ- ਮਨ ਹੀ ਵਾਸਨਾ ਰਹਿਤ ਹੋਣ ਤੇ ਬ੍ਰਹਮ ਹੋ ਜਾਂਦਾ ਹੈ। ਭਗਵਾਨ ਵਾਲਮੀਕ ਜੀ ਦੇ ਮੌਕਸਪਾਏ ਯੋਗਵਸ਼ਿਸਟ ਦਾ ਸਾਰਾ ਗਿਆਨ ਕੇਵਲ ਮਨੋਵਿਗਿਆਨ ਹੀ ਹੈ। ਇੱਥੇ ਅਸੀਂ ਇਸਦਾ ਕੁੱਝ ਵਰਣਨ ਕਰਦੇ ਹਾਂ :-

### ਮਨ ਦਾ ਸਵਰੂਪ

ਸੰਕਲਪ ਕਰਨ ਦਾ ਨਾਮ ਮਨ ਹੈ, ਮਨ ਸੰਕਲਪ ਤੋਂ ਭਿੰਨ ਕੁੱਝ ਨਹੀਂ ਹੈ - ਜਿਵੇਂ ਜਲ ਦ੍ਰਵਤਵ (ਪਤਲੇਪਨ) ਨਾਲ ਹੈ ਅਤੇ ਵਾਯੂ ਸਪੰਨਦਨ ਤੋਂ ਭਿੰਨ ਕੋਈ ਦੂਜਾ ਪਦਾਰਥ ਨਹੀਂ ਹੈ। ਜਿੱਥੇ ਸੰਕਲਪ ਹੈ ਉਥੇ ਮਨ ਹੈ। ਮਨ ਸੰਕਲਪ ਤੋਂ ਭਿੰਨ ਕਦੇ ਕਿਸੀ ਪ੍ਰਕਾਰ ਨਹੀਂ ਹੈ। ਵਿਸ਼ਿਆਂ ਦਾ ਚਿਤ (ਆਤਮਾ) ਨਾਲ ਉਦੈ ਹੋਣਾ ਹੀ ਮਨ ਹੈ। ਪਰਮ ਪੁਰਸ਼ (ਆਤਮਾ) ਦੇ ਸੰਕਲਪਮਯ ਹੋਣ ਦਾ ਨਾਮ ਹੀ ਚਿੱਤ (ਮਨ) ਹੈ। ਅਨੰਤ, ਸਾਰੀਆ ਸ਼ਕਤੀਆ ਨਾਲ ਭਰਿਆ ਹੋਇਆ, ਮਹਾਨ ਆਤਮਾ ਦੀ ਸੰਕਲਪ ਸ਼ਕਤੀ ਦੁਆਰਾ ਰਚੇ ਹੋਏ ਰੂਪ ਦਾ ਨਾਮ ਮਨ ਹੈ। ਬ੍ਰਹਮ ਦੀ ਇਹ ਸੰਕਲਪਨਾ ਅਨੁਸਾਰ ਕੰਮ ਕਰਨ ਵਾਲੀ ਕਲਪਨਾ ਨਾਮਵਾਲੀ ਸ਼ਕਤੀ ਅਵਚਛੇਦ ਯੁਕਤ (ਪਰਿਮਿਤ ਰੂਪਵਾਲੀ) ਅਤੇ ਤਿਆਗ ਅਤੇ ਗ੍ਰਹਿਣ ਕਰਨ ਵਾਲੀ ਹੈ। (ਅਰਥਾਤ ਇਸਦਾ ਕੰਮ ਕਿਸੀ ਖਾਸ ਪਦਾਰਥ ਨੂੰ ਪ੍ਰਾਪਤ ਕਰਨਾ ਅਤੇ ਕਿਸੀ ਦਾ ਤਿਆਗ ਕਰਨਾ ਹੈ)। ਉਹ ਮਨ (ਨਾਮਕ ਸ਼ਕਤੀ) ਆਪਣੇ ਆਪ ਹੀ ਸਵੰਤਤਰਤਾ ਪੂਰਵਕ ਨਿਤ ਪ੍ਰਤੀ ਸੰਕਲਪਾਂ ਦੀ ਰਚਨਾ ਕਰਦਾ ਰਹਿੰਦਾ ਹੈ, ਉਸ ਦੇ ਦੁ-ਆਰਾ ਇਹ ਵਿਸਤ੍ਰਿਤ ਮਾਇਆ ਦਾ ਜਾਲ (ਜਗਤ) ਤਨਾ ਜਾਂਦਾ ਹੈ।ਆਤਮਾ ਦਾ ਇਹ ਮਲੀਨ ਅਤੇ ਕਲੰਕ ਵਾਲਾ ਸਪੰਨਦਨ, ਜੋ ਮਨ ਕਹਾਉਂਦਾ ਹੈ, ਨ ਸਵਰਥਾ ਜੜ ਹੀ ਹੈ ਅਤੇ ਨਾ ਚੇਤਨ। ਆਤਮਾ ਦੀ ਇਸ ਵਿਸ਼ੇ ਦੇ ਵੱਲ ਦੌੜਨ ਵਾਲੀ ਕਲਨਾ ਦਾ ਆਤਮਭਾਵ ਤਾਂ ਚੇਤਨ ਹੈ, ਚੈਤਯ ਅੰਸ਼ (ਵਿਸ਼ੇ ਭਾਗ) ਜੜ ਹੈ। ਮਲੀਨ ਚਿਤ (ਆਤਮਾ) ਦਾ ਖੁਦ ਕਲਪਨਾ ਕੀਤਾ ਹੋਇਆ ਜੜ ਅਤੇ ਚੇਤਨ ਦੋਨਾਂ ਸਵਰੂਪ ਵਾਲਾ ਰੂਪ ਮਨ ਕਹਾਉਂਦਾ ਹੈ-ਉਹ ਕਦੇ ਜੜ ਅਤੇ ਕਦੇ ਚੇਤਨ ਹੋ ਜਾਂਦਾ ਹੈ। (ਬ੍ਰਹਮ ਦਾ ਉਹ) ਮਹਾਨ ਸਵਰੂਪ ਜੋਕਿ ਸੰਕਲਪਾਤਮਕ ਹੈ ਬ੍ਰਹਮ ਰੂਪ ਨਾਲ ਚੇਤਨ ਹੈ ਅਤੇ ਦ੍ਰਿਸ਼ ਰੂਪ ਨਾਲ ਜੜ ਹੈ। ਜਦੋਂ ਆਪਣੇ ਖੁਦ ਦੇ ਪ੍ਰਕਾਸ਼ ਆਤਮ ਸਵਰੂਪ ਦਾ ਵਿਸਮਰਣ ਹੋਕੇ ਕਰਤੱਵਯਪਨ ਦਾ ਹੀ ਨਿਸ਼ਚੈ ਰਹਿੰਦਾ ਹੈ ਅਤੇ ਧਿਆਨ ਕੇਵਲ ਇਕ ਵਿਸ਼ੇ ਦੇ ਵੱਲ ਹੀ ਰਹਿੰਦਾ ਹੈ ਉਸ ਸਮੇਂ ਆਤਮਾ ਦਾ ਰੂਪ ਮਨ ਹੁੰਦਾ ਹੈ। ਮਨ ਭਾਵਨਾ ਮਾਤਰ ਹੈ, ਭਾਵਨਾ ਸਪੰਦ ਧਰਮਵਾਲੀ ਹੁੰਦੀ ਹੈ, ਅਤੇ ਕਿਰਿਆ ਦੀ ਕਲਪਨਾ ਕਰਦੀ ਰਹਿੰਦੀ ਹੈ ਜੋਕਿ ਕਿਸੀ ਨਾ ਕਿਸੀ ਫਲ ਦੇ ਰੂਪ ਵਿੱਚ ਪਰਿਣਿਤ ਹੋਣ ਦੇ ਲਈ ਦੌੜਦੀ ਰਹਿੰਦੀ ਹੈ- ਅਰਥਾਤ ਕਿਸੀ ਪਦਾਰਥ ਦੀ ਰਚਨਾ ਕਰਦੀ ਰਹਿੰਦੀ ਹੈ। ਦ੍ਰਿਸ਼ ਦੇ ਇਲਾਵਾ ਮਨ ਦਾ ਹੋਰ ਕੋਈ ਰੂਪ ਨਹੀਂ ਹੈ। ਸਪੰਦਨ ਦੇ ਲਈ ਉਤਸੁਕ ਚਿੱਤ (ਆਤਮਾ) ਭ੍ਰਮਿਤ ਸੀ ਹੋਕੇ ਆਪਦੇ ਆਪ ਨੂੰ ਦ੍ਰਿਸ਼ ਰੂਪ ਨਾਲ ਹੋਰ ਸੀ ਅਨੁਭਵ ਕਰਦੀ ਹੋਈ ਵਿਭਾਜਿਤ ਨਾ ਹੁੰਦੇ ਹੋਏ ਵੀ ਆਪਣੇ ਇਕ ਭਾਗ ਜੈਸੇ ਰੂਪ ਨੂੰ ਧਾਰਣ ਕਰ ਲੈ_ਦੀ ਹੈ। ਆਪਣੇ ਨਿਤ ਇਕ ਸਵਰੂਪ ਨੂੰ ਭੁੱਲਕੇ ਜੋ ਚਿਤਿ (ਚੇਤਨ ਸਵਰੂਪ ਆਤਮਾ) ਦੀ ਸਥਿਤੀ ਹੈ ਉਸਦਾ ਨਾਮ ਚਿਤ (ਮਨ) ਹੈ- ਉਸਤੋਂ ਹੀ ਇਸ ਜਗਤ ਦੀ ਉਤਪਤੀ ਹੋਈ ਹੈ। ਮਨ ਜਦੋ ਬ੍ਰਹਮ ਵਿੱਚ ਇਸ ਪ੍ਰਕਾਰ ਸਥਿਤ ਹੈ ਜਿਵੇਂ ਕਿ ਮਨ ਵਿੱਚ ਕੰਕੜ ਤਾਂ ਵੀ ਉਹ ਦ੍ਰਿਸ਼ ਦੇ ਅਨੁਭਵ ਨੂੰ ਸੱਚ ਸਮਝਣ ਦੇ ਕਾਰਣ ਆਪਣੇ ਸਤ-ਭਾਵ (ਬ੍ਰਹਮਭਾਵ) ਦਾ ਆਨੰਦ ਨਹੀਂ ਲੇ ਸਕਦਾ (ਅਰਥਾਤ ਵਿਸ਼ਿਆਂ ਦੇ ਵੱਲ ਪ੍ਰਵਿਰਤੀ ਰਹਿਣ ਦੇ ਕਾਰਣ ਵਿਸ਼ਿਆਂ ਦੀ ਤਰ੍ਹਾਂ ਹੀ ਆਪਣੇ ਨੂੰ ਕੁੱਝਪਲ ਸਮਝਦਾ ਹੈ, ਨਿੱਤ ਨਹੀਂ ਜਾਣਦਾ)। ਵਾਸਤਵ ਵਿੱਚ ਮਨ ਜੋ ਕਿ ਸਤ-ਰੂਪ ਹੀ ਹੈ (ਅਰਥਾਤ ਆਤਮਾ ਹੀ ਹੈ) ਨਾ ਬਾਹਰ ਹੈ ਅਤੇ ਨਾ ਦਿਲ ਦੇ ਅੰਦਰ ਹੈ। ਉਹ ਤਾਂ ਆਕਾਸ਼ ਦੀ ਤਰ੍ਹਾਂ ਸਰਵਤਰ (ਸਭ ਜਗਾ) ਸਥਿਤ ਹੈ। ਮਨ ਸੂਖਮ ਆਕਾਰ ਵਾਲਾ ਹੈ, ਸਥੂਲ ਭਾਵ ਨੂੰ ਜ਼ਿਆਦਾ ਸਮੇ ਤੱਕ ਭਾਵਨਾ ਕਰਦੇ ਰਹਿਣ ਤੋਂ ਹੀ ਪ੍ਰਾਪਤ ਹੁੰਦਾ ਹੈ।

ਉਪਰ ਦਿਤੇ ਵਰਣਨ ਦਾ ਸਾਰ ਇਹ ਹੈ ਕਿ ਮਨ ਅਨੰਤ ਅਪਾਰ, ਪੂਰਣ, ਸਰਵਸ਼ਕਤੀਮਾਨ ਬ੍ਰਹਮ ਦੀ ਜਗਤ-ਨਿਰਮਾਣ ਕਰਨ ਵਾਲੀ, ਦ੍ਰਿਸ਼ ਦਾ ਅਨੁਭਵ ਪ੍ਰਾਪਤ ਕਰਨ ਨੂੰ ਉਤਸੁਕ, ਸਪੰਨਦ ਸ਼ਕਤੀ ਦਾ, ਉਸ ਸਥਿਤੀ ਵਿੱਚ ਸਥਿਤ ਹੁੰਦੀ ਹੋਈ ਦਾ ਨਾਮ ਹੈ ਜਦੋਂਕਿ ਉਹ ਆਪਣੇ ਆਪ ਦਾ ਵਿਅਕਤ ਰੂਪ ਨਾਲ ਅਨੁਭਵ ਕਰਦੀ ਹੈ ਅਤੇ ਬ੍ਰਹਮ ਵਿੱਚ ਸਥਿਤ ਹੁੰਦੇ ਹੋਏ ਵੀ ਆਪਣੇ ਆਪ ਨੂੰ ਭਿੰਨ ਸਮਝਕੇ ਜਗਤ ਦਾ ਨਿਰਮਾਣ ਕਰਦੀ ਹੈ। ਜਗਤ ਦਾ ਨਿਰਮਾਣ ਉਹ ਕਲਪਨਾ ਦੁਆਰਾ ਕਰਦੀ ਹੈ। ਕਲਪਨਾ ਦੁਆਰਾ ਹੀ ਉਹ ਆਪਣੇ ਆਪ ਨੂੰ ਦ੍ਰਿਸ਼ ਪਦਾਰਥਾਂ ਦਾ ਆਕਾਰ ਵਿੱਚ ਦੇਖਦੀ ਹੈ। ਇਸੀ ਕਾਰਣ ਉਸ ਨੂੰ ਜੜ੍ਹ ਅਤੇ ਚੇਤਨ ਦੋਨੋਂ ਹੀ ਕਿਹਾ ਹੈ।

### ਮਨ ਅਤੇ ਬ੍ਰਹਮ ਦਾ ਭੇਦ

ਚੇਤਯ (ਦ੍ਰਿਸ਼) ਤੋਂ ਰਹਿਤ ਚਿਤ (ਆਤਮਾ) ਸਨਾਤਮ ਬ੍ਰਹਮ ਹੈ। ਉਹ ਚਿਤ (ਆਤਮਾ) ਚੇਤਯ (ਦ੍ਰਿਸ਼) ਯੁਕਤ ਇਹ ਮਨ ਕਹਾਉਂਦਾ ਹੈ। ਉਹ ਬ੍ਰਹਮ ਹੀ ਦ੍ਰਿਸ਼ ਭਾਵ ਨਾਲ ਕਿੰਚਿਤ ਸਪਰਸ਼ ਹੋ ਜਾਣ ਤੇ ਮਨ ਹੋ ਜਾਂਦਾ ਹੈ। ਮਨ ਦਿਲ ਦੀ ਕਲਪਨਾ ਦੇ ਸਮਾਨ ਸਤ ਅਤੇ ਅਸਤ ਰੂਪ ਹੈ। ਜਿਸ ਪ੍ਰਕਾਰ ਸੋਨੇ ਅਤੇ ਉਸਤੋਂ ਬਣੇ ਹੋਏ ਕੰਕਣਾਦਿ ਗਹਿਣਿਆਂ ਵਿੱਚ ਇੱਕ ਵਿਲੱਖਣ ਭੇਦ ਦਾ ਸੰਬੰਧ ਹੈ ਵੈਸੇ ਹੀ ਆਤਮਾ ਅਤੇ ਉਸਦੇ ਮਨ ਰੂਪੀ ਭਾਵਨਾਤਮਕ ਰੂਪ ਵਿੱਚ ਇਕ ਵਿਲੱਖਣ ਭੇਦ ਦਾ ਸੰਬੰਧ ਹੈ। ਚਿੰਨਮਾਤਰ ਆਤਮਾ ਅਤੇ ਅਹੰਕਾਰ (ਮਨ) ਵਿੱਚ ਇਸ ਪ੍ਰਕਾਰ ਤਨਿਕ ਵੀ ਭੇਦ ਨਹੀਂ ਹੈ ਜਿਵੇਂ ਕਿ ਵਾਯੂ ਵਿੱਚ ਅਤੇ ਉਸਦੇ ਸਪੰਨਦਨ ਵਿੱਚ ਅਤੇ ਆਕਾਸ਼ ਵਿੱਚ ਅਤੇ ਸ਼ੂਨਯਤਵ ਵਿੱਚ ਨਹੀਂ ਹੈ।

### ਮਨ ਦੇ ਅਨੇਕ ਨਾਮ ਅਤੇ ਰੂਪ

ਜਿਵੇਂ ਇਕ ਹੀ ਨਟ (ਨਾਟਕ ਦਾ ਪਾਤਰ) ਅਨੇਕ ਰੂਪ ਧਾਰਣ ਕਰ ਲੈਂਦਾ ਹੈ ਉਵੇਂ ਹੀ ਭਿੰਨ-ਭਿੰਨ ਕੰਮਾਂ ਨੂੰ ਕਰਦੇ ਸਮੇਂ ਮਨ ਵੀ ਅਨੇਕ ਨਾਮ ਅਤੇ ਰੂਪਾਂ ਨੂੰ ਧਾਰਣ ਕਰ ਲੈਂਦਾ ਹੈ। ਜਿਵੇਂ ਇਕ ਹੀ ਮਨੁੱਖ ਅਨੇਕ ਅਧਿਕਾਰਾਂ (ਪਦਾਂ) ਉਤੇ ਕੰਮ ਕਰਦੇ ਹੋਏ ਅਨੇਕ ਨਾਮ ਅਤੇ ਰੂਪਾਂ ਨੂੰ ਧਾਰਣ ਕਰਦਾ ਹੈ ਵੈਸੇ ਹੀ ਮਨ ਵੀ ਅਨੇਕ ਪ੍ਰਕਾਰ ਦੇ ਕੰਮ ਸੰਪਾਦਨ ਕਰਦੇ ਹੋਏ ਅਨੇਕ ਨਾਮ ਰੂਪ ਵਾਲਾ ਹੁੰਦਾ ਰਹਿੰਦਾ ਹੈ। ਜਿਵੇਂ ਇਕ ਹੀ ਮਨੁੱਖ ਇਸ਼ਨਾਨ, ਦਾਨ, ਗ੍ਰਹਿਣ ਆਦਿ ਅਨੇਕ ਕ੍ਰਿਆਵਾਂ ਨੂੰ ਕਰਦੇ ਸਮੇਂ ਵਿਭਿੰਨ ਪ੍ਰਕਾਰ ਦਾ ਹੋ ਜਾਂਦਾ ਹੈ ਵੈਸੇ ਮਨ ਵੀ ਭਿੰਨ-ਭਿੰਨ ਪ੍ਰਕਾਰ ਦੀਆਂ ਕ੍ਰਿਆਵਾਂ ਨੂੰ ਕਰਦੇ ਸਮੇਂ ਵਿਭਿੰਨਤਾ ਨੂੰ ਪ੍ਰਾਪਤ ਹੁੰਦਾ ਹੈ। ਨਾਨਾ ਪ੍ਰਕਾਰ ਦੀਆਂ ਕ੍ਰਿਆਵਾਂ ਕਰਦੇ ਸਮੇਂ ਮਨ ਦੇ ਅਨੇਕ ਨਾਮ ਹੁੰਦੇ ਹਨ- ਕਦੇ ਇਹ ਜੀਵ ਕਹਾਉਂਦਾ ਹੈ, ਕਦੇ ਵਾਸਨਾ, ਅਤੇ ਕਦੇ ਕਰਮ ਆਦਿ। ਹੇਠਾਂ ਮਨ ਦੇ ਕੁੱਝ ਨਾਮ ਅਤੇ ਰੂਪਾਂ ਦਾ ਵਰਨਣ ਹੈ :-





#### ਮਨ

ਪਰਮ ਚਿੱਤ (ਸ਼ੁੱਧ ਚੇਤਨ ਆਤਮਾ) ਜਦੋਂ ਸਪੰਨਦਨਯੁਕਤ ਹੋਕੇ ਕਲਪਨਾਤਮਕ ਰੂਪ ਨੂੰ ਧਾਰਣ ਕਰਕੇ ਵਿਸ਼ੇ (ਦ੍ਰਿਸ਼) ਨਾਲ ਗਰਭਿਤ ਹੁੰਦੀ ਹੈ ਤਾਂ ਉਹ ਮਨ ਹੁੰਦੀ ਹੈ।

#### ਬੁੱਧੀ

ਉਹੀ ਪਰਮ ਚਿਤ ਜਦੋਂ ਇਕ ਪਰਿਮਿਤ ਰੂਪ ਨੂੰ ਧਾਰਣ ਕਰਕੇ ਵਿਸ਼ਿਆਂ ਦੀ ਭਾਵਨਾ ਕਰਕੇ ਇਹ ਅਮੁੱਕ ਵਿਸ਼ਾ ਹੈ ਉਹ ਅਮੁਕ- ਇਸ ਨਿਸ਼ਚੈ ਨੂੰ ਧਾਰਣ ਕਰ ਲੈਂਦੀ ਹੈ ਤਾਂ ਬੁੱਧੀ ਕਹਾਉਂਦੀ ਹੈ। ਇਹ ਪਦਾਰਥ ਇਸ ਪ੍ਰਕਾਰ ਦਾ ਹੈ- ਇਸ ਸਪਸ਼ਟ ਗਿਆਨ ਦੇ ਕਾਰਣ ਇਸਦਾ ਨਾਮ ਬੁੱਧੀ ਹੈ।

#### ਅਹੰਕਾਰ

'ਮੈ ਹਾਂ' ਇਸ ਭਾਵਨਾ ਦੇ ਹੋਣ ਤੇ ਉਹ ਅਹੰਕਾਰ ਕਹਾਉਂਦੀ ਹੈ ਜਦੋਂ ਕਿ ਉਹ ਮਿਥਿਆ ਅਭਿਮਾਨ ਦੇ ਕਾਰਣ ਆਪਣੇ ਆਪ ਹੀ ਆਪਣੀ ਸਵਤੰਤਰ ਸੱਤਾ ਬਣਾ ਕੇ ਸੰਸਾਰ ਦੇ ਬੰਧਨ ਵਿੱਚ ਪੈ ਜਾਂਦੀ ਹੈ ਤਾਂ ਉਸਦਾ ਨਾਮ ਅਹੰਕਾਰ ਹੁੰਦਾ ਹੈ।

#### ਚਿਤ

ਜਦੋਂ ਉਹ ਬਾਲਕ ਦੀ ਤਰ੍ਹਾਂ ਚੰਚਲ ਕਲਪਨਾ ਬਿਨ੍ਹਾਂ ਵਿਚਾਰੇ ਹੀ ਇਕ ਵਿਸ਼ੇ ਨੂੰ ਛੱਡ ਕੇ ਦੂਜੇ ਵਿਸ਼ੇ ਦਾ ਚਿੰਤਨ ਕਰਦੀ ਰਹਿੰਦੀ ਹੈ ਤਾਂ ਉਹ ਚਿੱਤ ਕਹਾਉਂਦੀ ਹੈ।

#### ਕਰਮ

ਸਪੰਦਨ (ਕਿਰਿਆ) ਹੀ ਜਿਸਦਾ ਇਕ ਸੁਭਾਅ ਹੈ ਅਜਿਹੀ ਉਹ ਕਲਪਨਾ ਆਪਣੇ ਅੰਦਰ ਸ਼ੂਨਯਤਾ ਦਾ ਅਨੁਭਵ ਕਰਕੇ ਜਦੋਂ ਕਿਰਿਆ ਦੁਆਰਾ ਪ੍ਰਾਪਤ ਹੋਣ ਵਾਲੇ ਕਿਸੀ ਫਲ ਦੇ ਵੱਲ ਦੌੜਦੀ ਹੈ ਤਾਂ ਉਹ ਕਰਮ ਕਹਾਉਂਦੀ ਹੈ।

#### ਕਲਪਨਾ

ਜਦੋਂ ਉਹ ਕਲਨਾ ਅਕਾਰਣ ਹੀ (ਅਰਥਾਤ ਅਕਸਮਾਤ) ਆਪਣੇ ਪੂਰਵ ਪ੍ਰਾਪਤ ਵਿਸ਼ੇ ਦੀ ਉਪੇਕਸ਼ਾ ਕਰਕੇ ਅਪ੍ਰਾਪਤ ਇੱਛਤ ਵਿਸ਼ਿਆਂ ਦੀ ਕਲਪਨਾ ਕਰਨ ਲੱਗਦੀ ਹੈ ਤਾਂ ਉਸਦਾ ਨਾਮ ਕਲਪਨਾ ਹੁੰਦਾ ਹੈ।

#### ਸਮਰਿਤੀ

ਪੂਰਵ ਕਾਲ ਵਿੱਚ ਕਿਸੀ ਵਸਤੂ ਦਾ ਅਨੁਭਵ ਹੋਇਆ ਹੋ ਜਾਂ ਨਾ ਹੋਇਆ ਹੋਵੇ ਕਿੰਤੂ ਉਸਦਾ ਨਿਸ਼ਚੈ ਦੇ ਨਾਲ ਜਦੋਂ ਅਜਿਹਾ ਧਿਆਨ ਆਵੇ ਕਿ ਉਹ ਵਸਤੂ ਪੂਰਵ ਕਾਲ ਵਿੱਚ ਅਨੁਭੂਤ ਹੋ ਚੁੱਕੀ ਹੈ ਤਾਂ ਮਨ ਸਮ੍ਰਿਤੀ ਕਹਾਉਂਦਾ ਹੈ।

#### ਵਾਸਨਾ

ਜਦੋਂ ਕਿਸੀ ਅਜਿਹੇ ਪਦਾਰਥ ਦੀ ਇੱਛਾ, ਜਿਸਦਾ ਭੋਗ ਹਾਲੇ ਤੱਕ ਵਾਸਤਵ ਵਿੱਚ ਨਹੀਂ, ਕੇਵਲ ਮਨ ਵਿੱਚ ਹੀ ਹੋਇਆ ਹੋਵੇ, ਇੰਨੀ ਦ੍ਰਿੜ ਹੋ ਜਾਂਦੀ ਹੈ ਕਿ ਉਸਦੇ ਸਾਹਮਣੇ ਹੋਰ ਕਿਸੀ ਵਸਤੂ ਦੀ ਇੱਛਾ ਨਾ ਰਹੇ, ਤਾਂ ਮਨ ਵਾਸਨਾ ਕਹਿਲਾਉਂਦਾ ਹੈ। ਅੱਗੇ ਪਿੱਛੇ ਦਾ ਵਿਚਾਰ ਛੱਡਕੇ ਜਦੋਂ ਕਿਸੀ ਵਸਤੂ ਨੂੰ ਪ੍ਰਾਪਤ ਕਰਨ ਦੀ ਦ੍ਰਿੜ ਭਾਵਨਾ ਹੁੰਦੀ ਉਸਨੂੰ ਵਾਸਨਾ ਕਹਿੰਦੇ ਹਨ।

#### ਅਵਿਦਿਆ

ਵਾਸਤਵ ਵਿੱਚ ਸ਼ੁੱਧ ਆਤਮਤੱਤਵ ਹੀ ਇਕ ਪਦਾਰਥ ਹੈ। ਜਦੋਂ ਵਸਤੁਤ ਵਿਦਮਾਨ ਨ ਹੁੰਦੇ ਹੋਏ ਵੀ ਆਤਮਾ ਦੇ ਅਤੀਕਿਰਤ ਕਿਸੀ ਦੂਜੇ ਤੱਤਵ ਦਾ ਭਾਨ ਹੋਣ ਲੱਗੇ ਤਾਂ ਇਸਦਾ ਨਾਮ ਅਵਿਦਿਆ ਹੈ। ਇਸਨੂੰ ਅਵਿਦਿਆ ਇਸ ਲਈ ਕਹਿੰਦੇ ਹਨ ਕਿ ਗਿਆਨ ਹੋਣ ਤੇ ਇਹ ਵਿਦਮਾਨ ਨਹੀਂ ਰਹਿੰਦੀ (ਅਰਥਾਤ ਗਿਆਨ ਹੋ ਜਾਣ ਤੇ ਆਤਮਤੱਤਵ ਦੇ ਅਤਿਰਿਕਤ ਹੋਰ ਕਿਸੀ ਵਸਤੂ ਦਾ ਭਾਨ ਨਹੀਂ ਹੁੰਦਾ)। ਇਹ ਅਵਿਦਿਆ ਅਨੰਤ ਪ੍ਰਕਾਰ ਦੀ ਹੈ ਅਤੇ ਨਾਨਾ ਪ੍ਰਕਾਰ ਦੇ ਭ੍ਰਮਾਂ ਦੀ ਉਤਪਾਦਕ ਹੈ।

#### ਮਲ

ਨਾਨਾ ਪ੍ਰਕਾਰ ਦੀ ਮਿਥਿਆ ਕਲਪਨਾਵਾਂ ਦੁਆਰਾ ਪਰਮਪਦ ਨੂੰ ਭੁਲਾਕੇ ਆਤਮਾ ਦੀ ਹਾਨੀ ਕਰਾਉਣ ਦੇ ਕਾਰਣ ਇਸਦਾ ਨਟਾਮ ਮਲ ਹੁੰਦਾ ਹੈ।

#### ਪ੍ਰਕਿਰਤੀ

ਪਰਮਾਤਮਾ ਦਾ ਗਿਆਨ ਨਾ ਹੋਣ ਤੇ, ਇਸ ਦ੍ਰਿਸ਼ ਸੰਸਾਰ ਦੇ ਸਾਰੇ ਭਾਵਾਂ ਦਾ ਕਾਰਣ ਹੋਣ ਦੇ ਕਾਰਣ ਇਹ ਪ੍ਰਕ੍ਰਿਤੀ ਕਹਿਲਾਉਂਦੀ ਹੈ।

#### ਬ੍ਰਹਮ

ਸ੍ਰਿਸ਼ਟੀ ਕਰਨ ਵਿੱਚ ਲੱਗਾ ਹੋਇਆ ਮਨ ਕਦੇ ਬ੍ਰਹਮਾ ਕਹਾਉਂਦਾ ਹੈ, ਕਦੇ ਵਿਰਾਟ, ਕਦੇ ਸਨਾਤਨ, ਕਦੇ ਨਾਰਾਇਣ, ਕਦੇ ਈਸ਼ਵਰ ਅਤੇ ਕਦੇ ਪ੍ਰਜਾਪਤੀ।

#### ਜੀਵ

ਜੀਣ ਅਤੇ ਚੇਤਨ ਹੋਣ ਦੇ ਕਾਰਣ ਵੀ ਇਹ ਜੀਵ ਕਹਿਲਾਉਂਦਾ ਹੈ। ਸੰਸਾਰ ਵਿੱਚ ਚੇਤਨ ਪਦਾਰਥ ਦਾ ਨਾਮ ਜੀਵ ਅਤੇ ਪਸ਼ੂ ਹੈ।

#### ਅਤਿਵਾਹਿਕ ਦੇਹ

ਇਹ ਸਾਦਿ ਅਤੇ ਸ਼ਾਂਤ, ਆਕਾਰ ਰਹਿਤ ਅਤੇ ਅਨਾਮਯ ਕਲਨਾ ਆਤਿਵਾਹਿਕ ਦੇਹ ਕਹਾਉਂਦੀ ਹੈ।

#### ਇੰਦਰੀਆਂ

ਇਸ ਨੂੰ ਇੰਦਰੀਯ ਇਸ ਲਈ ਕਹਿੰਦੇ ਹਨ ਕਿ ਸੁਣਕੇ, ਛੂਕਰ, ਦੇਖ ਕੇ, ਭੋਗਕੇ, ਸੁੰਘ ਕੇ ਅਤੇ ਵਿਚਾਰ ਕਰ ਇਹ ਆਤਮਾ ਨੂੰ, ਜੋਕਿ ਇਸ ਸਰੀਰ ਦਾ ਇੰਦਰ (ਰਾਜਾ) ਹੈ, ਆਨੰਦ ਦਿੰਦਾ ਹੈ।

#### ਪੁਰਯਸਟਕ ਸਰੀਰ ਦੇਹ ਪਦਾਰਥ

ਪੱਕੇ ਸੰਕਲਪਾਂ ਨਾਲ ਭਰਪੂਰ ਹੋਣ ਦੇ ਕਾਰਣ ਇਸਨੂੰ ਪੁਰਯਸ਼ਟਕ ਕਹਿੰਦੇ ਹਨ। ਸਰੀਰ ਦੀ ਭਾਵਨਾ ਹੋਣ ਤੇ ਇਹ ਸਰੀਰ ਬਣ ਜਾਂਦਾ ਹੈ ਅਤੇ ਘਟ ਆਦਿ ਪਦਾਰਥਾਂ ਦੀ ਭਾਵਨਾ ਨਾਲ ਇਹ ਘਟ ਆਦਿ ਪਦਾਰਥ ਹੋ ਜਾਂਦਾ ਹੈ।

ਉਪਰੋਕਤ ਵਰਣਨ ਕੀਤੇ ਹੋਏ ਇਹ ਸਾਰੇ, ਬੁੱਧੀ, ਅਹੰਕਾਰ ਆਦਿ ਸਪੰਨਦ ਯੁਕਤ ਕਲੰਕ ਨੂੰ ਪ੍ਰਾਪਤ, ਦ੍ਰਿਸ਼ ਦੇ ਵੱਲ ਪ੍ਰਵਿਰਤ ਚਿਤਿ (ਆਤਮਾ) ਦੇ ਅਨੇਕ ਨਾਮ ਹਨ। ਇੱਥੇ ਜੋ ਇਹ ਸਾਰੇ ਨਾਨਾ ਪ੍ਰਕਾਰ ਦੀ ਕਲਪਨਾਵਾਂ ਅਹੰਕਾਰ, ਮਨ, ਬੁੱਧੀ ਆਦਿ - ਇਕ ਹੀ ਵਸਤੂ ਦੇ ਅਨੇਕ ਰੂਪ ਭਗਵਾਨ ਵਾਲਮੀਕ ਜੀ ਦੁਆਰਾ ਦੱਸੇ ਗਏ ਹਨ।

### ਮਨ ਦੀ ਅਦਭੁਤ ਸ਼ਕਤੀਆਂ

ਉਪਰ ਇਹ ਦੱਸਿਆ ਜਾ ਚੁੱਕਿਆ ਹੈ ਕਿ ਮਨ ਸਰਵ ਸ਼ਕਤੀਮਾਨ, ਸਰਵਗਤ ਅਤੇ ਅਨੰਤ ਪਰਮਬ੍ਰਹਮ ਦਾ ਹੀ ਇਕ ਕਲਪਨਾਤਮਕ ਆਕਾਰ ਹੈ। ਮਨ ਦਾ ਬ੍ਰਹਮ ਦੇ ਨਾਲ ਤਾਦਾਤਮਯ ਸੰਬੰਧ ਹੈ, ਮਨ ਅਤੇ ਬ੍ਰਹਮ ਦੋ ਅਲੱਗ-ਅਲੱਗ ਵਸਤੂਆਂ ਨਹੀ_ ਹਨ। ਬ੍ਰਹਮ ਦੀ ਮਨ ਦਾ ਆਕਾਰ ਧਾਰਣ ਕਰਦਾ ਹੈ। ਇਸ ਲਈ ਮਨ ਵਿੱਚ ਵੀ ਬ੍ਰਹਮ ਦੀ ਤਰ੍ਹਾਂ ਅਨੰਤ ਅਤੇ ਅਪਾਰ ਸ਼ਕਤੀਆਂ ਹਨ। ਇੱਥੇ ਯੋਗਵਸਿਸ਼ਠ ਦੇ ਅਨੁਸਾਰ ਮਨ ਦੀ ਅਨੇਕ ਪ੍ਰਕਾਰ ਦੀ ਸ਼ਕਤੀਆਂ ਦਾ ਉਲੇਖ ਕੀਤਾ ਜਾਂਦਾ ਹੈ।

### ਮਨ ਸਰਵ ਸ਼ਕਤੀ ਸੰਪੰਨ ਹੈ

ਮਨ ਜਗਤ ਦੇ ਰਚਨ ਵਾਲਾ ਹੈ, ਮਨ ਹੀ ਖੁਦ ਪੁਰਸ਼ ਹੈ। ਮਨ ਵਿੱਚ ਸਾਰੇ ਪ੍ਰਕਾਰ ਦੀ ਸ਼ਕਤੀਆਂ ਹਨ, ਅਤੇ ਮਨ ਸਾਰਾ ਕੁੱਝ ਕਰ ਸਕਦਾ ਹੈ। ਮਨ ਜਿਸ ਵਸਤੂ ਨੂੰ ਪ੍ਰਾਪਤ ਕਰਨ ਦਾ ਇਰਾਦਾ ਕਰ ਲੈ_ਦਾ ਹੈ ਉਸਨੂੰ ਜ਼ਰੂਰ ਹੀ ਪ੍ਰਾਪਤ ਕਰ ਲੈ_ਦਾ ਹੈ। ਮਨ ਆਪਣੇ ਅੰਦਰ ਜਿਵੇ_ ਦੀ ਭਾਵਨਾ ਕਰਦਾ ਹੈ ਪਲ ਭਰ ਵਿੱਚ ਵੈਸਾ ਹੀ ਹੋ ਜਾਂਦਾ ਹੈ। ਜੋ ਕਲਪਨਾ ਚਿੱਤ ਦੇ ਅੰਦਰ ਉਦੈ ਹੁੰਦੀ ਹੈ, ਉਹੀ ਬਾਹਰੀ ਜਗਤ ਵਿੱਚ ਸਥਿਰ ਅਤੇ ਫਲਯੁੱਕਤ ਹੋਕੇ ਪ੍ਰਕਟ ਹੁੰਦੀ ਹੈ।

### ਮਨ ਵਿੱਚ ਜਗਤ ਨੂੰ ਰਚਨੇ ਦੀ ਸ਼ਕਤੀ ਹੈ

ਮਨ ਦਾ ਸੁਭਾਅ ਸੰਕਲਪ ਹੈ। ਜਿਵੇਂ ਜਗਤ ਦੀ ਮਨ ਕਲਪਨਾ ਕਰਦਾ ਹੈ ਸੰਕਲਪ ਦੁਆਰਾ ਵੈਸਾ ਹੀ ਜਗਤ ਨਿਰਮਿਤ ਹੋ ਜਾਂਦਾ ਹੈ। ਅਹੰਭਾਵ (ਮਨ) ਨੂੰ ਹੀ ਜਗਤ ਦਾ ਬੀਜ ਸਮਝਣਾ ਚਾਹੀਦਾ। ਇਸ ਬੀਜ ਤੋਂ ਹੀ ਪਹਾੜ, ਸਮੁੰਦਰ, ਪ੍ਰਿਥਵੀ ਅਤੇ ਨਦੀਆਂ ਵਾਲੇ ਜਗਤ-ਰੂਪੀ ਦਰਖਤ ਦੀ ਉਤਪਤੀ ਹੁੰਦੀ ਹੈ। ਚਿੱਤ ਹੀ ਜਗਤ ਦਾ ਉਤਪਾਦਕ ਹੈ। ਉਹ ਜਿਵੇਂ-ਜਿਵੇਂ ਸੰਕਲਪ ਕਰਦਾ ਹੈ ਉਸੀ ਦੇ ਅਨੁਸਾਰ ਸਤ, ਅਸਤ ਜਾਂ ਸਦਸਤ-ਜਗਤ ਦੀ ਉਤਪਦੀ ਹੁੰਦੀ ਰਹਿੰਦੀ ਹੈ। ਜਾਗ੍ਰਤ, ਸਵਪਨ ਅਤੇ ਭ੍ਰਮ ਆਦਿ ਸਾਰੀਆਂ ਅਵਸਥਾਵਾਂ ਇਸ ਪ੍ਰਕਾਰ ਮਨ ਦੇ ਰੁਪਾਂਤਰ ਹਨ ਜਿਵੇਂ ਕਿ ਪੱਤੇ, ਬੇਲ, ਫੂਲ, ਫਲ ਆਦਿ ਅੰਕੁਰ ਦੇ ਰੁਪਾਂਤਰ ਹੁੰਦੇ ਹਨ। ਦੇਸ਼ ਅਤੇ ਕਾਲ ਦਾ ਵਿਸਤਾਰ ਅਤੇ ਕ੍ਰਮ ਵੀ ਮਨ ਦੇ ਹੀ ਅਧੀਨ ਹੈ। ਮਨ ਹੀ ਕਲਪ ਨੂੰ ਛਣ ਬਣਾ ਦਿੰਦਾ ਹੈ ਅਤੇ ਪਲ ਨੂੰ ਕਲਪ।

### ਮਨ ਜਗਤ ਦੀ ਰਚਨਾ ਵਿੱਚ ਸਵਤੰਤਰ ਹੈ

ਮਨ ਆਪਣੇ ਆਪ ਹੀ ਸੁਤੰਤਰਤਾ ਪੂਰਵਕ ਸਰੀਰ ਦੀ ਰਚਨਾ ਕਰਦਾ ਹੈ। ਦੇਹ ਭਾਵ ਨੂੰ ਧਾਰਣ ਕਰਕੇ ਉਹ ਜਗਤ ਰੂਪੀ ਇੰਦ੍ਰਜਾਲ ਦੀ ਰਚਨਾ ਕਰਦਾ ਹੈ।

### ਹਰੇਕ ਮਨ ਵਿੱਚ ਇਸ ਪ੍ਰਕਾਰ ਦੀ ਸ਼ਕਤੀ ਹੈ

ਹਰੇਕ ਚਿੱਤ ਵਿੱਚ ਇਸ ਪ੍ਰਕਾਰ ਦੀ ਜਗਤ ਦੇ ਉਤਪਾਦਨ ਕਰਨ ਦੀ ਸ਼ਕਤੀ ਹੈ। ਹਰੇਕ ਚਿੱਤ ਵਿੱਚ ਜਗਤ ਰੂਪੀ ਭ੍ਰਮ ਦਾ ਉਦੈ ਪ੍ਰਿਥਕ-ਪ੍ਰਿਥਕ ਹੁੰਦਾ ਹੈ।

### ਜੀਵ ਵਿੱਚ ਸਭ ਕੁੱਝ ਪ੍ਰਾਪਤ ਕਰਨ ਦੀ ਅਨੰਤ ਸ਼ਕਤੀ ਹੈ

ਜੀਵ ਜੋ ਕੁੱਝ ਚਾਹੁੰਦਾ ਹੈ ਉਹ ਸਾਰਾ ਆਪਣੇ ਆਪ ਹੀ ਸੰਪਾਦਨ ਕਰ ਲੈਂਦਾ ਹੈ। ਹਰੇਕ ਜੀਵ ਵਿੱਚ ਚਿਤ-ਸ਼ਕਤੀ (ਆਤਮਾ ਦੀ ਅਨੰਤ ਅਤੇ ਅਪਾਹ ਸ਼ਕਤੀ) ਵਰਤਮਾਨ ਹੈ। ਜੀਵ ਵਿੱਚ ਜਿਸ-ਜਿਸ ਪ੍ਰਕਾਰ ਦੀ ਸ਼ਕਤੀ ਦਾ ਉਦੈ ਹੁੰਦਾ ਹੈ ਉਸੀ-ਉਸੀ ਪ੍ਰਕਾਰ ਫਲ ਉਸਨੂੰ ਪ੍ਰਾਪਤ ਹੁੰਦਾ ਹੈ। ਜੀਵ ਜਿਵੇਂ ਪ੍ਰਯਤਨ ਕਰਦਾ ਹੈ ਯਥਾ ਸਮੇ_ ਉਸਦਾ ਫਲ ਮਿਲਦਾ ਰਹਿੰਦਾ ਹੈ। ਕਦੇ ਤਪ ਦੇ ਰੂਪ ਵਿੱਚ, ਕਦੇ ਦੇਵਤਾ ਦੇ ਰੂਪ ਵਿੱਚ, ਖੁਦ ਆਤਮਾ ਹੀ ਆਤਮ ਦੀਆਂ ਇੱਛਾਵਾਂ ਅਕਸਮਾਤ ਪੂਰੀ ਕਰ ਦਿੰਦਾ ਹੈ। ਆਪਣੇ ਹੀ ਪ੍ਰਯਤਨ ਦੇ ਇਲਾਵਾ ਕਦੇ ਹੋਰ ਕੋਈ ਸਾਨੂੰ ਸਿੱਧੀ ਦੇਣ ਵਾਲਾ ਨਹੀਂ ਹੈ। ਇਸ ਲਈ ਜੋ ਕੁੱਝ ਪ੍ਰਾਪਤ ਕਰਨਾ ਚਾਹੁੰਦੇ ਹੋ ਉਸਦੇ ਲਈ ਪ੍ਰਯਤਨ ਕਰੋ। ਆਪਣੀ ਵਾਸਨਾ ਤੋਂ ਪ੍ਰੇਰਿਤ ਹੋਕੇ ਜੋ ਜਿਵੇਂ ਯਤਨ ਕਰਦਾ ਹੈ, ਵੈਸਾ ਹੀ ਫਲ ਪਾਉਂਦਾ ਹੈ। ਇੱਥੇ ਦੂਸਰਾ ਕੋਈ ਸਾਡੇ ਕਿਸਮਤ ਦਾ ਨਿਰਮਾਣ ਕਰਨ ਵਾਲਾ ਨਹੀ_ ਹੈ। ਸੰਸਾਰ ਵਿੱਚ ਅਜਿਹੀ ਕੋਈ ਵਸਤੂ ਨਹੀਂ ਹੈ ਜੋ ਸਤਕਰਮ ਅਤੇ ਸ਼ੁੱਧ ਪੁਰਸ਼ਾਰਥ ਦੁਆਰਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਹੋਵੇ।

### ਵਿਸ਼ਿਆਂ ਦਾ ਰੂਪ ਸਾਡੇ ਚਿੰਤਨ ਦੇ ਅਧੀਨ ਹੈ

ਸੰਸਾਰ ਵਿੱਚ ਸਾਰੇ ਪਦਾਰਥਾਂ ਦਾ ਰੂਪ ਸਾਡੇ ਚਿੰਤਨ ਤੇ ਨਿਰਭਰ ਹੈ। ਚਿੰਤਨ ਕਰਦੇ-ਕਰਦੇ ਅਸੱਤ ਪਦਾਰਥ ਵੀ ਸਤ ਪ੍ਰਤੀਤ ਹੋਣ ਲਗ ਜਾਂਦਾ ਹੈ। ਜਿਸ ਵਸਤੂ ਦਾ ਜਿਸ ਭਾਵ ਨਾਲ ਚਿੰਤਨ ਕੀਤਾ ਜਾਂਦਾ ਹੈ ਉਹ ਵਸਤੂ ਉਸੀ ਪ੍ਰਕਾਰ ਨਾਲ ਅਨੁਭਵ ਵਿੱਚ ਆਣ ਲੱਗਦੀ ਹੈ।

ਸਦਾ ਅੰਮ੍ਰਿਤ ਰੂਪ ਵਿੱਚ ਚਿੰਤਨ ਕਰਨ ਨਾਲ ਵਿਸ਼ ਵੀ ਅੰਮ੍ਰਿਤ ਹੋ ਜਾਂਦਾ ਹੈ ਅਤੇ ਸਦਾ ਮਿੱਤਰਭਾਵ ਨਾਲ ਚਿੰਤਨ ਕਰਨ ਨਾਲ ਦੁਸ਼ਮਣ ਵੀ ਮਿੱਤਰ ਹੋ ਜਾਂਦਾ ਹੈ। ਨਿਮੇਸ਼ਮਾਤਰ ਸਮਾਂ ਵੀ ਕਲਪਭਾਵ ਨਾਲ ਚਿੰਤਨ ਕਰਨ ਤੇ ਜ਼ਰੂਰ ਹੀ ਕਲਪ ਦੇ ਸਮਾਨ ਅਨੁਭੂਤ ਹੋਣ ਲੱਗਦਾ ਹੈ। ਇਸੀ ਪ੍ਰਕਾਰਜੇ ਕਲਪ ਦੀ ਨਿਮੇਸ਼ਭਾਵ ਨਾਲ ਚਿੰਤਨਾ ਕੀਤੀ ਜਾਵੇ ਤਾਂ ਜ਼ਰੂਰ ਹੀ ਕਲਪ ਨਿਮੇਸ਼ ਦੇ ਸਮਾਨ ਹੋ ਜਾਂਦਾ ਹੈ। ਆਤਮਾ ਦਾ ਪ੍ਰਭਾਵ ਹੀ ਅਜਿਹਾ ਹੈ। ਕਟੂਭਾਵ ਨਾਲ ਚਿੰਤਨ ਕਰਨ ਤੇ ਮਿੱਠੀ ਵਸਤੂ ਵੀ ਕੜਵੀ ਮਾਲੂਮ ਹੋਣ ਲੱਗਦੀ ਹੈ ਅਤੇ ਮਿਠਾਈ ਦੇ ਚਿੰਤਨ ਨਾਲ ਕੜਵੀ ਵਸਤੂਆਂ ਮਿੱਠੀ ਮਾਲੂਮ ਹੋਣ ਲੱਗਦੀਆਂ ਹਨ। ਮਿੱਤਰ ਬੁੱਧੀ ਨਾਲ ਦੁਸ਼ਮਨ ਮਿੱਤਰ ਹੋ ਜਾਂਦਾ ਹੈ ਅਤੇ ਦੁਸ਼ਮਨ ਬੁੱਧੀ ਨਾਲ ਮਿੱਤਰ ਦੁਸ਼ਮਨ ਬਣ ਜਾਂਦਾ ਹੈ।

ਜਿਵੇਂ ਸਾਡਾ ਵਿਚਾਰ ਵੈਸਾ ਸਾਡਾ ਜਗਤ। ਚਿੰਤਨ ਦੁਆਰਾ ਪੀਲੀ ਵਸਤੂ ਨੀਲੀ ਜਾਂ ਸ਼ਵੇਤ ਮਾਲੂਮ ਹੋਣ ਲੱਗਦੀ ਹੈ ਅਤੇ ਉਤਸਵ ਨੂੰ ਵੀ ਆਪੱਤੀ ਸਮਝਕੇ ਮੂੜ ਮਨੁੱਖ ਸ਼ੋਕ ਕਰਨ ਲੱਗਦਾ ਹੈ। ਸਵਪਨ ਦੀ ਤਰ੍ਹਾਂ ਸ਼ੂਨਯ ਸਥਾਨ ਵੀ ਭਰਿਆ ਹੋਇਆ ਮਾਲੂਮ ਹੋਣ ਲੱਗਦਾ ਹੈ, ਅਤੇ ਮੌਜੂਦ ਨਾ ਹੁੰਦਾ ਹੋਇਆ ਵੀ ਭੂਤ ਮੂਰਖਾਂ ਦੇ ਪ੍ਰਾਣ ਲੇ ਲੈਂਦਾ ਹੈ। ਕੇਵਲ ਚਿੰਤਨ ਦੇ ਦੁਆਰਾ ਹੀ ਸਵਪਨ ਦੀ ਇਸਤਰੀ ਜਾਗ੍ਰਤ ਦੀ ਇਸਤਰੀ ਦੇ ਸਮਾਨ ਰਤੀਸੁੱਖ ਦਿੰਦੀ ਹੈ।

ਜਿਸਦੇ ਮਨ ਵਿੱਚ ਜੈਸੀ ਚਿੰਤਨਾ ਉਦੈ ਹੋ ਜਾਂਦੀ ਹੈ ਉਹ ਵੈਸਾ ਅਨੁਭਵ ਕਰਨ ਲੱਗਦਾ ਹੈ। ਜਿਵੇਂ ਖਿਆਲ ਜਿਸਦੇ ਮਨ ਵਿੱਚ ਦ੍ਰਿੜ ਹੋ ਜਾਂਦਾ ਹੈ ਉਹ ਉਸਨੂੰ ਪ੍ਰਤਕਸ਼ ਰੂਪ ਵਿੱਚ ਵੈਸਾ ਹੀ ਅਨੁਭਵ ਕਰਨ ਲੱਗਦਾ ਹੈ। ਦ੍ਰਿੜ ਨਿਸ਼ਚੈ ਵਾਲਾ ਆਤਮਾ ਜਿਵੇਂ - ਜਿਵੇਂ ਚਿੰਤਨ ਕਰਦਾ ਹੈ ਵੈਸਾ-ਵੈਸਾ ਫਲ ਪ੍ਰਾਪਤ ਕਰਦਾ ਹੈ।

## 21 ਨਵੰਬਰ ਕੌਮਾਂਤਰੀ ਟੈਲੀਵਿਜਨ ਦਿਵਸ ਤੇ ਵਿਸ਼ੇਸ਼

# ਮੈਨੂੰ ਟੈਲੀਵਿਜਨ ਲੈ ਦੇ ਵੇ, ਤਸਵੀਰਾਂ ਬੋਲਦੀਆਂ



ਗੋਬਿੰਦਰ ਸਿੰਘ ਢੀਂਡਸਾ
bardwal.gobinder@gmail.com

ਪੰਜਾਬ ਦੀ ਮਕਬੂਲ ਦੋਗਾਣਾ ਗਾਇਕ ਜੋੜੀ ਮੁਹੰਮਦ ਸਦੀਕ ਤੇ ਬੀਬਾ ਰਣਜੀਤ ਕੌਰ ਦੇ ਪ੍ਰਸਿੱਧ ਗੀਤ 'ਮੈਨੂੰ ਟੈਲੀਵਿਜਨ ਲੈ ਦੇ ਵੇ, ਤਸਵੀਰਾਂ ਬੋਲਦੀਆਂ' ਆਪਣੇ ਆਪ ਵਿੱਚ ਹੀ ਟੈਲੀਵਿਜਨ ਦੀ ਮਹੱਤਤਾ ਵੱਲ ਇਸ਼ਾਰਾ ਕਰਦਾ ਹੈ। ਟੈਲੀਵਿਜਨ ਮੀਡੀਆ ਦੀ ਸਭਤੋਂ ਪ੍ਰਮੁੱਖ ਤਾਕਤ ਦੇ ਰੂਪ ਵਿੱਚ ਉਭਰਿਆ ਹੈ। ਪਹਿਲੀ ਵਾਰ 1907 ਵਿੱਚ ਟੈਲੀਵਿਜਨ ਸ਼ਬਦ ਹੋਂਦ ਵਿੱਚ ਆਇਆ ਅਤੇ ਡਿਕਸ਼ਨਰੀ ਵਿੱਚ ਜੋੜਿਆ ਗਿਆ। ਟੈਲੀਵਿਜਨ ਦਾ ਸੰਖੇਪ ਸ਼ਬਦ ਟੀਵੀ ਪਹਿਲੀ ਵਾਰ 1948 ਵਿੱਚ ਇਸਤੇਮਾਲ ਕੀਤਾ ਗਿਆ।

ਸੰਯੁਕਤ ਰਾਸ਼ਟਰ ਸੰਘ ਦੀ ਮਹਾਂਸਭਾ ਦੁਆਰਾ 17 ਦਸੰਬਰ 1996 ਵਿੱਚ 21 ਨਵੰਬਰ ਨੂੰ ਕੌਮਾਂਤਰੀ ਟੈਲੀਵਿਜਨ ਦਿਵਸ ਦੇ ਰੂਪ ਵਿੱਚ ਮਨਾਉਣ ਦੀ ਘੋਸ਼ਣਾ ਕੀਤੀ।ਸੰਯੁਕਤ ਰਾਸ਼ਟਰ ਨੇ ਸਾਲ 1996 ਵਿੱਚ 21 ਅਤੇ 22 ਨਵੰਬਰ ਨੂੰ ਵਿਸ਼ਵ ਦੇ ਪਹਿਲੇ ਕੌਮਾਂਤਰੀ ਟੈਲੀਵਿਜਨ ਫੋਰਮ ਦਾ ਆਯੋਜਨ ਕੀਤਾ ਸੀ। ਟੈਲੀਵਿਜਨ ਲੋਕਾਂ ਦੇ ਮਨੋਰੰਜਨ ਅਤੇ ਗਿਆਨ ਵਿੱਚ ਵਾਧਾ ਕਰਨ ਵਿੱਚ ਸਹਾਈ ਹੋਇਆ ਹੈ। ਸਕਾਟਲੈਂਡ ਇੰਜੀਨੀਅਰ ਜਾੱਨ ਲੋਗੀ ਬੇਅਰਡ ਨੇ ਟੈਲੀਵਿਜਨ ਦੀ ਖੋਜ 1924 ਵਿੱਚ ਕੀਤੀ। ਯੂਨੈਸਕੋ ਨੇ ਟੈਲੀਵਿਜਨ ਨੂੰ ਸੰਚਾਰ ਅਤੇ ਸੂਚਨਾ ਦਾ ਇੱਕ ਮਹੱਤਵਪੂਰਨ ਸਾਧਨ ਦੇ ਰੂਪ ਵਿੱਚ ਪਹਿਚਾਣਿਆ ਹੈ।

ਭਾਰਤ ਵਿੱਚ ਪਹਿਲੀ ਵਾਰ ਟੀ.ਵੀ. 15 ਸਤੰਬਰ 1959 ਨੂੰ ਆਇਆ।'ਦੂਰਦਰਸ਼ਨ' ਦਾ ਪਹਿਲਾ ਪ੍ਰਸਾਰਣ ਪ੍ਰਯੋਗੀ ਆਧਾਰ ਤੇ ਅੱਧੇ ਘੰਟੇ ਲਈ ਸਿੱਖਿਅਕ ਅਤੇ ਵਿਕਾਸ ਕਾਰਜਕਰਮਾਂ ਦੇ ਰੂਪ ਵਿੱਚ ਸ਼ੁਰੂ ਕੀਤਾ ਗਿਆ।ਸ਼ੁਰੂਆਤੀ ਸਮੇਂ ਦੂਰਦਰਸ਼ਨ ਦਾ ਪ੍ਰਸਾਰਣ ਹਫਤੇ ਵਿੱਤ ਕੇਵਲ ਤਿੰਨ ਦਿਨ ਅੱਧੇ-ਅੱਧੇ ਘੰਟੇ ਲਈ ਹੁੰਦਾ ਸੀ, ਉਦੋਂ ਇਸ ਨੂੰ ਟੈਲੀਵਿਜਨ ਇੰਡੀਆ ਨਾਮ ਦਿੱਤਾ ਗਿਆ ਸੀ ਅਤੇ ਬਾਦ ਵਿੱਚ 1975 ਵਿੱਚ ਇਸਦਾ ਹਿੰਦੀ ਨਾਮਕਰਨ 'ਦੂਰਦਰਸ਼ਨ' ਰੱਖਿਆ ਗਿਆ। ਸਾਲ 1991 ਵਿੱਚ ਹੋਏ ਆਰਥਿਕ ਸੁਧਾਰਾਂ ਤੱਕ 'ਦੂਰਦਰਸ਼ਨ' ਇਕੱਲਾ ਹੀ ਰਾਸ਼ਟਰੀ ਚੈਨਲ ਬਣਿਆ ਰਿਹਾ।



'ਦੂਰਦਰਸ਼ਨ' ਦੀ ਦੇਸ਼ ਦੇ ਮਹਾਂਨਾਗਰਾਂ ਦਿੱਲੀ ਵਿੱਚ 9 ਅਗਸਤ 1984 ਨੂੰ, ਮੁੰਬਈ ਵਿੱਚ 1 ਮਈ 1985 ਨੂੰ, ਚੇਨੱਈ ਵਿੱਚ 19 ਨਵੰਬਰ 1987 ਨੂੰ ਅਤੇ ਕਲਕੱਤੇ ਵਿੱਚ 1 ਜੁਲਾਈ 1988 ਨੂੰ ਸ਼ੁਰੂਆਤ ਕੀਤੀ ਗਈ। 26 ਜਨਵਰੀ 1993 ਨੂੰ ਮੈਟਰੋ ਚੈਨਲ ਸ਼ੁਰੂ ਕਰਨ ਦੇ ਲਈ ਇੱਕ ਦੂਜੇ ਚੈਨਲ ਦੀ ਨੈੱਟਵਰਕਿੰਗ ਹੋਈ। 14 ਮਾਰਚ 1995 ਨੂੰ ਅੰਤਰਰਾਸ਼ਟਰੀ ਚੈਨਲ ਡੀਡੀ ਇੰਡੀਆ ਦੀ ਸ਼ੁਰੂਆਤ ਹੋਈ। 23 ਨਵੰਬਰ 1997 ਨੂੰ ਪ੍ਰਸਾਰ ਭਾਰਤੀ ਦਾ ਗਠਨ (ਭਾਰਤੀ ਪ੍ਰਸਾਰਣ ਨਿਗਮ) ਹੋਇਆ। ਡੀਡੀ ਪੰਜਾਬੀ ਦੀ ਸ਼ੁਰੂਆਤ ਸਾਲ 1998 ਵਿੱਚ ਕੀਤੀ ਗਈ ਅਤੇ 18 ਮਾਰਚ 1999 ਨੂੰ ਖੇਡ ਚੈਨਲ ਡੀਡੀ ਸਪੋਰਟਸ ਦੀ ਸ਼ੁਰੂਆਤ ਹੋਈ। 3 ਨਵੰਬਰ 2002 ਨੂੰ ਚੌਵੀ ਘੰਟੇ ਖਬਰਾਂ ਵਾਲੇ ਚੈਨਲ ਡੀਡੀ ਨਿਊਜ਼ ਦੀ ਸ਼ੁਰੂਆਤ ਕੀਤੀ ਗਈ। 16 ਦਸੰਬਰ 2004 ਨੂੰ ਮੁਫ਼ਤ ਡੀਟੀਐੱਚ ਸੇਵਾ ਡੀਡੀ ਡਾਇਰੈਕਟ ਦੀ ਸ਼ੁਰੂਆਤ ਕੀਤੀ ਗਈ।

1991 ਦੇ ਬਾਦ ਨਿੱਜੀ ਅਤੇ ਵਿਦੇਸੀ ਪ੍ਰਸਾਰਕਾਂ ਨੂੰ ਸੀਮਿਤ ਸੰਚਾਲਨ ਵਿੱਚ ਸ਼ਾਮਿਲ ਹੋਣ ਦੀ ਆਗਿਆ ਦਿੱਤੀ ਗਈ। ਵਰਤਮਾਨ ਸਮੇਂ ਵਿੱਚ ਬਹੁਤ ਹੀ ਚੈਨਲ ਲੋਕਾਂ ਦੀ ਕਚਹਿਰੀ ਵਿੱਚ ਆ-ਪਣੀਆਂ ਸੇਵਾਵਾਂ ਦੇ ਰਹੇ ਹਨ।ਭਾਰਤੀ ਟੈਲੀਵਿਜਨ ਦੇ ਸਭ ਤੋਂ ਵੱਧ ਮਸ਼ਹੂਰ ਪ੍ਰੋ-ਗਰਾਮਾਂ ਵਿੱਚ ਹਮ ਲੋਗ, ਬੁਨਿਆਦ, ਰਾਮਾਇਣ, ਮਹਾਂਭਾਰਤ, ਸ਼੍ਰੀ ਕ੍ਰਿਸ਼ਨਾ, ਮਾਲਗੁੱਡੀ ਡੇਜ਼, ਸ਼ਕਤੀਮਾਨ ਆਦਿ ਰਹੇ ਹਨ।

1936 ਤੱਕ ਦੁਨੀਆਂ ਵਿੱਚ ਲਗਭੱਗ 200 ਟੈਲੀਵਿਜਨ ਸੈੱਟ ਇਸਤੇਮਾਲ ਹੋਣ ਲੱਗੇ ਸੀ ਅਤੇ 12 ਇੰਚ ਦੀ ਟੀਵੀ ਸਕਰੀਨ ਦੇ ਨਾਲ ਵੱਡੇ ਵੱਡੇ ਉਪਕਰਨ ਆਉਂਦੇ ਸੀ। ਪੂਰੀ ਤਰ੍ਹਾਂ ਨਾਲ ਰੰਗਦਾਰ ਟੀਵੀ ਪ੍ਰਸਾਰਣ 1953 ਵਿੱਚ ਅਮਰੀਕਾ ਵਿੱਚ ਸ਼ੁਰੂ ਹੋਇਆ। ਰਾਬਰਟ ਐਡਲਰ ਨੇ ਪਹਿਲਾ ਰਿਮੋਟ ਕੰਟਰੋਲ 1956 ਵਿੱਚ ਬਣਾਇਆ।

1973 ਵਿੱਚ ਟੀਵੀ ਦੀ ਸਕਰੀਨ ਨੂੰ ਹੋਰ ਵੱਡਾ ਕੀਤਾ ਗਿਆ ਅਤੇ ਇਸ ਸਮੇਂ ਟੀਵੀ ਦੀ ਵਜਨ ਕਾਫੀ ਹੁੰਦਾ ਸੀ। ਸਾਲ 1980 ਵਿੱਚ ਟੀਵੀ ਦੇ ਨਾਲ ਵੀ.ਸੀ.ਆਰ. ਵੀਡੀਓ ਗੇਮਜ ਆਉਣ ਲੱਗੀਆਂ ਅਤੇ ਇਸ ਨਾਲ ਟੀਵੀ ਦੀ ਪ੍ਰਸਿੱਧੀ ਹੋਰ ਵਧਦੀ ਗਈ ਅਤੇ ਫਿਰ ਰਿਮੋਟ ਵਾਲੇ ਟੀਵੀ ਨੇ ਦਸਤਕ ਦਿੱਤੀ। ਸਮੇਂ ਨਾਲ ਟੀਵੀ ਵਿੱਚ ਬਹੁਤ ਬਦਲਾਅ ਆਏ, ਟੀਵੀ ਦੇ ਸਾਇਜ ਅਤੇ ਗੁਣਵੱਤਾ ਵਧੀਆ ਹੋਈ, ਐੱਲ.ਸੀ.ਡੀ ਅਤੇ ਪਲਾਜਮਾ ਵਰਗੀ ਟੈਕਨੋਲੋਜੀ ਦੀ ਵਰਤੋਂ ਸ਼ੁਰੂ ਹੋਈ ਅਤੇ ਵਰਤਮਾਨ ਸਮਾਂ ਸਮਾਰਟ ਟੀਵੀ ਦਾ ਹੈ।

# ਸਰੋ ਦਾ ਸਾਗ, ਮੱਕੀ ਦੀ ਰੋਟੀ



ਬੂਟਾ ਗੁਲਾਮੀ ਵਾਲਾ
91-94171 97395

ਸਰੋਂ ਦਾ ਸਾਗ ਵੈਸੇ ਤਾਂ ਹਰੇਕ ਰੁੱਤ ਵਿੱਚ ਹੀ ਖਾਧਾ ਜਾਂਦਾ ਹੈ ਪਰ ਜੇ ਰੁੱਤ ਸਿਆਲ ਦੀ ਹੋਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।ਸਿਆਲ ਦੀ ਰੁੱਤ ਦਾ ਮਿੱਠਾ ਮੇਵਾ ਹੈ ਸਾਗ। ਠੰਡੀ ਰੁੱਤ ਦੀਆਂ ਹੋਰ ਵੀ ਬਹੁਤ ਸਾਰੀਆਂ ਸਬਜੀਆਂ ਹਨ, ਪਰ ਉਹਨਾਂ ਵਿੱਚੋਂ ਇੱਕ ਹੈ ਸਰੋਂ ਦਾ ਸਾਗ, ਜਿਸ ਨੂੰ ਇਸ ਰੁੱਤ ਵਿੱਚ ਖਾਣ ਦਾ ਵੱਖਰਾ ਹੀ ਨਜ਼ਾਰਾ ਹੈ। ਪੰਜਾਬ ਦੇ ਲੋਕਾ ਦੀ ਸਭ ਤੋਂ ਪਹਿਲੀ ਪਸੰਦ ਹੈ ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ, ਜਿਹੜੀ ਸਾਡੇ ਪੰਜਾਬ ਤੇ ਪੰਜਾਬੀ ਸੱਭਿਆਚਾਰ ਵਿਰਸੇ ਨਾਲ ਮੁੱਢ ਤੋਂ ਹੀ ਜੁੜੀ ਹੋਈ ਹੈ। ਪੰਜਾਬ ਦੇ ਹਰ ਘਰੇ ਸਾਗ ਬਣਦਾ ਹੈ ਭਾਵੇਂ ਉਹ ਅਮੀਰ ਹੋਵੇ ਚਾਹੇ ਗਰੀਬ ਹੋਵੇ। ਪਿੰਡਾਂ ਵਿੱਚ ਜਿਆਦਾਤਰ ਸਾਗ ਬਜ਼ੁਰਗ ਬੇਬੇ ਹੀ ਬਣਾਉਦੀਆਂ ਹਨ ਤੇ ਸਾਰਾ ਸਾਰਾ ਦਿਨ ਚੁੱਲੇ ਤੇ ਸਾਗ ਗੁੜ ਗੁੜ ਕਰ ਕੇ ਰਿੱਝਦਾ ਰਹਿੰਦਾ ਹੈ। ਨਵੀਆਂ ਵਿਆਹੀਆਂ ਵੀ ਬੇਬੇ ਨੂੰ ਹੀ ਸਾਗ ਬਣਾਉਣ ਲਈ ਜ਼ਿਆਦਾ ਕਹਿੰਦੀਆਂ ਹਨ। ਵੈਸੇ ਵੀ ਸਾਗ ਬਣਾਉਣਾ ਹਰ ਕਿਸੇ ਦੇ ਵੱਸ ਦਾ ਨਹੀ। ਇਸ ਵਿੱਚ ਵੀ ਤਜਰਬੇ ਤੇ ਮਿਹਨਤ ਦੀ ਕਾਫੀ ਲੋੜ ਹੁੰਦੀ ਹੈ। ਅੱਜ ਤੋਂ ਕੁਝ ਦਹਾਕੇ ਪਹਿਲਾ ਲੋਕ ਸਰੋਂ ਨੂੰ ਆਮ ਹੀ ਖੇਤਾਂ ਵਿੱਚ ਬੀਜਦੇ ਤੇ ਲੋਕ ਹੱਥੀ ਮਿਹਨਤ ਕਰਦੇ, ਹਰ ਇੱਕ ਜੱਟ ਜਿਮੀਦਾਰ ਦੇ ਖੇਤ ਵਿੱਚ ਸਾਗ ਜਰੂਰ ਹੁੰਦਾ ਤੇ ਸਾਗ ਧਰਨ ਵਾਲੇ ਫਰੀ ਤੋੜ ਕੇ ਲਿਆਉਦੇ ਸਨ। ਸਗੋਂ ਇਹ ਵੀ ਰਿਵਾਜ ਕਿ ਜਿੰਨਾ ਦੇ ਸਕੇ ਸਬੰਧੀ ਸ਼ਹਿਰ ਵਿੱਚ ਰਹਿੰਦੇ ਸਨ ਉਹ ਵੀ ਆਪਣੇ ਸਕਿਆਂ ਨੂੰ ਫਰੀ ਦਾ ਸਾਗ ਤੋੜ ਕੇ ਘੱਲਦੇ ਸਨ ਕਿਉਕਿ ਸ਼ਹਿਰਾਂ, ਕਸਬਿਆਂ ਵਿੱਚ ਸਾਗ ਇੱਕ ਦੋ ਦਿਨ ਪੁਰਾਣਾ ਮਿਲਦਾ ਹੈ ਤੇ ਉਹ ਵੀ ਮਹਿੰਗੇ ਮੁੱਲ। ਪਰ ਜਿੰਨਾਂ ਦੇ ਪਿੰਡਾਂ ਵਿੱਚ ਰਿਸ਼ਤੇਦਾਰ ਸੱਜਣ ਮਿੱਤਰ ਹੁੰਦੇ ਸਨ ਉਹ ਤਾਜਾ ਤੇ ਫਰੀ ਸਾਗ ਹੀ ਮੰਗਵਾਉਦੇ ਸਨ। ਪੰਜਾਬ ਦੇ ਪਿੰਡਾਂ ਦਿਆਂ ਖੇਤਾਂ ਵਿੱਚ ਖੜੀ ਕਿੱਲਿਆਂ ਦੇ ਕਿੱਲੇ ਸਰੋਂ ਭਰ ਜੋਬਨ ਮੁਟਿਆਰ ਵਾਂਗ ਲਗਦੀ। ਪੀਲੇ ਪੀਲੇ ਰੰਗ ਦੇ ਫੁੱਲ ਕੱਢੀ ਸਰੋਂ ਇਉਂ ਲੱਗਦੀ ਸੀ ਜਿਵੇਂ ਕਿਸੇ ਨੇ ਖੱਟੇ ਰੰਗ ਦਾ ਮਣਾਂਮੂੰਹੀ ਰੰਗ ਖੇਤਾਂ ਵਿੱਚ ਖਿਲਾਰ ਦਿੱਤਾ ਹੋਵੇ, ਸਰੋਂ ਬੀਜਣ ਤੋਂ ਲੈ ਕੇ ਹੀ ਗੱਲਾਂ ਹੋਣ ਲੱਗ ਜਾਂਦੀਆਂ ਸਨ ਕਿ ਬੱਸ ਸਾਗ ਬਨਣ ਵਾਲਾ ਹੈ ਜਿੰਨਾ ਮਰਜੀ ਤੋੜ ਕੇ ਲੈ ਜਾਇਓ, ਪਿੰਡਾ ਵਿੱਚ ਜਿਸ ਦਿਨ ਘਰ ਵਿੱਚ ਸਾਗ ਬਨਾਉਣਾ ਹੁੰਦਾ ਸੀ ਤਾਂ ਜਿਆਦਾ ਤਰ ਬੇਬੇ ਹੀ ਸਾਗ ਤੋੜਨ ਖੇਤ ਜਾਂਦੀ ਤਾਂ ਉਹ ਸਾਗ ਤੋੜਨ ਵਾਸਤੇ ਆਪਣੀ ਧੀ ਨੂੰਹ ਜਾਂ ਪੋਤਰੀ ਨੂੰ ਵੀ ਲੈ ਜਾਂਦੀ।ਕਈ ਵਾਰ ਤਾਂ ਚਾਰ-ਚਾਰ, ਪੰਜ-ਪੰਜ ਜਣੀਆਂ ਇੱਕਠੀਆਂ ਹੀ ਖੇਤਾਂ ਵੱਲ ਸਾਗ ਤੋੜਣ ਵਾਸਤੇ ਜਾਂਦੀਆਂ, ਜੇ ਤਾਂ ਆਪਣਾ ਸਾਗ ਹੋਵੇ ਠੀਕ ਨਹੀਂ ਫਿਰ ਦੂਜਿਆਂ ਦੇ ਖੇਤਾਂ ਵਿੱਚੋਂ ਤੋੜਿਆ ਜਾਂਦਾ। ਸੁਆਣੀਆਂ ਨੇ ਆਪਣੇ ਹੱਥਾਂ ਨਾਲ ਕੂਲੀਆਂ-ਕੂਲੀਆਂ ਸਰੋਂ ਦੀਆਂ ਗੰਦਲਾਂ ਨੂੰ ਤੋੜਨਾਂ, ਇਸ ਦਾ ਜਿਕਰ ਮੁਹਾਵਰਿਆਂ ਅਖਾਣਾ ਵਿੱਚ ਵੀ ਆਉਂਦਾ ਹੈ। ''ਕਿਹੜੀ ਹੈ ਤੂੰ ਸਾਗ ਤੋੜਦੀ ਹੱਥ ਸੋਚ ਕੇ ਗੰਦਲ ਨੂੰ ਪਾਵੀਂ''। ਖੇਤਾਂ ਵਿੱਚ ਸਾਗ ਜਿਆਦਾ ਤਰ ਸਵੇਰੇ ਸਵੇਰੇ ਹੀ ਤੋੜਿਆ ਜਾਂਦਾ ਸੀ ਬਜ਼ੁਰਗ ਬੇਬੇ ਨੇ ਪਹਿਲਾ ਆਪਣੇ ਹੱਥੀ ਸਾਗ ਤੋੜਨਾ ਤੇ ਚੁੰਨੀ ਜਾਂ ਕਿਸੇ ਹੋਰ ਕੱਪੜੇ ਵਿੱਚ ਲਪੇਟ ਕੇ ਘਰ ਲੈ ਕੇ ਆਉਣਾ, ਉਹ ਹੱਥਾਂ ਵਿੱਚ ਆਏ ਸਾਗ ਨੂੰ ਇੱਕ ਚੀਰਨੀ ਕਹਿੰਦੇ ਸੀ ਤੇ ਇੱਕ ਘਰ ਵਾਸਤੇ ਦੋ ਜਾਂ ਤਿੰਨ ਚੀਰਨੀਆਂ ਸਾਗ ਨਹੀ ਸੀ ਮੁੱਕਦਾ। ਅੱਜ ਕੱਲ ਵੇਚਣ ਵਾਲੇ ਉਸ ਨੂੰ ਗੁੱਟੀ ਕਹਿ ਦੇਂਦੇ ਹਨ, ਘਰ ਲਿਆ ਕੇ ਬੇਬੇ ਨੇ ਪਹਿਲਾ ਚੰਗੀ ਤਰਾਂ ਛਾਂਟਨਾ, ਪੱਕੀਆਂ ਗੰਦਲਾ ਨੂੰ ਅਲੱਗ ਕਰ ਦੇਣਾ, ਕੂਲੀਆਂ ਕੂਲੀਆਂ ਅੱਡ ਕਰ ਦੇਣੀਆਂ ਫਿਰ ਉਸ ਨੂੰ ਘਰ ਵਿੱਚ ਹੀ ਮੌਜੂਦ ਲੋਹੇ ਦੇ ਬਣੇ ਦਾਤ ਨਾਲ ਸਾਗ ਨੂੰ ਹੌਲੀ ਹੌਲੀ ਚੀਰਨਾਂ। ਉਸ ਸਮੇ ਹਾਲੇ ਸਾਗ ਚੀਰਨ ਵਾਲੇ ਟੋਕੇ ਨਹੀ ਸੀ ਆਏ। ਬੜੇ ਤਿੱਖੇ ਦਾਤ ਨਾਲ ਸਾਗ ਚੀਰਨਾ ਵੀ ਇੱਕ ਕਲਾ ਸੀ, ਤਜ਼ਰਬਾ ਸੀ ਹਰ ਕੋਈ ਦਾਤ ਨਾਲ ਸਾਗ ਨਹੀ ਸੀ ਚੀਰ ਸਕਦੀ, ਬੇਬੇ ਨੇ ਇੱਕ ਪੈਰ ਦੇ ਥੱਲੇ ਦਾਤ ਨੂੰ ਨੱਪ ਲੈਣਾ ਤੇ ਉਸ ਦੇ ਅਗਲੇ ਭਾਗ ਜੋ ਤਿਖਾ ਹੁੰਦਾ ਸੀ ਨਾਲ ਦੋਵਾਂ ਹੱਥਾਂ ਨਾਲ ਸਾਗ ਨੂੰ ਚੀਰਨਾ। ਇੱਕ ਹੱਥ ਨਾਲ ਕੁਝ ਕੁ ਗੰਦਲਾਂ ਤੇ ਦੂਜੇ ਹੱਥ ਨਾਲ ਅੱਗੋਂ ਡਿੱਗਦੇ ਸਾਗ ਨੂੰ ਫੜਨਾਂ ਤੇ ਦਾਤ ਦੇ ਨਾਲ ਬਹੁਤ ਹੀ ਬਰੀਕ ਚੀਰਨਾ। ਅੱਜ ਦੀਆਂ ਨਵੀਆਂ ਕੁੜੀਆਂ ਚਿੜੀਆਂ, ਨੂੰਹਾਂ ਧੀਆਂ ਨੂੰ ਇਹ ਵੀ ਨਹੀ ਪਤਾ ਕਿ ਦਾਤ ਹੁੰਦਾ ਕੀ ਸੀ, ਦਾਤ ਕਿਸ ਨੂੰ ਕਹਿੰਦੇ ਸਨ। ਹੁਣ ਤਾਂ ਟੋਕੇ ਨਾਲ ਮਿੰਟੋ ਮਿੰਟੀ ਚੀਰ ਕੇ ਗੈਸ ਤੇ ਸਾਗ ਧਰ ਦਿੱਤਾ ਜਾਂਦਾ ਹੈ ਪਰ ਅੱਜ ਕੱਲ ਉਹ ਹੱਥਾਂ ਦੀ ਮਿਹਨਤ, ਬਰਕਤ, ਮਿਠਾਸ ਨਹੀ ਹੁੰਦੀ, ਜਿੰਨੀ ਛੇਤੀ ਬਣਾਇਆ ਜਾਂਦਾ ਉਨਾਂ ਕੁ ਹੀ ਸਵਾਦ ਬਣਦਾ ਹੈ।



ਲਉ ਜੀ ਸਾਗ ਨੂੰ ਹੱਥੀ ਚੀਰ ਕੇ ਧੋ ਕੇ ਫਿਰ ਮਿੱਟੀ ਦੀ ਤੌੜੀ ਵਿੱਚ ਪਾ ਕੇ ਚੁੱਲੇ ਉਤੇ ਧਰ ਕੇ ਥੱਲੇ ਅੱਗ ਬਾਲ ਦਿੱਤੀ ਜਾਂਦੀ। ਬੇਬੇ ਚੁੱਲੇ ਕੋਲ ਹੀ ਅੱਗ ਡਾਹੀ ਜਾਂਦੀ ਸੀ ਤੇ ਸਾਗ ਨੂੰ ਘੋਟੀ ਜਾਂਦੀ ਸੀ, ਮੱਧਣੀ ਲੱਕੜ ਦੀ ਮਿਸਤਰੀ ਤੋਂ ਬਣਵਾ ਕੇ ਪਹਿਲਾਂ ਹੀ ਘਰ ਵਿੱਚ ਰੱਖੀ ਹੁੰਦੀ ਸੀ। ਇਹ ਥੱਲਿਉਂ ਗੋਲ ਤੇ ਉਪਰੋਂ ਲੰਮੀ ਡੰਡੀ ਹੁੰਦੀ ਸੀ ਤੇ ਉਸ ਨਾਲ ਸਾਗ ਨੂੰ ਘੋਟਿਆਂ ਜਾਂਦਾ, ਮਤਲਬ ਇੱਕ ਜਾਨ ਕੀਤਾ ਜਾਂਦਾ। ਹਾਂ ਸੱਚ ਸਾਗ ਵਿੱਚ ਬਾਥੂ ਵੀ ਪਾਇਆ ਜਾਂਦਾ ਸੀ ਜਿਹੜਾ ਖੇਤਾਂ ਵਿੱਚ ਵੱਟਾ ਤੇ ਅਕਸਰ ਆਪੇ ਹੀ ਉਗਦਾ, ਬੀਜਿਆ ਨਹੀ ਸੀ ਜਾਂਦਾ। ਕੁਦਰਤ ਵੱਲੋਂ ਸਰੋਂ ਦੇ ਦਿਨਾਂ ਵਿੱਚ ਹੀ ਹੁੰਦਾ ਸੀ ਤੇ ਥੋੜਾ ਜਿਹਾ ਤੋੜ ਕੇ ਸਾਗ ਵਿੱਚ ਪਾਇਆ ਜਾਂਦਾ। ਬੇਬੇ ਕਹਿੰਦੀ ਹੁੰਦੀ ਸੀ ਬਾਥੂ ਨਾਲ ਸਾਗ ਥੋੜੀ ਕੁੱੜਤਣ ਵਿੱਚ ਬਣਦਾ ਹੈ ਪਰ ਇਸ ਤੇ ਪਾਉਣ ਨਾਲ ਸਾਗ ਦਾ ਸਵਾਦ ਦੁੱਗਣਾ ਹੋ ਜਾਂਦਾ ਹੈ ਅੱਜਕੱਲ ਇਹ ਵੀ ਘੱਟ ਮਿਲਦਾ। ਅੱਜਕੱਲ ਤਾਂ ਪਾਲਕ ਜਰੂਰ ਪਾਉਂਦੇ ਹਨ ਪਰ ਉਸ ਸਮੇ ਪਾਲਕ ਦਾ ਰਿਵਾਜ ਨਹੀ ਸੀ ਬਾਥੂ ਜਰੂਰ ਪਾਈਦਾ ਸੀ। ਸਾਗ ਬਣਾਉਂਦੀ ਬੇਬੇ ਥੋੜਾ ਜਿਹਾ ਵਿੱਚ ਕੱਚਾ ਆਟਾ ਵੀ ਪਾ ਦੇਂਦੀ ਸੀ ਉਸ ਮੁਤਾਬਕ ਉਹ ਵੀ ਚੰਗਾ ਹੁੰਦਾ ਸੀ ਤੇ ਸਾਗ ਗੁੜ ਗੁੜ ਕਰਕੇ ਪੱਕਦਾ ਰਹਿੰਦਾ।ਕੋਲ ਬੇਠੀ ਬੇਬੇ ਪੂਰਾ ਪੂਰਾ ਖਿਆਲ ਰੱਖਦੀ। ਇਸ ਤਰਾਂ ਜਿਸ ਦਿਨ ਸਾਗ ਧਰਨਾ ਹੁੰਦਾ ਤਾਂ ਤੋੜਨ ਤੋਂ ਲੈ ਕੇ ਪੂਰਾ ਬਣਾਉਣ ਤੱਕ ਬੇਬੇ ਦੀ ਦਿਹਾੜੀ ਲੱਗ ਜਾਂਦੀ, ਪਰ ਸਾਗ ਇਸ ਤਰਾਂ ਬਣਦਾ ਸੀ ਕਿ ਉਸ ਤਰਾਂ ਹੋਟਲਾ ਵਿੱਚ ਖਾਣੇ ਵੀ ਨਹੀ ਬਣਦੇ, ਬੇਬੇ ਦੀ ਹੱਥੀ ਮਿਹਨਤ, ਪਿਆਰ, ਸਤਿਕਾਰ, ਵਾਹਿਗੁਰੂ ਸਤਿਨਾਮ ਦਾ ਜਾਪ, ਕੋਈ ਮੱਥੇ ਤੇ ਤਿਉੜੀ ਨਹੀ, ਪੂਰੀ ਰੀਝ, ਚਾਅ, ਮਲਾਰ, ਅਸੀਸ, ਪੂਰੀ ਸੁੱਚਮ ਤੇ ਰਿਸਤਿਆਂ ਦਾ ਨਿੱਘ, ਇੰਨੀਆਂ ਚੀਜਾਂ ਜਦੋਂ ਰਲ ਕੇ ਸਾਗ ਬਣਦਾ ਸੀ ਤਾਂ ਫਿਰ ਸਵਾਦ ਤਾਂ ਆਪੇ ਹੀ ਬਣਨਾ ਹੋਇਆ, ਅੱਜਕੱਲ ਮੋਹ ਮਹੱਬਤ, ਰਿਸ਼ਤੇ ਨਾਤੇ ਖਤਮ ਹੋ ਗਏ ਹਨ ਤੇ ਆਪਸੀ ਪਿਆਰ ਵੀ ਖਤਮ ਹੋ ਗਿਆ ਹੈ। ਸਿਆਣੇ ਕਹਿੰਦੇ ਹਨ ਕੇ ਖਾਣ ਪੀਣ ਵਾਲੀਆ ਵਸਤੂਆਂ ਨੂੰ ਖੁਸ਼ੀ ਨਾਲ ਪਿਆਰ ਨਾਲ ਬਣਾਇਆ ਜਾਵੇ ਤਾਂ ਚੀਜਾਂ ਦੀ ਮਿਠਾਸ ਚੌਗਣੀ ਹੋ ਜਾਂਦੀ ਹੈ। ਬੀਬੀਆਂ ਚੁੱਲੇ ਧਰੇ ਸਾਗ ਨੂੰ ਨਾਲੋ ਨਾਲ ਮੱਧਣੀ ਨਾਲ ਹਿਲਾਉਂਦੀਆਂ ਰਹਿੰਦੀਆਂ ਨਾਲੇ ਚੁੱਲੇ ਵਿੱਚ ਅੱਗ ਨੂੰ ਬਲਦਾ ਰੱਖਣ ਲਈ ਫੂਕਾ ਮਾਰਦੀਆਂ। ਉਸ ਸਮੇ ਚੁੱਲੇ ਵਿੱਚ ਜਿਆਦਾ ਤਰ ਲੱਕੜ ਦਾ ਬਾਲਣ ਜਾਂ ਗੋਹੇ ਦੀਆਂ ਪਾਥੀਆਂ ਹੀ ਬਾਲੀਆਂ ਜਾਂਦੀਆਂ ਤੇ ਅਕਸਰ ਹੀ ਧੂੰਆਂ ਨਿਕਲਦਾ ਰਹਿੰਦਾ ਸੀ ਉਹ ਧੂੰਆਂ ਹਰੇਕ ਦੀਆਂ ਅੱਖਾਂ ਵਿੱਚ ਵੀ ਪੈਂਦਾ ਤੇ ਸਾਹ ਵਿੱਚ ਵੀ ਰਲਦਾ ਰਹਿੰਦਾ। ਤੌੜੀ ਤੇ ਮੂਧੀ ਮਾਰੀ ਚੱਪਣੀ ਅੱਧੀ ਕੁ ਪਾਸੇ ਹੁੰਦੀ ਤੇ ਸਾਗ ਵਿਚਲਾ ਪਾਣੀ ਭਾਫ ਬਣ ਬਣ ਉਡਦਾ ਰਹਿੰਦਾ। ਇਸ ਤਰਾਂ ਹੋਲੀ ਹੋਲੀ ਸਰੋਂ ਦਾ ਸਾਗ ਮੁਕੰਮਲ ਤੌਰ ਤੇ ਤਿਆਰ ਹੋ ਜਾਂਦਾ।

ਜਿਸ ਦਿਨ ਘਰ ਵਿੱਚ ਸਾਗ ਬਣਦਾ ਸੀ ਉਸ ਦਿਨ ਸਪੈਸ਼ਲ ਤੌਰ ਤੇ ਮੱਕੀ ਦੀਆਂ ਰੋਟੀਆਂ ਪਕਾਈਆਂ ਜਾਂਦੀਆਂ, ਕਦੇ ਕਦੇ ਕਣਕ ਤੇ ਬਾਜਰੇ ਦੀਆਂ ਵੀ ਰੋਟੀਆਂ ਪੱਕਦੀਆਂ, ਪਰ ਜਿਹੜਾ ਮੇਲ ਸਰੋਂ ਦੇ ਸਾਗ ਤੇ ਮੱਕੀ ਦੀ ਰੋਟੀ ਦਾ ਬਣਦਾ ਹੈ ਉਹ ਹੋਰ ਕਿਸੇ ਰੋਟੀ ਦਾ ਨਹੀ, ਸਿਆਣਿਆਂ ਦਾ ਅਖਾਣ ਵੀ ਹੈ।“"ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ । ਵਾਕਿਆ ਹੀ ਪੰਜਾਬੀ ਵਿਰਸੇ, ਪੰਜਾਬੀ ਸੱਭਿਆਚਾਰ ਨਾਲ ਸਰੋਂ ਦੇ ਸਾਗ ਤੇ ਮੱਕੀ ਦੀ ਰੋਟੀ ਦਾ ਪੱਕਾ ਸਬੰਧ ਹੈ। ਸਾਗ ਨੂੰ ਬਣਨ ਤੋਂ ਬਾਅਦ ਉਸ ਨੂੰ ਕੁਝ ਚਿਰ ਲਈ ਚੁੱਲੇ ਉੱਤੇ ਹੀ ਤਿਆਰ ਹੋਣ ਦਿੱਤਾ ਜਾਂਦਾ, ਜਦ ਖਾਣਾ ਹੁੰਦਾ ਤਾਂ ਰਸੋਈ ਵਿੱਚੋਂ ਮੱਖਣੀ ਦਾ ਭਰਿਆ ਕੌਲਾ (ਛੰਨਾ) ਕੱਢ ਕੇ ਵਿੱਚ ਮੱਖਣੀ ਪਾ ਕੇ ਰੋਟੀਆਂ ਨਾਲ ਖਾਧਾ ਜਾਂਦਾ। ਉਸ ਸਮੇਂ ਹਰੇਕ ਘਰ ਦੁੱਧ, ਘਿਉ, ਮੱਖਣ, ਦਹੀਂ, ਲੱਸੀ ਵਾਧੂ ਹੁੰਦੇ।ਬਹੁਤੇ ਲੋਕ ਤਾਂ ਦੇਸੀ ਘਿਉ ਪਾ ਕੇ ਹੀ ਸਾਗ ਖਾਂਦੇ ਤੇ ਕਈ ਮੱਖਣ ਪਾ ਕੇ। ਪਿੰਡਾਂ ਦਾ ਇੱਕ ਹੋਰ ਬੜਾ ਰਿਵਾਜ ਸੀ ਕੇ ਜਿਸ ਘਰੇ ਵੀ ਪ੍ਰਹੁਣੇ ਆਉਂਦੇ ਸਨ ਹੋਰ ਭਾਵੇਂ ਕਈ ਸਬਜੀਆਂ ਬਣੀਆਂ ਹੋਣ ਪਰ ਪ੍ਰਹੁਣਿਆਂ ਦੇ ਵਾਸਤੇ ਸਪੈਸ਼ਲ ਸਾਗ ਵੀ ਬਣਾਇਆਂ ਜਾਂਦਾ, ਮੱਕੀ ਦੀਆਂ ਰੋਟੀਆਂ ਵੀ ਪਕਾਈਆਂ ਜਾਂਦੀਆਂ ਤੇ ਬੜੇ ਪਿਆਰ ਚਾਅ ਮਲਾਰ ਸਾਹਿਤ ਘਿਉ, ਮੱਖਣ ਪਾ ਕੇ ਸਾਗ ਖਾਧਾ ਜਾਂਦਾ ਸੀ।

ਅੱਜ ਭਾਵੇਂ ਵੱਡੇ ਵੱਡੇ ਹੋਟਲਾ, ਢਾਬਿਆਂ ਅਤੇ ਖਾਸ ਕਰ ਵਿਆਹਾਂ ਵਿੱਚ ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ ਮਿਲ ਜਾਂਦੀ ਹੈ ਪਰ ਉਸ ਵਿੱਚ ਬੇਬੇ ਦਾ ਪਿਆਰ, ਰਿਸਤਿਆਂ ਦੀ ਨਿੱਘ, ਪਿਆਰ ਦੀ ਮਹਿਕ ਨਹੀ ਆਉਂਦੀ ਉਹ ਤਾਂ ਸਭ ਨਕਲੀ ਹੈ। ਉਸ ਸਾਗ ਵਰਗਾ ਸੁਆਦ ਹੋਟਲਾ, ਢਾਬਿਆਂ ਤੇ ਕਦੇ ਨਹੀ ਮਿਲਦਾ। ਉਸ ਸਮੇ ਭਾਵੇਂ ਘਰਾਂ ਵਿੱਚ ਬਿਜਲੀ ਤੇ ਫਰਿੱਜਾਂ ਨਹੀ ਸਨ ਪਰ ਰਸੋਈ ਵਿੱਚ ਬਣੀ ਜਾਲੀ ਵਾਲੀ ਅਲਮਾਰੀ ਵਿੱਚ ਪਿਆ ਸਾਗ ਦੋ ਤਿੰਨ ਦਿਨ ਤੱਕ ਖਾਧਾ ਜਾਂਦਾ ਸੀ ਤੇ ਉਸ ਦਾ ਸੁਆਦ ਵੀ ਨਹੀ ਸੀ ਬਦਲਦਾ, ਅੱਜ ਕੱਲ ਤਾਂ ਫਰਿੱਜਾਂ ਵਿੱਚ ਚੀਜ਼ਾਂ ਰੱਖ ਰੱਖ ਕੇ ਚੀਜਾਂ ਦਾ ਅਸਲੀ ਰੂਪ ਹੀ ਬਦਲਾ ਦਿੱਤਾ ਜਾਂਦਾ ਹੈ ਅਤੇ ਸੁਆਦ ਵੀ ਹੋਰ ਦਾ ਹੋਰ ਹੋ ਜਾਂਦਾ ਹੈ।

ਸੋ ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ ਸਾਡੇ ਪੰਜਾਬੀ ਸੱਭਿਆਚਾਰ ਵਿਰਸੇ ਨਾਲ ਜੁੜੀ ਸੀ ਜੁੜੀ ਹੈ ਤੇ ਹਮੇਸ਼ਾ ਜੁੜੀ ਰਹੇਗੀ। ਇਸ ਦੀ ਥਾਂ ਕੋਈ ਹੋਰ ਨਹੀ ਲੈ ਸਕਦਾ ਰੱਬ ਕਰੇ ਇਸ ਦਾ ਪੰਜਾਬੀ ਵਿਰਸੇ ਵਿੱਚ ਮਾਣ ਸਤਿਕਾਰ ਇਸੇ ਤਰਾਂ ਹੀ ਬਣਿਆ ਰਹੇ।

# ਚਾਈਨਾ ਡੋਰ ਤੇ ਲੱਗੇ ਪੂਰਨ ਪਾਬੰਦੀ



ਸੰਜੀਵ ਸਿੰਘ ਸੈਣੀ
78889-66168

ਪੁਰਾਣੇ ਸਮੇਂ ਵਿਚ ਰਾਜੇ ਮਹਾਰਾਜੇ ਵੀ ਪਤੰਗਬਾਜ਼ੀ ਦਾ ਬਹੁਤ ਸ਼ੌਕ ਰੱਖਦੇ ਸਨ ਤੇ ਸੂਤ ਦੇ ਧਾਗਿਆਂ ਨਾਲ ਪਤੰਗਾਂ ਉਡਾਈਆਂ ਜਾਂਦੀਆਂ ਸਨ। ਪਰ ਅੱਜਕੱਲ੍ਹ ਸਮਾਂ ਬਦਲ ਗਿਆ ਹੈ। ਚਾਈਨਾ ਡੋਰ ਤੇ ਪਾਬੰਦੀ ਤਾਂ ਹੈ, ਪਰ ਫ਼ਿਰ ਵੀ ਧੜੱਲੇ ਨਾਲ ਇਸ ਦੀ ਦੁਰਵਰਤੋਂ ਹੋ ਰਹੀ ਹੈ। ਦੁਕਾਨਾਂ ਤੇ ਆਮ ਵਿਕਦੀ ਹੋਈ ਦੇਖੀ ਜਾ ਸਕਦੀ ਹੈ। ਹਾਲ ਹੀ ਵਿੱਚ ਖਬਰ ਪੜ੍ਹਨ ਨੂੰ ਮਿਲੀ ਕਿ ਰੋਪੜ ਵਿਖੇ ਇੱਕ ਛੋਟੀ ਉਮਰ ਦਾ ਮੁੰਡਾ ਚਾਈਨਾ ਡੋਰ ਦੀ ਲਪੇਟ ਵਿੱਚ ਆ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਹਾਲਾਂਕਿ ਪ੍ਰਸ਼ਾਸਨ ਨੇ ਕਿਹਾ ਕਿ ਦੁਕਾਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।ਅੱਜ ਕੱਲ੍ਹ ਤਾਂ ਚਾਈਨਾ ਡੋਰ ਨਾਲ ਲੋਕ ਪਤੰਗ ਉਡਾਉਂਦੇ ਹਨ, ਜੋ ਬਹੁਤ ਹੀ ਜਿਆਦਾ ਨੁਕਸਾਨਦਾਇਕ ਹੈ। ਜਿਥੇ ਵੀ ਚਾਈਨਾ ਡੋਰ ਸ਼ਰੀਰ ਨਾਲ ਛੂੰਹਦੀ ਹੈ, ਉੱਥੇ ਜ਼ਖ਼ਮ ਕਰ ਦਿੰਦੀ ਹੈ। ਰਾਹਗੀਰਾਂ ਦੇ ਜ਼ਖਮੀ ਹੋਣ ਦਾ ਸਿਲਸਿਲਾ ਲਗਾਤਾਰ ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ।ਹਰ ਸਾਲ ਅਸੀਂ ਸੁਣਦੇ ਵੀ ਹਾਂ ਕਿ ਚਾਇਨਾ ਡੋਰ ਨਾਲ ਕਿੰਨੇ ਪੰਛੀਆਂ ਦੀ ਮੌਤ ਵੀ ਹੋ ਜਾਂਦੀ ਹੈ।ਹੁਣ ਤਾਂ ਲੋਕ ਆਨਲਾਈਨ ਵੀ ਚਾਈਨਾ ਡੋਰ ਨੂੰ ਮੰਗਵਾ ਲੈਂਦੇ ਹਨ।ਜੋ ਚਾਈਨਾ ਡੋਰ ਹੁੰਦੀ ਹੈ ਇਹ ਸਿੰਥੈਟਿਕ, ਨਾਈਲੋਨ, ਪਲਾਸਟਿਕ ਧਾਗੇ ਦੀ ਬਣੀ ਹੁੰਦੀ ਹੈ। ਪਿੱਛੇ ਜਿਹੇ ਬਟਾਲਾ ਸ਼ਹਿਰ



ਵਿਚ ਅਜਿਹੀ ਵਾਰਦਾਤ ਹੋਈ ਕਿ ਬੱਚਾ ਡੋਰ ਦੀ ਲਪੇਟ ਵਿਚ ਆ ਕੇ ਅੱਸੀ ਪ੍ਰਤੀਸ਼ਤ ਜ਼ਖ਼ਮੀ ਹੋ ਗਿਆ। ਖ਼ਬਰ ਵੀ ਪੜੀ ਕਿ ਕਿਸੇ ਪਿੰਡ ਵਿੱਚ ਬੱਚਾ ਪਤੰਗ ਉਡਾਉਂਦਾ ਹੋਇਆਂ ਟੋਭੇ ਵਿਚ ਜਾ ਡੁੱਬਿਆ।ਅਕਸਰ ਘਰ ਦੀਆਂ ਛੱਤਾਂ ਤੋਂ ਵੀ ਬੱਚੇ ਪਤੰਗ ਉਡਾਉਂਦੇ ਹੋਏ ਨੀਚੇ ਡਿੱਗ ਕੇ ਆਪਣੀਆਂ ਲੱਤਾਂ ਬਾਹਾਂ ਤੜਵਾ ਲੈਂਦੇ ਹਨ। ਕਈ ਵਾਰ ਲੋਕ ਇਸ ਨੂੰ ਅਜਿਹੀ ਜਗ੍ਹਾ ਸੁੱਟ ਦਿੰਦੇ ਹਨ ਤੇ ਪੰਛੀ ਚੋਗਾ ਚੁਗਦੇ ਹੋਏ ਇਸ ਵਿੱਚ ਫਸ ਜਾਂਦੇ ਹਨ ਤੇ ਉਨ੍ਹਾਂ ਦੇ ਪੈਰਾਂ ਤੇ ਗਰਦਨ ਵਿੱਚ ਡੋਰ ਫਸਣ ਕਾਰਨ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਅਕਸਰ ਜਦੋਂ ਸ਼ਾਮ ਦਾ ਵੇਲਾ ਹੁੰਦਾ ਹੈ ਤਾਂ ਪੰਛੀ ਆਪਣੇ ਘਰਾਂ ਨੂੰ ਪਰਤ ਰਹੇ ਹੁੰਦੇ ਹਨ ਤਾਂ ਜਦੋਂ ਪਤੰਗ ਉਡ ਰਹੀ ਹੁੰਦੀ ਹੈ ਤਾਂ ਉਹ ਪੰਛੀ ਡੋਰ ਦੇ ਲਪੇਟ ਵਿੱਚ ਆ ਜਾਂਦੇ ਹਨ। ਜਿਸ ਕਾਰਨ ਪੰਛੀ ਵੀ ਝੁਲਸ ਜਾਂਦੇ ਹਨ। ਪ੍ਰਸ਼ਾਸ਼ਨ ਨੂੰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਅਜਿਹੇ ਦੁਕਾਨਦਾਰ ਜੋ ਡੋਰ ਵੇਚਦੇ ਹਨ, ਉਨਾਂ ਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਮਾਂ ਬਾਪ ਨੂੰ ਵੀ ਆਪਣੇ ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਇਹ ਖਤਰਨਾਕ ਡੋਰ ਨੁਕਸਾਨਦਾਇਕ ਹੈ।ਅਕਸਰ ਅਸੀਂ ਦੇਖਦੇ ਹਾਂ ਕਿ ਕਈ ਮਾਂ-ਬਾਪ ਵੀ ਬੱਚਿਆਂ ਦੀ ਜਿੱਦ ਅੱਗੇ ਝੁਕ ਜਾਂਦੇ ਹਨ ,ਪਰ ਇਹ ਬਿਲਕੁਲ ਗਲਤ ਹੈ। ਸਮਾਜ ਵੱਲੋਂ ਵੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਜ਼ਿਲ੍ਹਾ ਪੱਧਰ ਤੇ ਜਾਂ ਸਕੂਲਾਂ ਵਿੱਚ ਪ੍ਰਿੰਸੀਪਲਾਂ ਵੱਲੋਂ ਸੈਮੀਨਾਰ ਲਗਾ ਕੇ ਬੱਚਿਆਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਨੁਮਾਇੰਦਿਆਂ ਵੱਲੋਂ ਵੀ ਲੋਕ ਸਭਾ ਵਿੱਚ ਇਹ ਮੁੱਦਾ ਬੜੇ ਹੀ ਜ਼ੋਰ ਸ਼ੋਰ ਨਾਲ ਚੁੱਕਣਾ ਚਾਹੀਦਾ ਹੈ। ਗੁਆਂਢੀ ਦੇਸ਼ ਪਾਕਿਸਤਾਨ ਦੇ ਲਾਹੌਰ ਵਿੱਚ ਪੂਰਨ ਤੌਰ ਤੇ ਪਤੰਗ ਉਡਾਉਣ ਤੇ ਪਾਬੰਦੀ ਹੈ। ਆਓ ਰਲ-ਮਿਲ ਕੇ ਇਸ ਸਮੱਸਿਆ ਦੇ ਹੱਲ ਲਈ ਯਤਨ ਕਰੀਏ।

# ਰੰਗ ਕੈਨੇਡਾ ਦੇ



ਸੁਰਜੀਤ ਮਜਾਰੀ
91-98721-93237

ਦੋਵਾਂ ਬੱਚਿਆਂ ਨੂੰ ਕੈਨੇਡਾ ਗਏ ਸਾਢੇ ਚਾਰ ਸਾਲ ਹੋ ਗਏ ਹਨ। ਕਈ ਚਿਰ ਦੀ ਉਡੀਕ ਤੋਂ ਬਾਅਦ ਉਹਨਾਂ ਨੂੰ ਮਿਲਣ ਜਾਣ ਦਾ ਸਬੱਬ ਬਣਿਆਂ। ਜਾਣ ਵੇਲੇ ਬੱਚਿਆਂ ਨੂੰ ਮਿਲਣ ਦਾ ਪੂਰਾ ਚਾਅ ਸੀ। ਇਸ ਚਾਅ ਦੇ ਨਾਲ ਮਨ 'ਚ ਕੁਝ ਸਵਾਲ ਵੀ ਸਨ। ਇਹਨਾਂ 'ਚ ਉੱਥੋਂ ਦੀ ਭਾਸ਼ਾ ਨਾਲ ਵਾਹ ਪੈਣ, ਆਉਣ ਜਾਣ ਵਾਲੇ ਰਸਤੇ ਜਾਣਨ, ਬਜ਼ਾਰ 'ਚ ਖ਼੍ਰੀਦੋ ਫਰੋਖ਼ਤ ਕਰਨ ਅਤੇ ਖਾਸ ਤੌਰ 'ਤੇ ਘਰ 'ਚ ਕੱਲ੍ਹਿਆਂ ਸਮਾਂ ਗੁਜ਼ਾਰਨ ਆਦਿ ਬਾਰੇ ਫ਼ਿਕਰਮੰਦੀ ਸ਼ਾਮਲ ਸਨ। ਅਸੀਂ ਪਤੀ ਪਤਨੀ ਇੱਧਰਲੇ ਕੰਮ ਕਾਜ ਨੂੰ ਮੁੱਖ ਰੱਖਦਿਆਂ ਸਿਰਫ਼ ਮਹੀਨੇ ਦਾ ਪ੍ਰੋਗਰਾਮ ਬਣਾ ਕੇ ਤੁਰ ਪਏ। ਬੱਚਿਆਂ ਦੇ ਦੱਸੇ ਮੁਤਾਬਿਕ ਅਸੀਂ ਦਿੱਲੀਂ ਤੋਂ ਟਰੰਟੋਂ ਸਿੱਧੀ ਫ਼ਲੈਟ ਵਾਲਾ ਜਹਾਜ ਹੀ ਲਿਆ। ਉਹਨਾਂ ਦਾ ਕਹਿਣ ਸੀ ਕਿ ਪਹਿਲੀ ਵਾਰ ਆਉਣ ਕਰਕੇ ਟੁੱਟਵੇਂ ਰੂਟ 'ਚ ਕੋਈ ਪ੍ਰੇਸ਼ਾਨੀ ਨਾ ਹੋਵੇ।

ਅਸੀਂ ਇਧਰ ਦੇ ਰਾਤ ਬਾਰਾਂ ਵਜੇ ਤੁਰ ਕੇ ਉੱਧਰ ਦੀ ਸਵੇਰ ਦੇ ਪੰਜ ਵਜੇ ਲੈਂਡ ਕਰ ਗਏ। ਏਅਰਪੋਰਟ ਤੋਂ ਬਾਹਰ ਦੇਖਿਆ ਤਾਂ ਬੱਚੇ ਉਡੀਕ ਕਰ ਰਹੇ ਸਨ। ਸਾਨੂੰ ਲੈ ਕੇ ਉਹਨਾਂ ਨੇ ਜਿਉਂ ਹੀ ਗੱਡੀ ਸੜਕ 'ਤੇ ਪਾਈ ਤਾਂ ਆਲਾ ਦੁਆਲਾ ਦੇਖ ਕੇ ਨਵੀਂ ਦੁਨੀਆ 'ਚ ਆ ਗਏ ਲੱਗੇ। ਵੀਡੀਓ ਗੇਮਾਂ 'ਚ ਦੇਖੇ ਦ੍ਰਿਸ਼ਾਂ ਵਾਂਗ ਗੱਡੀਆਂ ਦੀਆਂ ਕਈ ਕਈ ਕਤਾਰਾਂ, ਇੱਕੋਂ ਰਾਹੇ ਉੱਪਰ ਥੱਲੇ ਕਈ ਕਈ ਵਲ ਖਾਂਦੇ ਪੁਲ ਦੇਖ ਕੇ ਹੈਰਾਨੀ ਵੀ ਹੋਈ। ਨਾ ਹੌਰਨਾਂ ਦਾ ਸ਼ੋਰ ਸ਼ਰਾਬਾ, ਨਾ ਗੱਡੀਆਂ ਦਾ ਕੋਈ ਖੜਾਕਾ ਅਤੇ ਨਾ ਹੀ ਕੋਈ ਧੂੰਆਂ ਰੌਲੀ। ਕਿਸੇ ਗੱਡੀ 'ਚੋਂ ਸਪੀਕਰ ਦੀ ਅਵਾਜ਼ ਨੀ ਆਈ। ਇਸ ਦੌਰਾਨ ਪਤਾ ਨੀ ਹੀ ਲੱਗਾਂ ਕਦੋਂ ਸੜਕਾਂ ਦੇ ਜਾਲ 'ਚੋਂ ਨਿਕਲ ਕੇ ਅਸੀਂ ਬਰਿੰਮਟਨ ਸ਼ਹਿਰ 'ਚ ਉਹਨਾਂ ਦੀ ਰਿਹਾਇਸ਼ 'ਤੇ ਪੁੱਜ ਗਏ।



ਚਾਹ ਨਾਲ ਗਰਮਾ ਗਰਮ ਪਕੌੜੇ ਹਾਜ਼ਰ ਸਨ ਅਤੇ ਵੇਸਣ ਦੇ ਲੱਡੂ ਵੀ। ਥੋੜਾ ਅਰਾਮ ਕਰਨ ਲਈ ਕਹਿ ਕੇ ਬੱਚੇ ਘਰ ਵਰਤੋਂ ਵਾਲਾ ਕੁਝ ਹੋਰ ਸਮਾਨ ਲੈਣ ਬਜ਼ਾਰ ਚਲੇ ਗਏ। ਅਸੀਂ ਸਾਹਮਣੇ ਵਾਲੀ ਤਾਕੀ 'ਚ ਖੜ੍ਹ ਕੇ ਬਾਹਰ ਝਾਤੀ ਮਾਰੀ ਤਾਂ ਦੂਰ ਤੱਕ ਸਾਰੇ ਮੁਹੱਲੇ 'ਚ ਸੁੰਨ ਪਸਰੀ ਦਿੱਸੀ। ਦੋਹੀਂ ਪਾਸੀਂ ਬਣੇ ਪੱਚੀ ਤੀਹ ਘਰਾਂ ਤੱਕ ਬਾਹਰ ਖੜ੍ਹੀਆਂ ਗੱਡੀਆਂ ਦਾ ਵੀ ਕੋਈ ਅੰਤ ਨਹੀਂ ਸੀ। ਇੰਨੇ ਘਰਾਂ ਅਤੇ ਗੱਡੀਆਂ ਵਾਲੀ ਆਬਾਦੀ 'ਚ ਇਸ ਕਦਰ ਸਾਂਤੀ ਦੇਖ ਕੇ ਹੈਰਾਨੀ ਹੋਈ। ਜਦੋਂ ਖਾਣੇ ਤੋਂ ਬਾਅਦ ਬਾਹਰ ਟਹਿਲਣ ਲਈ ਨਿਕਲੇ ਤਾਂ ਨਾਲ ਹੀ ਬਣੀ ਵੱਡੀ ਪਾਰਕ 'ਚ ਬਜ਼ੁਰਗ ਆਪਣੇ ਛੋਟੇ ਛੋਟੇ ਬੱਚਿਆਂ ਨੂੰ ਖਿਡਾ ਰਹੇ ਸਨ। ਇਹਨਾਂ ਪਾਰਕਾਂ ਨੂੰ ਬਜ਼ੁਰਗਾਂ ਦੇ ਆਪਸ 'ਚ ਰਲਮਿਲ ਬੈਠ ਕੇ ਦੁੱਖ ਸੁੱਖ ਕਰਨ ਦਾ ਟਿਕਾਣਾ ਵੀ ਕਿਹਾ ਜਾਂਦਾ। ਦੂਜੇ ਦਿਨ ਹੀ ਬੱਚਿਆਂ ਨੇ ਸਾਨੂੰ ਘੁਮਾਉਂਣਾ ਸ਼ੁਰੂ ਕਰ ਦਿੱਤਾ। ਅਸੀਂ ਜਿੱਥੇ ਵੀ ਗਏ ਚਾਹੇ ਉਹ ਰੇਲ ਗੱਡੀ ਜਾਂ ਬੱਸ ਦਾ ਸਫ਼ਰ ਸੀ, ਚਾਹੇ ਉਹ ਬਾਜ਼ਾਰ ਸੀ ਅਤੇ ਚਾਹੇ ਕੋਈ ਪਿਕਨਿਕ ਜਾਂ ਯਾਦਗਾਰੀ ਸਥਾਨ ਹਰ ਪਾਸੇ ਨਿਯਮਾਂ ਦੀ ਪਾਲਣਾ ਅਤੇ ਇੱਕ ਦੂਜੇ ਦੇ ਅਦਬ ਲਈ ਹਰ ਕੋਈ ਫ਼ਰਜ ਨਿਭਾਉਂਦਾ ਨਜ਼ਰ ਆਇਆ। ਸਾਰੀਆਂ ਥਾਵਾਂ 'ਤੇ ਹਰ ਕੋਈ ਕਤਾਰ 'ਚ ਲੱਗ ਕੇ ਆਪਣੀ ਵਾਰੀ ਨਾਲ ਭੁਗਤ ਰਿਹਾ ਸੀ। ਹਰ ਕੋਈ ਆਪ ਤੋਂ ਪਿਛਲੇ ਲਈ ਦਰਵਾਜਾ ਖੋਲ੍ਹਦਾ ਸੀ। ਦਰਵਾਜਾ ਖੋਲ੍ਹਣ ਦੇ ਇਵਜ ਵਜੋਂ ਅਗਲਾ ਜਣਾ ਧੰਨਵਾਦ ਆਖ ਰਿਹਾ ਸੀ। 'ਪਲੀਜ਼' ਕਹਿਣ ਦੀ ਨਰਮਾਈ ਨਾਲ ਸਨਮਾਨ ਦਾ ਭਰਪੂਰ ਅਦਾਨ ਪ੍ਰਦਾਨ ਕੀਤਾ ਜਾ ਰਿਹਾ ਸੀ। ਚਾਰ ਚੁਫ਼ੇਰੇ ਵਸੀ ਸਹਿਜਤਾ ਲੋਕਾਂ ਦੇ ਚੇਹਰਿਆਂ 'ਤੇ ਅਪਣੱਤ ਦੀ ਤਰਜਮਾਨ ਹੋਣ ਦਾ ਸਬੂਤ ਦੇ ਰਹੀ ਸੀ। ਇੱਥੋਂ ਦੀ ਆਦਤ ਵਾਂਗ ਅਸੀਂ ਉੱਥੇ ਵੀ ਸਵੇਰ ਦੀ ਸੈਰ ਨੀ ਛੱਡੀ। ਜਦੋਂ ਪਹਿਲੀ ਵਾਰ ਸੈਰ ਨੂੰ ਨਿਕਲੇ ਤਾਂ ਸੜਕ ਪਾਰ ਕਰਨ ਤੋਂ ਪਹਿਲਾ ਦੋਚਿੱਤੀ ਵਿੱਚ ਅਸੀਂ ਟਰੈਕ ਦੇ ਇੱਕ ਪਾਸੇ ਖੜ੍ਹ ਗਏ। ਉਸੇ ਸੜਕ 'ਤੇ ਆ ਰਹੀ ਗੱਡੀ ਵੀ ਆ ਰੁਕੀ। ਉਸ ਗੱਡੀ ਦੇ ਪਿੱਛੇ ਕੁਝ ਗੱਡੀਆਂ ਹੋਰ ਰੁਕ ਗਈਆਂ। ਅਸੀਂ ਉਹਨਾਂ ਨੂੰ ਚਲੇ ਜਾਣ ਦਾ ਇਸ਼ਾਰਾ ਕੀਤਾ ਪਰ ਉਹ ਨਾ ਤੁਰੇ। ਮੋਹਰਲੀ ਗੱਡੀ ਵਾਲੇ ਨੇ ਹੱਸਦਿਆਂ 'ਗੋ ਪਲੀਜ਼' ਕਹਿੰਦਿਆਂ ਬਾਂਹ ਬਾਹਰ ਕੱਢ ਕੇ ਜਾਣ ਦਾ ਇਸ਼ਾਰਾ ਕੀਤਾ। ਅਸੀਂ ਸੜਕ ਪਾਰ ਕਰ ਲਈ ਅਤੇ ਸਾਡੇ ਤੋਂ ਬਾਅਦ ਸਾਰੀਆਂ ਗੱਡੀਆਂ ਵੀ ਤਰਤੀਬ ਬਣਾ ਕੇ ਅੱਗੇ ਤੁਰ ਪਈਆਂ। ਇਸ ਕਦਰ ਪੈਦਲ ਜਾਣ ਵਾਲਿਆਂ ਨੂੰ ਮਿਲਦੀ ਪਹਿਲ ਦੇਖ ਕੇ ਹੋਰ ਵੀ ਵਧੀਆਂ ਲੱਗਾ। ਅਜਿਹਾ ਹੀ ਅਨੁਭਵ ਬੱਸ ਅਤੇ ਟਰੇਨ 'ਚ ਸਫ਼ਰ ਸਮੇਂ ਵੀ ਹੋਇਆ ਜਿੱਥੇ ਸਵਾਰੀਆਂ ਸੈਲਫ਼ ਸਰਵਿਸ ਕਰਕੇ ਇਮਾਨਦਾਰੀ ਦਾ ਪ੍ਰਮਾਣ ਦੇ ਰਹੀਆਂ ਸਨ। ਇੱਕ ਇਹ ਪੱਖ ਵੀ ਨਿਵੇਕਲਾ ਲੱਗਾ ਕਿ ਘਰਾਂ ਅੱਗੇ ਸਫ਼ਾਈ ਲਈ ਕਾਨੂੰਨ ਨੇ ਮਾਲਕਾਂ ਨੂੰ ਬੱਚਨਬੱਧ ਕੀਤਾ ਹੋਇਆ ਹੈ। ਨਿਯਮਾਂ ਮੁਤਾਬਿਕ ਜੇਕਰ ਕਿਸੇ ਘਰ ਅੱਗੇ ਲੋੜੀਂਦੀ ਸਫ਼ਾਈ 'ਚ ਕੋਈ ਕਮੀ ਲੱਗੇ ਤਾਂ ਜੁਰਮਾਨਾ ਲੱਗਦਾ ਹੈ। ਇਸੇ ਕਰਕੇ ਘਰਾਂ ਅੱਗੇ ਬਣੀਆਂ ਪਾਰਕਾਂ 'ਚ ਮਾਲਕ ਡਿੱਗੇ ਪੱਤਿਆਂ ਨੂੰ ਇਕੱਠੇ ਕਰਦੇ ਦੇਖੇ ਗਏ। ਉਂਜ ਘਰਾਂ ਅੰਦਰੋਂ ਰੋਜ ਦੇ ਕੂੜੇ ਕਰਕਟ ਲੈਣ ਮਿੱਥੀ ਸਮਾਂ ਸਾਰਨੀ ਅਨੁਸਾਰ ਸਰਕਾਰੀ ਅਮਲਾ ਬਾਹਰ ਰੱਖੇ ਬਕਸਿਆਂ ਨੂੰ ਲੈ ਕੇ ਜਾਂਦਾ ਹੈ। ਹਰ ਘਰ ਅੱਗੇ ਦਰਖ਼ਤ ਤੇ ਪਾਰਕ ਦੀ ਹਾਜ਼ਰੀ ਕੁਦਰਤ ਨਾਲ ਪਿਆਰ ਹੋਣ ਦਾ ਪ੍ਰਤੀਕ ਲੱਗਾ।



ਉੱਥੇ ਨਾ ਤਾਂ ਕੋਈ ਸਰਕਾਰੀ ਪ੍ਰਚਾਰ ਦਾ ਬੋਰਡ ਨਜ਼ਰ ਆਇਆ ਨਾ ਹੀ ਕਿਸੇ ਕਿਸਮ ਦਾ ਦਿਖਾਵਾ। ਸਾਰਾ ਕੁਝ ਥਾਂ ਥਾਂ ਲੱਗੇ ਇਸ਼ਾਰਾ ਚਿੰਨ੍ਹਾਂ ਜਾਂ ਸੰਕੇਤਕ ਸਤਰਾਂ ਮੁਤਾਬਿਕ ਆਪ ਮੁਹਾਰੇ ਚੱਲ ਰਿਹਾ ਸੀ। ਬਾਕੀ ਗੱਲਾਂ ਛੱਡੋ ਕੈਨੇਡਾ 'ਚ ਰੁਜ਼ਗਾਰ ਦੇ ਮੌਕਿਆਂ ਦੀ ਕੋਈ ਕਮੀ ਨਹੀਂ ਦਿੱਸੀ। ਜਿਵੇਂ ਸੁਣਿਆਂ ਅਤੇ ਪੜ੍ਹਿਆ ਸੀ ਕਿ ਕੈਨੇਡਾ 'ਚ ਅਜੇ ਬਹੁਤ ਵਿਕਾਸ ਹੋਣ ਬਾਕੀ ਹੈ, ਬਹੁਤ ਥਾਂ ਆਬਾਦ ਹੋਣ ਵਾਲੀ ਹੈ ਅਤੇ ਨਵੇਂ ਕਾਰੋਬਾਰ ਸਥਾਪਤ ਹੋ ਰਹੇ ਹਨ। ਉੱਥੇ ਅੱਖੀਂ ਦੇਖ ਕੇ ਇਹ ਸਾਰਾ ਕੁਛ ਸੱਚ ਲੱਗਾ ਕਿਉਂਕਿ ਉੱਥੇ ਕਾਮਿਆਂ ਦੀ ਕਮੀਂ ਹੋਣ ਕਰਕੇ ਕਈ ਥਾਵਾਂ 'ਤੇ ਹਾਇਰੰਗ ਦੀ ਸੂਚਨਾ ਪੜ੍ਹਣ ਨੂੰ ਮਿਲੀ। ਯੋਗਤਾ ਮੁਤਾਬਿਕ ਮੌਕੇ ਪ੍ਰਦਾਨ ਕਰਨ ਵਾਲਿਆਂ 'ਚ ਕੈਨੇਡਾ ਦੇਸ਼ ਵੀ ਮੋਹਰੀਆਂ ਸਫ਼ਾਂ 'ਚ ਲੱਗਾ। ਇਸ ਦੇ ਵੱਡੇ ਪੱਖ ਵਜੋਂ ਹੀ ਦੂਜੇ ਦੇਸ਼ਾਂ ਤੋਂ ਵਿਦਿਆਰਥੀਆਂ ਦੀ ਭਾਰੀ ਆਮਦ ਨੂੰ ਅਜਿਹੇ ਰੁਜ਼ਗਾਰ ਵਸੀਲਿਆਂ ਦਾ ਹਿੱਸਾ ਬਣਨ ਵਜੋਂ ਮੰਨ ਹੋ ਰਿਹਾ ਹੈ। ਖਾਸ ਜਿਕਰ ਇਹ ਵੀ ਕਰਨਾ ਬਣਦਾ ਕਿ ਉਹਨੀਂ ਦਿਨੀਂ ਬਰਿੰਪਟਨ 'ਚ ਮੇਹਰ, ਕੌਸ਼ਲਰ ਅਤੇ ਹੋਰ ਅਹੁਦਿਆਂ ਲਈ ਚੋਣ ਹੋ ਰਹੀ ਸੀ। ਇੰਨੇ ਸਾਂਤ ਮਾਹੌਲ 'ਚ ਚੋਣ ਪ੍ਰੀਕਿਰਿਆ ਹੁੰਦੀ ਦੇਖ ਕੇ ਬਹੁਤ ਹੈਰਾਨੀ ਹੋਈ। ਨਾ ਕੋਈ ਸਪੀਕਰ ਨਾ ਪੋਸਟਰ ਪ੍ਰਦੂਸ਼ਣ ਅਤੇ ਨਾ ਹੀ ਗੱਡੀਆਂ ਦੀ ਦੌੜ ਦੜਾਈ। ਉਮੀਦਵਾਰਾਂ ਨੇ ਆਪਣੇ ਨਾਂ ਵਾਲੀਆਂ ਛੋਟੀਆਂ ਛੋਟੀਆਂ ਤਖ਼ਤੀਆਂ ਤਿਆਰ ਕਰਕੇ ਮੋੜਾਂ ਨੇੜੇ ਜਮੀਨ 'ਚ ਗੱਡੀਆਂ ਹੋਈਆਂ ਸਨ। ਇਹਨਾਂ ਤਖਤੀਆਂ ਤੇ ਕੋਈ ਤਸਵੀਰ ਨਹੀਂ ਸੀ ਅਤੇ ਨਾ ਹੀ ਕਿਸੇ ਕਿਸਮ ਦਾ ਕੋਈ ਨਿਸ਼ਾਨ ਸੀ। ਸਾਡੇ ਉੱਥੇ ਰਹਿੰਦਿਆਂ ਇਹਨਾਂ ਚੋਣਾਂ ਦਾ ਨਤੀਜਾ ਵੀ ਆ ਗਿਆ ਅਤੇ ਜਿੱਤ ਪ੍ਰਾਪਤ ਕਰਨ ਵਾਲਿਆਂ ਦਾ ਨਾ ਹੀ ਹਾਰਾਂ ਨਾਲ ਲੱਦ ਹੋ ਕੇ ਜੇਤੂ ਜਲੂਸ ਨਿਕਲਦਾ ਦੇਖਿਆ ਅਤੇ ਨਾ ਹੀ ਕਿਸੇ ਕਿਸਮ ਦਾ ਢੋਲ ਢਮੱਕਾ ਵੱਜਿਆ। ਹੁਣ ਤੱਕ ਦੱਸੇ ਇਸ ਵਰਤਾਰੇ ਤੋਂ ਬਿਨਾਂ ਕੈਨੇਡਾ 'ਚ ਚੰਗਾ ਲੱਗਣ ਵਾਲੀਆਂ ਗੱਲਾਂ ਦੀ ਲੜੀ ਬਹੁਤ ਲੰਬੀ ਹੈ। ਪਤਨੀ ਇਹਨਾਂ ਗੱਲਾਂ ਨੂੰ ਕ੍ਰਿਸ਼ਮਾ ਆਖਣ ਲੱਗੀ ਤਾਂ ਮੇਰਾ ਜਵਾਬ ਸੀ ਇਹ ਕੈਨੇਡਾ ਦੇ ਰੰਗ ਹਨ ਜੋ ਕੁਦਰਤ ਦੀ ਰਜਾ 'ਚ ਰਹਿ ਕੇ ਜਨ ਜੀਵਨ ਪ੍ਰਤੀ ਚੰਗੀ ਭਾਵਨਾ ਰੱਖ ਕੇ ਭਰੇ ਗਏ ਹਨ। ਮੇਰੇ ਕਹਿਣ ਤੋਂ ਭਾਵ ਹੈ ਕਿ ਕੈਨੇਡਾ ਦੇ ਇਹਨਾਂ ਰੰਗਾਂ ਦੀ ਸਥਾਪਤੀ ਕਾਨੂੰਨ ਦੀ ਪਾਲਣਾ ਸਦਕਾ ਹੀ ਸੰਭਵ ਹੋਈ ਹੈ। ਇਹੀ ਕਾਰਨ ਹੈ ਕਿ ਉੱਥੇ ਨਾਗਰਿਕਤਾ ਦੇ ਹੱਕ ਵਰਤਣ ਦੇ ਨਾਲ ਫ਼ਰਜਾਂ ਦੀ ਪੂਰਤੀ 'ਚ ਵੀ ਕਿਸੇ ਕਿਸਮ ਦੀ ਕੁਤਾਈ ਨਹੀਂ ਹੋ ਰਹੀ। ਮੁੱਕਦੀ ਗੱਲ ਕਿ ਸਾਡੀ ਜਨਮ ਭੂਮੀਂ ਭਾਰਤ ਲਈ ਅਦਬ ਪਰ ਕੈਨੇਡਾ ਦੇ ਉਕਤ ਰੰਗ ਵੀ ਵਿਲੱਖਣ ਉਦਾਹਰਣ ਹਨ।

# 'ਰੰਗ ਬਰੰਗੀ' ਪੰਜਾਬੀ ਵੈਬ ਸੀਰੀਜ ਦੇ ਸਿਤਾਰੇ

- ਅੰਮ੍ਰਿਤ ਪਵਾਰ



**ਮਾਹਿਰਾ ਖਾਨ ਦੀ ਬੱਲੇ-ਬੱਲੇ**

ਪੂਰੀ ਦੁਨੀਆਂ ਵਿੱਚ ਪੰਜਾਬ ਫ਼ਿਲਮ 'ਲੀਜੈਂਡ ਆਫ ਮੌਲਾ ਜੱਟ' ਨੇ ਰਿਕਾਰਡ ਤੋੜ ਵਪਾਰ ਕੀਤਾ ਹੈ । ਇਸ ਨਾਲ





ਪਾਕਿਸਤਾਨੀ ਅਭਿਨੇਤਰੀ ਮਾਹਿਰਾ ਖਾਨ ਦੀ ਬੱਲੇ-ਬੱਲੇ ਦਰਸ਼ਕਾਂ ਵਿੱਚ ਹੋ ਗਈ ਹੈ। ਸ਼ਾਹਰੁਖ ਖਾਨ ਨਾਲ ਹਿੰਦੀ ਫ਼ਿਲਮ ਵੀ ਕਰ ਚੁੱਕੀ ਮਾਹਿਰਾ ਖਾਨ ਲਈ 'ਮੌਲਾ ਜੱਟ' ਸੌਗਾਤ ਸਾਬਿਤ ਹੋਈ ਹੈ। ਇਸਨੂੰ ਆਖਦੇ ਨੇ ਤਕਦੀਰ!

**ਧੀਰਾ ਗਿੱਲ ਛਾ ਗਿਆ**

ਕਦੇ ਅੰਮ੍ਰਿਤਸਰ ਵਿਖੇ ਸਖ਼ਤ ਸੰਘਰਸ਼ ਗਾਇਕੀ ਲਈ ਕਰਦਾ ਧੀਰਾ ਗਿੱਲ ਅੱਜ ਸਟਾਰ-ਸਿੰਗਰ ਬਣ ਗਿਆ ਹੈ। ਕਨੇਡਾ ਤੇ ਆਸਟਰੇ ਦੀਆਂ ਵਿਖੇ ਉਸਦੇ ਗਾਇਕੀ ਸ਼ੋਅਜ ਸਫ਼ਲ ਰਹੇ ਹਨ। ਸਟੇਜ ਤੇ ਨਾਲੇ ਗੱਲਾਂ-ਨਾਲੇ ਗੀਤ ਉਸਦਾ ਅੰਦਾਜ਼ ਹੀ ਵੱਖਰਾ ਹੈ। ਧੀਰਾ ਗਿੱਲ ਨੂੰ ਵਿਦੇਸ਼ੀ ਪੰਜਾਬੀਆਂ ਨੇ ਬਹੁਤ ਪਿਆਰ ਦਿੱਤਾ ਹੈ।







**ਹੁਮੈਮਾ ਮਲਿਕ ਦੀ ਸੁਣੋ**

ਜਦ ਕੋਈ ਹਿੰਦੀ ਫਿ਼ਲਮ ਨਹੀਂ ਚੱਲ ਰਹੀ ਤੇ ਇਧਰ 'ਬਾਬਿਆਂ' ਦਾ ਭੰਗੜਾ ਵੀ ਪਸੰਦ ਨਹੀਂ ਆਇਆ ਮਤਲਬ ਕਿ ਸਾਡੀਆਂ ਪੰਜਾਬੀ ਫਿ਼ਲਮਾਂ ਦਾ ਬੁਰਾ ਹਾਲ ਹੈ ਤਾਂ ਲਾਲੀਵੁੱਡ ਦੀ 'ਮੌਲਾ ਜੱਟ' ਵਿੱਚ ਹੁਮੈਮਾ ਮਾਲਿਕ ਆ ਕਿ ਛਾ ਗਈ।ਹੁਮੈਮਾ ਕਹਿ ਰਹੀ ਹੈ ਕਿ 'ਮੌਲਾ ਜੱਟ' ਨੇ ਸਾਡੀ ਸਾਰਿਆਂ ਦੀ ਸੁਣ ਲਈ ਹੈ।ਰੱਬ ਮੇਹਰ ਕਰੇ ਸਹੀ ਹੈ।

**ਰਾਜ ਕਾਕੜਾ ਪੰਜਾਬ ਦੀ ਸ਼ਾਨ**

ਰਾਜ ਕਾਕੜਾ ਦੀ ਕਲਮ ਪੰਜਾਬ ਦੇ ਹਿੱਤ ਲਈ





ਚਲਦੀ ਹੈ ਤੇ ਅਵਾਜ਼ ਪੰਜਾਬੀਆਂ ਦਾ ਜ਼ਜ਼ਬਾ ਗਾਉਂਦੀ ਹੈ । ਰਾਜ ਕਾਕੜਾ ਲਈ ਮੇਰਾ ਪੰਜਾਬ ਮੇਰੀ ਜਾਨ ਹੈ। ਕੌਮ ਦਾ ਦਰਦ ਉਸਦੀ ਲੇਖਣੀ ਤੇ ਗਾਇਕੀ ਚੋਂ ਝਲਕਦਾ ਹੈ। ਵਿਦੇਸੀ ਪ੍ਰੋਗਰਾਮਾਂ ਨੇ ਰਾਜ ਕਾਕੜਾ ਦੀ ਗਾਇਕੀ ਕੈਰੀਅਰ ਬੁਲੰਦ ਕਰ ਦਿੱਤਾ ਹੈ ।

**ਅਨੂਜੋਤ ਕੌਰ ਦੀ ਫ਼ਿਲਮੀ ਅਵਾਜ਼**

ਸਾਡੀ ਫ਼ਿਲਮ ਇੰਡਸਟਰੀ ਨੂੰ ਸੂਫ਼ੀ ਰੰਗ ਦ ੀ

ਲੋੜ ਹੈ। ਮਰਦ ਅਵਾਜਾਂ 'ਚੋਂ ਸਤਿੰਦਰ ਸਰਤਾਜ ਲੋੜ ਪੂਰੀ ਕਰ ਰਿਹਾ ਹੈ। ਅਨੂਜੋਤ ਕੌਰ ਨੂੰ ਸੁਣੇ ਪੰਜਾਬੀ ਫਿਲਮਾਂ ਵਾਲਿਉ, ਦੂਜੀ ਰੇਸ਼ਮਾ, ਨੂਰਜਹਾਂ, ਆਸ਼ਾ ਭੌਸਲੇ ਲੱਗੇਗੀ। ਪੰਜਾਬੀ ਫ਼ਿਲਮਾਂ 'ਚ ਸੂਫੀ ਗਾਇਕੀ ਲਈ ਪੂਰੀ ਫਿੱਟ ਹੈ ਅਨੂਜੋਤ ਕੌਰ ਦੀ ਅਵਾਜ਼ ।

**ਲੀਜੈਂਡ ਆਫ਼ ਮੌਲਾ ਜੱਟ**

150 ਕਰੋੜ ਤੇ ਪਾਰ ਦਾ ਵਪਾਰ ਵਿਸ਼ਵ ਭਰ 'ਚ 'ਲੀਜੈਂਡ ਆਫ਼ ਮੌਲਾ ਜੱਟ' ਕਰ ਗਈ ਹੈ। ਸੁਲਤਾਨ ਰਾਹੀ ਦੀ ਰੂਹ ਤੇ ਮੁਸਤਫ਼ਾ ਕੁਰੈਸ਼ੀ ਦੇ ਜ਼ਜ਼ਬਾਤ ਸਿਰ ਮੱਥੇ ਪ੍ਰਵਾਨ ਹੋਏ ਹਨ । ਇਸ ਫ਼ਿਲਮ ਨੇ ਦਰਸਾ ਦਿੱਤਾ ਹੈ ਕਿ ਮਿਹਨਤ ਬਾਲੀਵੁੱਡ ਤੇ ਵੀ ਭਾਰੀ ਪੈਂਦੀ ਹੈ।

# ਗੁਰੂ ਤੇਗ ਬਹਾਦਰ ਸਾਹਿਬ ਜੀ

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰ ਧਰੀਜੈ॥ ਸਿਰ ਦੀਜੈ ਕਾਣਿ ਨ ਕੀਜੈ॥
ਅੰਗ-1412

ਹੇ ਭਾਈ! ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ ਤਾਂ ਸਿਰ ਤਲੀ 'ਤੇ ਰੱਖ ਕੇ ਮੇਰੀ ਗਲੀ ਵਿਚ ਆ। ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ 'ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ ਹੈ ਮਨੁੱਖਤਾ ਦੀ ਭਲਾਈ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜ ਪਵੇ ਤਾਂ ਪਿੱਛੇ ਨਾ ਹਟਿਆ ਜਾਵੇ। ਸਿਰ ਧੜ ਦੀ ਬਾਜ਼ੀ ਲਾ ਕੇ ਸ਼ਹੀਦ ਹੋਣਾ ਹੈ। ਸਿੱਖ ਧਰਮ ਵਿਚ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਕੁਰਬਾਨੀਆਂ ਦਰਜ ਹਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਲਈ ਅਤੇ ਰੱਖਿਆ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਹਨ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਦੁਨੀਆਂ ਦੇ ਇਤਿਹਾਸ ਵਿਚ ਤਿਆਗ, ਸੇਵਾ, ਤਪ, ਸੰਜਮ ਅਤੇ ਬਹਾਦਰੀ ਦੀਆਂ ਅਨੇਕ ਮਿਸਾਲਾਂ ਮਿਲ ਸਕਦੀਆਂ ਹਨ, ਪਰ ਸਿੱਖ ਇਤਿਹਾਸ ਵਿਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਸੰਦਰਭ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਮਿਸਾਲ ਹੈ।

ਗੁਰੂ ਅਰਜਨ ਦੇਵ ਸਾਹਿਬ ਜੀ ਦੀ ਲਾਸਾਨੀ ਸ਼ਹੀਦੀ ਤੋਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਫੌਜੀ ਤਾਕਤ ਦਾ ਖਤਰਾ ਹੋ ਗਿਆ ਤਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਉਣ ਵਾਲੇ ਟਕਰਾਅ ਲਈ ਕੌਮ ਨੂੰ ਤਿਆਰ ਕਰਨ ਲਈ ਆਪਣੀ ਅਦੁੱਤੀ ਸ਼ਹਾਦਤ ਦੀ ਮਿਸਾਲ ਪੈਦਾ ਕੀਤੀ। ਅੱਗੇ ਜਾ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਕੁਰਬਾਨੀਆਂ ਦਾ ਚਾਅ ਅਤੇ ਜੋਸ਼ ਭਰਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਗੁਰਪਿਤਾ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇਕ ਭੈਣ ਤੋਂ ਛੋਟੇ ਸਨ। ਆਪ ਜੀ ਨੇ 9 ਸਾਲ ਤੱਕ ਦੀ ਉਮਰ ਅੰਮ੍ਰਿਤਸਰ ਵਿਚ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿੱਡਰ ਅਤੇ ਤਿਆਗੀ ਸਨ। ਆਪ ਜੀ ਨੇ ਗੁਰਬਾਣੀ ਅਤੇ ਪ੍ਰਭੂ ਪਿਆਰ ਵਿਚ ਲੀਨ ਹੋ ਕੇ ਆਪਣੀਆਂ ਖਾਹਿਸ਼ਾਂ 'ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿੱਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ ਵਿਚ ਘੋੜ ਸਵਾਰੀ ਦੇ ਨਿਪੁੰਨ ਸਨ। ਗੁਰਪਿਤਾ ਹਰਿਗੋਬਿੰਦ ਸਾਹਿਬ ਜੀ ਵੱਲੋਂ ਲੜੀ ਕਰਤਾਰਪੁਰ ਦੀ ਜੰਗ ਵਿਚ ਆਪ ਜੀ ਨੇ ਅਜਿਹੇ ਜੌਹਰ ਵਿਖਾਏ ਕਿ ਆਪ ਦਾ ਨਾਂ ਤਿਆਗ ਮੱਲ ਤੋਂ ਤੇਗ ਬਹਾਦਰ ਹੋ ਗਿਆ। ਆਪ ਜੀ ਦਾ ਵਿਆਹ ਕਰਤਾਰਪੁਰ, ਜਲੰਧਰ ਨਿਵਾਸੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਹੋਇਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵੱਸੇ ਗਰਾ ਬੁਕਾਲੇ' ਦਾ ਇਸ਼ਾਰਾ ਦਿੱਤਾ। ਇਸਨੂੰ ਇਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਅੰਤ ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਪ੍ਰਗਟ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭ ਕੀਤੇ। ਆਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਹਾਕਮ ਔਰੰਗਜੇਬ ਨੇ ਗੈਰ-ਮੁਸਲਮਾਨਾਂ 'ਤੇ ਜਬਰੀ ਧਰਮ ਪਰਿਵਰਤਨ ਦੀ ਖੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿਚ ਔਰੰਗਜ਼ੇਬ ਤੇ ਸਤਾਏ ਹੋਏ ਕਸ਼ਮੀਰੀ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਜੀ ਦੀ ਸ਼ਰਨ ਹੇਠ ਆਏ ਤੇ ਫਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਸਨ ਕਿ ਔਰੰਗਜ਼ੇਬ ਨੇ ਜ਼ੁਲਮਾਂ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਜੀ ਨੇ ਦ੍ਰਿੜ੍ਹ ਕਰਵਾਇਆ ਕਿ 'ਨਾ ਕਿਸੇ ਨੂੰ ਡਰਾਓ, ਨਾ ਕਿਸੇ ਤੋਂ ਡਰੋ।' ਔਰੰਗਜੇਬ ਨੇ ਗੁਰੂ ਜੀ ਨੂੰ ਤਲਬ ਕਰ ਲਿਆ।

ਗੁਰੂ ਜੀ ਨੂੰ ਆਗਰੇ ਤੋਂ ਗ੍ਰਿਫਤਾਰ ਕਰ ਲਿਆ ਗਿਆ। ਫੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਜੀ ਨਾਲ ਗਏ ਸਿੱਖਾਂ ਭਾਈ ਮਤੀ ਦਾਸ, ਭਾਈ ਦਿਆਲਾ ਅਤੇ ਭਾਈ ਸਤੀ ਦਾਸ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਜੀ ਨੂੰ ਮੁਸਲਮਾਨ ਬਣਨ ਤੇ ਲਾਲਚ ਦਿੱਤੇ ਗਏ। ਫਿਰ ਡਰਾਵੇ ਅਤੇ ਕਤਲ ਕਰਨ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈਅ-ਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ। ਭਾਈ ਦਿਆਲਾ ਜੀ ਨੂੰ ਉਬਲਦੀ ਵਲਟੋਹੀ ਵਿਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਦਿਆਂ ਸ਼ਹੀਦ ਕੀਤੀ। ਗੁਰੂ ਜੀ ਅਡੋਲ ਰਹੇ। ਇਹ ਅਣਮਨੁੱਖੀ ਤਸ਼ੱਦਦ ਵੀ ਗੁਰੂ ਜੀ ਦੇ ਨਿਸਚੇ ਨੂੰ ਡੋਗ ਨਹੀਂ ਸਕਿਆ।

ਅੰਤ 24 ਨਵੰਬਰ 1675 ਨੂੰ ਚਾਂਦਨੀ ਚੌਂਕ ਦਿੱਲੀ ਵਿਚ ਸੀਸ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ। ਜਿੱਥੇ ਗੁਰਦੁਆਰਾ ਸੀਸ ਗੰਜ ਦਿੱਲੀ ਸਸ਼ੋਭਿਤ ਹੈ। ਔਰੰਗਜੇਬ ਦਾ ਹੁਕਮ ਸੀ ਕਿ ਗੁਰੂ ਜੀ ਦੇ ਸਰੀਰ ਨੂੰ ਟੁਕੜੇ ਟੁਕੜੇ ਕਰਕੇ ਸ਼ਹਿਰ ਵਿਚ ਥਾਂ-ਥਾਂ ਲਟਕਾ ਦਿੱਤਾ ਜਾਵੇ। ਔਰੰਗਜੇਬ ਦੇ ਇਸ ਜ਼ੁਲਮ ਨੂੰ ਵੇਖ ਕੇ ਲੋਹ ਕਰਾਹ ਉਠੇ ਕਿ ਇਕ ਸੰਤ ਨੂੰ ਕਿਵੇਂ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ ਹੈ। ਲੋਕਾਂ ਵਿਚ ਇਹ ਜ਼ੁਲਮ ਵੇਖ ਕੇ ਭਗਦੜ ਮੱਚ ਗਈ। ਇਸੇ ਵਿਚ ਸ਼ਰਧਾਲੂ ਸਿੱਖ ਭਾਈ ਜੈਤਾ ਜੀ (ਰੰਗਰੇਟਾ ਜਗਜੀਵਨ ਸਿੰਘ) ਨੇ ਗੁਰੂ ਜੀ ਦੇ ਸੀਸ ਨੂੰ ਬੜੀ ਸ਼ਰਧਾ ਭਾਵਨਾ ਨਾਲ ਸਾਂਭ ਕੇ ਆਨੰਦਪੁਰ ਪਹੁੰਚਾਇਆ। ਉਥੇ ਸੀਸ ਦਾ ਸਸਕਾਰ ਕੀਤਾ ਗਿਆ, ਜਿੱਥੇ ਗੁਰਦੁਆਰਾ ਸੀਸ ਗੰਜ ਆਨੰਦਪੁਰ ਸਾਹਿਬ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਆਪਣੇ ਗਲ਼ ਨਾਲ ਲਾ ਕੇ 'ਰੰਗਰੇਟਾ ਗੁਰੂ ਕਾ ਬੇਟਾ' ਦਾ ਵਰ ਦਿੱਤਾ। ਭਾਈ ਲੱਖੀ ਸ਼ਾਹ ਵਣਜਾਰ ਅਤੇ ਭਾਈ ਉਦੈ ਜੀ ਨੇ ਵਿਉਂਤ ਲਗਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਆਪਣਾ ਘਰ ਜਲਾ ਕੇ ਕੀਤਾ ਤਾਂ ਜੋ ਸਰਕਾਰ ਨੂੰ ਖਬਰ ਨਾ ਹੋਵੇ। ਉਥੇ ਗੁਰਦੁਆਰਾ ਰਕਾਬਗੰਜ ਦਿੱਲੀ ਸੁਸ਼ੋਭਿਤ ਹੈ। ਮਾਰਚ 29, 1679 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦ ਦਸਵੇਂ ਗੁਰੂ ਵਜੋਂ ਜ਼ਿੰਮੇਵਾਰੀ ਸੰਭਾਲ ਲਈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ 1706 ਵਿਚ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਦਰਜ ਕੀਤੀ ਗਈ। ਉਹਨਾਂ ਦੇ ਗੁਰੂ ਗ੍ਰੰਥ ਸਾਹਿਬ ਵਿਚ 59 ਪਦੇ (15 ਰਾਗਾਂ ਵਿਚ) ਅਤੇ 57 ਸਲੋਕ ਦਰਜ ਹਨ ਕਿ ਇਹ ਰਚਨਾ ਪ੍ਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿਚ ਉਹ ਆਪ ਹੀ ਵੱਸਦਾ ਹੈ।



ਆਪ ਜੀ ਦੀ ਬਾਣੀ ਦੁਨਿਆਵੀ ਮਾਇਆ ਨਾਲੋਂ ਤੋੜ ਕੇ ਨਾਮ ਨਾਲ ਜੋੜਦੀ ਹੈ।

ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ- ਹੇ ਭਾਈ! ਪ੍ਰਮਾਤਮਾ ਨੂੰ ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ? ਪ੍ਰਮਾਤਮਾ ਸਭ ਵਿਚ ਵੱਸਣ ਵਾਲਾ ਹੈ। ਸਦਾ ਨਿਰਲੇਪ ਰਹਿੰਦਾ ਹੈ। ਉਹ ਪ੍ਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ। -ਅੰਗ 684

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥ ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੇ ਸੋ ਹੋਇ॥

ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਲਈ ਅਨੇਕਾਂ ਯਤਨ ਕਰਦਾ ਰਹਿੰਦਾ ਹੈ। ਹੇ ਨਾਨਕ! ਆਖ- ਹੇ ਮਨ! ਜੋ ਕੁਝ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹੀ ਹੁੰਦਾ ਹੈ। ਸੁੱਖ ਭੀ ਤਦੇ ਹੀ ਮਿਲਦਾ ਹੈ, ਜਦੋਂ ਪ੍ਰਭੂ ਦੀ ਰਜ਼ਾ ਹੋਵੇ। ਅੰਗ- 1428

ਮਨੁ ਆਇਆ ਮੈਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ॥ ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉ ਨੇ ਨਾਮੁ॥

ਮਨ ਮਾਇਆ ਵਿਚ ਲੁਪਤ ਰਹਿੰਦਾ ਹੈ। ਮਨੁੱਖ ਨੂੰ ਉਸ ਪ੍ਰਭੂ ਦਾ ਨਾਮ ਭੁੱਲ ਗਿਆ ਹੈ। ਹੇ ਨਾਨਕ! ਪ੍ਰਭੂ ਦੀ ਭਗਤੀ ਤੋਂ ਬਿਨਾਂ ਇਹ ਜੀਵਨ ਕਿਸ ਕੰਮ ਦਾ ਹੈ। ਅੰਗ 1427-28

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ॥ ਕਰਿ ਪਰਪੰਚੁ ਜਗਤ ਕਉ ਡਹਕੇ ਅਪਨੋ ਉਦਰੁ ਭਰੇ।
ਅੰਗ 536

ਹੇ ਭਾਈ! ਮਾਇਆ ਦੇ ਨਸ਼ੇ ਵਿਚ ਇਹ ਮਨ ਝੱਲਾ ਹੋਇਆ ਪਿਆ ਹੈ। ਕਦੇ ਇਹ ਪ੍ਰਮਾਤਮਾ ਦੀ ਸਿਫਤ-ਸਲਾਹ ਦੀ ਬਾਣੀ ਨਹੀਂ ਉਚਾਰਦਾ, ਵਿਖਾਵਾ ਕਰਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ।

### 27 ਨਵੰਬਰ ਬਰਸੀ 'ਤੇ

# ਗੁਰੂ ਨਾਨਕ ਦਰਬਾਰ ਵਿਚ ਕੀਰਤਨ ਦਾ ਮੁੱਢ ਬੰਨ੍ਹਣ ਵਾਲੇ ਭਾਈ ਮਰਦਾਨਾ ਜੀ

ਸਿੱਖ ਇਤਿਹਾਸ ਵਿਚ ਜਿਥੇ ਸ੍ਰੀ ਗੁਰੁ ਨਾਨਕ ਦੇਵ ਜੀ ਦਾ ਨਾਮ ਬੜੀ ਹੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਨਾਲ ਲਿਆ ਜਾਂਦਾ ਹੈ ਉਥੇ ਭਾਈ ਮਰਦਾਨਾ ਜੀ ਦਾ ਨਾਂ ਵੀ ਬਹੁਤ ਹੀ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਹੈ। ਧਰਤ ਲੋਕਈ ਨੂੰ ਸੋਧਣ ਹਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਕਈ ਮੀਲ ਬਿਖਰਿਆਂ ਪੈਂਡਿਆਂ ਦਾ ਸਫਰ ਤਹਿ ਕੀਤਾ ਹੈ। ਇਸ ਸਫਰ ਵਿਚ ਬਾਬੇ ਦਾ ਡੱਟਵਾਂ ਸਾਥ ਦੇਣ ਵਾਲਿਆਂ ਵਿੱਚ ਭਾਈ ਮਰਦਾਨਾ ਜੀ ਦਾ ਨਾਮ ਉੱਭਰਵੇਂ ਰੂਪ ਵਿੱਚ ਲਿਆ ਜਾਂਦਾ ਹੈ।

ਰਮੇਸ਼ ਬੱਗਾ ਚੋਹਲਾ
91-94631-32719

ਭਾਈ ਮਰਦਾਨਾ ਜੀ ਜਿਨ੍ਹਾਂ ਦਾ ਪਹਿਲਾ ਨਾਮ ਭਾਈ 'ਦਾਨਾ' ਸੀ, ਦਾ ਜਨਮ 6 ਫਰਵਰੀ 1459 ਈ.ਨੂੰ ਪਿੰਡ ਤਲਵੰਡੀ(ਰਾਏ ਭੋਏ ਦੀ) ਦੇ ਵਸਨੀਕ ਚੌਂਭੜ ਜਾਤ ਦੇ ਮਿਰਾਸੀ ਮੀਰ ਬਾਦਰੇ ਅਤੇ ਮਾਤਾ ਲੱਖੋ ਜੀ ਦੇ ਘਰ ਹੋਇਆ। ਉਮਰ ਪੱਖੋਂ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਲੱਗਭਗ ਸਵਾ 10 ਸਾਲ ਵੱਡੇ ਸਨ।ਮਿਰਾਸੀਆਂ ਦੇ ਘਰ ਦੀ ਪੈਦਾਇਸ਼ ਹੋਣ ਕਰਕੇ ਸੰਗੀਤ ਉਨ੍ਹਾਂ ਦੀ ਵਿਰਾਸਤੀ ਦਾਤ ਸੀ।

ਭਾਈ ਮਰਦਾਨਾ ਜੀ ਦੀ ਜੋਟੀ ਗੁਰੁ ਨਾਨਕ ਦੇਵ ਜੀ ਨਾਲ ਛੋਟੀ ਉਮਰ ਵਿੱਚ ਪੈ ਗਈ ਸੀ ਜੋ ਗੁਰੁ ਸਾਹਿਬ ਵੱਲੋਂ ਮਿਲੇ ਰੱਜਵੇਂ ਪਿਆਰ ਅਤੇ ਸਤਿਕਾਰ ਕਾਰਣ ਆਖ਼ਰੀ ਦਮ ਤੱਕ ਨਿਭਦੀ ਰਹੀ। ਇਹ ਜੋਟੀ ਜਿੱਥੇ 'ਨਾਨਕੁ ਤਿਨ ਕੈ ਸੰਗਿ ਸਾਥਿ'ਵਰਗੀ ਭਰਾਤਰੀਭਾਵ ਵਾਲੀ ਅਤੇ ਨਿਮਾਣਿਆਂ ਨੂੰ ਮਾਣ ਬਖਸ਼ਣ ਵਾਲੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਹੈ,ਉਥੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਵੀ ਪਕਿਆਈ ਬਖ਼ਸ਼ਦੀ ਹੈ। ਭਾਈ ਸਾਹਿਬ ਜਿਥੇ ਇੱਕ ਉੱਚਕੋਟੀ ਦੇ ਸੰਗੀਤਕਾਰ ਸਨ ਉਥੇ ਗੁਰੁ ਸਾਹਿਬ ਦੇ ਸੱਚੇ ਤੇ ਪੱਕੇ ਮਿੱਤਰ ਵੀ ਸਨ।

ਸੁੱਖ-ਦੁੱਖ ਦੇ ਭਾਈਵਾਲ ਹੋਣ ਦੇ ਨਾਲ-ਨਾਲ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਵਾਨਿਤ ਪ੍ਰਚਾਰਕ ਵੀ ਸਨ, ਜਿਨ੍ਹਾਂ ਨੂੰ ਗੁਰੂ ਜੀ ਵੱਲੋਂ ਕੁੱਝ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਇਨ੍ਹਾਂ ਅਧਿਕਾਰਾਂ ਦੀ ਵਰਤੋਂ ਉਹ ਗੁਰੁ ਨਾਨਕ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕਰਦੇ ਸਨ। ਭਾਈ ਸਾਹਿਬ ਦੇ ਇਸ ਉਪਰਾਲੇ ਨੇ ਬਹੁਤ ਸਾਰੇ ਜਗਿਆਸੂਆਂ ਨੂੰ ਸਿੱਖੀ ਦੇ ਲੜ ਲਾਇਆ ਜਿਨ੍ਹਾਂ ਵਿੱਚ ਭਾਈ ਨੀਰੂ ਦਾ ਨਾਮ ਵਰਨਣਯੋਗ ਹੈ।



ਭਾਈ ਮਰਦਾਨਾ ਜੀ ਦਾ ਇਹ ਵੀ ਇੱਕ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਸ੍ਰੀ ਗੁਰੁ ਨਾਨਕ ਸਾਹਿਬ ਦਾ ਵਡੇਰਾ ਅਤੇ ਲੰਮੇਰਾ (ਲੱਗਭਗ ਛੇ ਦਹਾਕੇ) ਸਾਥ ਪ੍ਰਾਪਤ ਹੋਇਆ ਹੈ। ਇਸ ਸਾਥ ਸਦਕਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਦੇਸ-ਵਿਦੇਸ਼ ਦਾ ਲੱਗਭਗ 40000 ਕਿਲੋਮੀਟਰ (ਚਾਰ ਉਦਾਸੀਆਂ) ਦਾ ਸਫਰ ਤਹਿ ਕੀਤਾ ਹੈ। ਇਸ ਸਫਰ ਦੌਰਾਨ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਬਿਰਤੀ ਅਕਾਲ ਪੁਰਖ ਨਾਲ ਜੁੜਦੀ ਤਾਂ ਉਹ ਭਾਈ ਸਾਹਿਬ ਨੂੰ ਸੰਬੋਧਿਤ ਹੋ ਕੇ ਆਖਦੇ ਉਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ''। ਤੇ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਪਾ ਕੇ ਰਬਾਬ ਦੀਆਂ ਤਾਰਾਂ ਛੇੜ ਦਿੰਦੇ। ਜਿਥੇ ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ 19 ਰਾਗਾਂ ਵਿਚ ਪਰੋ ਕੇ ਗਾਉਣ ਦਾ ਸ਼ਰਫ ਹਾਸਲ ਹੈ ਉਥੇ ਨਾਲ ਹੀ ਉਨ੍ਹਾਂ ਨੂੰ ਗੁਰੂ ਘਰ ਦੇ ਪਹਿਲੇ ਕੀਰਤਨੀਏ ਹੋਣ ਦਾ ਮਾਣ ਵੀ ਮਿਲਦਾ ਹੈ। ਇਹ ਮਾਣ-ਸਤਿਕਾਰ ਭਾਈ ਮਰਦਾਨਾ ਜੀ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਦੀਆਂ ਕਈ ਪੀੜ੍ਹੀਆਂ ਤੱਕ ਬਣਿਆ ਆ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਪੰਜਵੀਂ (ਸ੍ਰੀ ਗੁਰੁ ਅਰਜਨ ਦੇਵ ਜੀ) ਅਤੇ ਛੇਵੀਂ (ਸ੍ਰੀ ਗੁਰੂ ਹਰਗੋਬਿੰਦ ਜੀ) ਜੋਤ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਰਬਾਬੀ ਵੀ ਇਸੇ ਹੀ ਖਾਨਦਾਨ ਨਾਲ ਸਬੰਧਤ ਸਨ। ਭਾਈ ਲਾਲ ਜੀ ਅਤੇ ਭਾਈ ਸ਼ਾਦ ਜੀ ਦਾ ਨਾਮਵਰ ਕੀਰਤਨੀ ਜਥਾ ਵੀ ਇਸ ਹੀ ਘਰਾਣੇ ਨਾਲ ਜੁੜਿਆ ਹੋਇਆ ਹੈ।

ਜਗਤ ਜਲੰਦੇ ਨੂੰ ਤਾਰਦੇ ਹੋਏ ਜਦੋਂ ਸ਼੍ਰੀ ਗੁਰੁ ਨਾਨਕ ਦੇਵ ਜੀ (ਆਪਣੀ ਚੌਥੀ ਉਦਾਸੀ ਸਮੇਂ) ਅਫਗਾਨਿਸਤਾਨ ਦੇ ਨਗਰ ਖੁਰਮ ਵਿਖੇ ਪਹੁੰਚੇ ਤਾਂ ਭਾਈ ਮਰਦਾਨਾ ਜੀ ਨੂੰ ਅਕਾਲ-ਪੁਰਖ ਦਾ ਸਦੀਵੀ ਸੱਦਾ ਆ ਗਿਆ। ਇਸ ਮੌਕੇ ਉਨ੍ਹਾਂ ਨੇ ਆਪਣੇ ਸੱਚੇ ਸਾਥੀ ਸ਼੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਅਲਵਿਦਾ ਲੈਣੀ ਚਾਹੀ। ਗੁਰੂ ਸਾਹਿਬ ਨੇ ਕਰਤਾਰ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਭਾਈ ਸਾਹਿਬ ਨੂੰ ਗਲ ਨਾਲ ਲਿਆ ਅਤੇ ਬਚਨ ਕੀਤਾ ਕਿ, ਉਮਰਦਾਨਿਆਂ ਜੇ ਤੇਰਾ ਚਿਤ ਹੋਵੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗੂ ਪਾਣੀ ਵਿਚ ਸੁਟ ਦਿਆਂ, ਖੱਤਰੀ ਵਾਂਗੂੰ ਸਾੜ ਦਿਆਂ, ਵੈਸ਼ ਵਾਂਗੂੰ ਹਵਾ ਵਿਚ ਉਡਾ ਦਿਆਂ ਜਾਂ ਫਿਰ ਮੁਸਲਮਾਨਾਂ ਵਾਂਗ ਧਰਤੀ ਦੇ ਹਵਾਲੇ ਕਰ ਦਿਆਂ''। ਬਾਬੇ ਦੇ ਬਚਨਾਂ ਦਾ ਜਵਾਬ ਦਿੰਦਿਆ ਭਾਈ ਮਰਦਾਨੇ ਨੇ ਕਿਹਾ, ਉਵਾਹ, ਬਾਬਾ ਵਾਹ ਅਜੇ ਵੀ ਸਰੀਰਾਂ ਦੇ ਚਕਰਾਂ ਵਿਚ ਹੀ ਪਾਈ ਜਾਨਾ''।

ਬਾਬਾ ਫਿਰ ਬੋਲਿਆ, ਉਭਾਈ ਮਰਦਾਨਿਆਂ ਜੇ ਤੂੰ ਕਹੇ ਤਾਂ ਤੇਰੀ ਸਮਾਧ ਬਣਾ ਦੇਈਏ''। ਉਸ ਵਕਤ ਭਾਈ ਸਾਹਿਬ ਨੇ ਜੋ ਉੱਤਰ ਦਿੱਤਾ ਉਹ ਬਹੁਤ ਹੀ ਭਾਵਪੂਰਤ ਸੀ, ਉ ਬਾਬਾ! ਬੜੀ ਮੁਸ਼ਕਿਲ ਨਾਲ ਤਾਂ ਸਰੀਰ ਦੀ ਰੂਪੀ ਸਮਾਧ ਵਿਚੋਂ ਬਹਾਰ ਆਉਣ ਲੱਗਾ ਹਾਂ ਹੁਣ ਫਿਰ ਪੱਥਰਾਂ ਦੀ ਸਮਾਧ ਵਿਚ ਪਾਉਣਾ ਚਾਹੁੰਨਾ''।ਆਪਣੇ ਸੱਚੇ ਅਤੇ ਪੱਕੇ ਸਾਥੀ ਸ਼੍ਰੀ ਗੁਰੁ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖੀਰ 27 ਨਵੰਬਰ 1534 ਈ: ਨੂੰ ਭਾਈ ਮਰਦਾਨਾ ਜੀ ਇਸ ਭੋਤਿਕ ਸੰਸਾਰ ਤੋਂ ਰੁਖ਼ਸਾਤ ਪਾ ਗਏ।

ਆਪਣੇ ਸੁੱਖ-ਦੁੱਖ ਦੇ ਭਾਈਵਾਲ ਭਾਈ ਮਰਦਾਨਾ ਜੀ ਨੂੰ ਸ਼੍ਰੀ ਗੁਰੁ ਨਾਨਕ ਦੇਵ ਜੀ ਨੇ ਆਪਣੀ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖਾਕ ਕਰ ਦਿੱਤਾ, ਜਿਥੇ ਅੱਜ ਵੀ ਉਨ੍ਹਾਂ (ਭਾਈ ਸਾਹਿਬ) ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |



**Vinod Kumar Chumber (Chairman) 510-953-9800**



**Ram Lubhaya (President) 408-449-1105**




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ ’ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)



**Naresh Kumar (Secretary) 510-857-4551**



**Sohan Singh Dhanda (Treasurer) 510-200-6649**



















HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK
INS
WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust